ISSN:2231-6930

99

# ਪ੍ਰਵਚਨ



ਅਪ੍ਰੈਲ-ਜੂਨ 2025

ਮੁੱਲ 100 ਰੁਪਏ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 24 ਪੁਸਤਕ ਲੜੀ : 99 ਅਪ੍ਰੈਲ-ਜੂਨ 2025

ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
ਸੰਪਾਦਕ: ਡਾ. ਰਮਿੰਦਰ ਕੌਰ
Mob: 94172-75147

ਸਲਾਹਕਾਰ ਬੋਰਡ
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ
(ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

ਚੰਦਿਆਂ ਦਾ ਵੇਰਵਾ:

| | |
|---|---|
| India | Rs. 100/- Per Issue |
| | Rs.2000 Per 5 Years |
| U.K. | £25 Per Year |
| | £125 Per 5 Years |
| U.S.A./ | $40 Per Year |
| | $160 Per 5 Years. |
| Canada | $ 50 Per Year |
| | $250 Per 5 Years. |

ਅੰਦਰ ਪੜ੍ਹੋ

- ਸੰਪਾਦਕੀ: ਸ਼ੋਸ਼ਲ ਮੀਡੀਆ
  -ਕੁਲਵੰਤ ਸਿੰਘ/2
- ਤਿੰਨ ਗਜ਼ਲਾਂ
  -ਇਕਵਿੰਦਰ ਸਿੰਘ/04
- ਦੋ ਗਜ਼ਲਾਂ/ਬਰਜਿੰਦਰ ਚੌਹਾਨ/06
- ਕਵਿਤਾਵਾਂ:
  ਹਰਸਿਮਰਤ ਕੌਰ/7
  ਰਵਿੰਦਰ ਸਹਿਰਾਅ/12
  ਜਗਦੀਪ ਸਿੱਧੂ/13
- ਉਰਦੂ ਕਹਾਣੀ: ਪਛਤਾਵਾ
  -ਅਫਰਾ ਬੁਖਾਰੀ
  ਅਨੁਵਾਦ: ਸੁਕੀਰਤ/16
- ਕਹਾਣੀ: ਕਿੰਨੇ ਦਸਵੰਧ ਹੋਰ
  -ਹਰਪ੍ਰੀਤ ਸਿੰਘ ਚੰਨੂ/35
- ਕਹਾਣੀ: ਸੁਰਖਰੂ
  -ਲਖਵਿੰਦਰ ਵਿਰਕ/47
- ਪ੍ਰੇਮ ਪ੍ਰਕਾਸ਼, ਕਾਮ ਅਤੇ ਪ੍ਰੇਮ ਸੰਬੰਧਾਂ ਬਾਰੇ ਲਿਖੀ ਕਹਾਣੀ ਤੇ 'ਡੈੱਡ ਲਾਈਨ' ਦੀ ਚੀਰ -ਫਾੜ
  -ਵਰਿਆਮ ਸਿੰਘ ਸੰਧੂ/57
- ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿੱਚ ਮਨੁੱਖੀ ਹੋਂਦ ਦੀ ਪਛਾਣ ਦਾ ਮਸਲਾ
  -ਡਾ. ਪਰਮਜੀਤ ਕੌਰ ਸਿੱਧੂ/64
- 'ਸਵੈ' ਅਤੇ 'ਪਰ': ਪੇਸ਼ਕਾਰੀ ਅਤੇ ਘਾੜਤ
  -ਡਾ. ਹਰਪ੍ਰੀਤ ਕੌਰ/77
- ਮੇਰੇ ਪੁਸਤਕ ਰਖਨੇ 'ਚੋਂ
  -ਜਸ ਮੰਡ/91
- ਸਮਕਾਲੀ ਸਾਹਿਤ ਨੂੰ ਵਾਚਦਿਆਂ
  -ਕੁਲਵੰਤ ਸਿੰਘ ਸੰਧੂ/94

ਟਾਈਟਲ : ਜਸ ਮੰਡ

# ਸੋਸ਼ਲ ਮੀਡੀਆ

ਸੋਸ਼ਲ ਮੀਡੀਆ ਅਜੋਕੇ ਸੰਸਾਰ ਦਾ ਸਭ ਤੋਂ ਪ੍ਰਭਾਵਸ਼ਾਲੀ ਟੂਲ ਹੈ। ਸ਼ਾਇਦ ਹੀ ਕਿਸੇ ਵੀ ਉਮਰ ਦਾ ਵਿਅਕਤੀ ਹੋਵੇ ਜੋ ਇਸ ਤੋਂ ਜਾਣੂੰ ਨਾ ਹੋਵੇ ਜਾਂ ਇਸ ਦਾ ਵਰਤੋਂਕਾਰ ਨਾ ਹੋਵੇ। ਵਿਗਿਆਨ ਦੀਆਂ ਲੱਭਤਾਂ ਨੇ ਮਨੁੱਖ ਨੂੰ ਸਾਧਨ-ਸੰਪੰਨ ਬਣਾਇਆ ਹੈ ਤੇ ਜ਼ਿੰਦਗੀ ਨੂੰ ਸੁਖੈਨ ਵੀ। ਲੋਕਾਂ ਤੱਕ ਸਭ ਤੋਂ ਜਲਦੀ ਪਹੁੰਚਣ ਦਾ ਸਾਧਨ ਹੋਣ ਕਰਕੇ ਰਾਜਨੀਤਿਕ ਪਾਰਟੀਆਂ ਤੋਂ ਲੈ ਵਪਾਰਕ ਸੰਸਥਾਵਾਂ ਤਕ, ਹਰ ਸੰਸਥਾ ਇਸ ਨੂੰ ਆਪਣੇ-ਆਪਣੇ ਹਿਤਾਂ ਲਈ ਵਰਤ ਰਹੀ ਹੈ। ਸੁਭਾਵਿਕ ਹੈ ਜਿਸ ਦੀ ਏਨੀ ਵਿਆਪਕ ਵਰਤੋਂ ਹੋ ਰਹੀ ਹੋਵੇ, ਉਸ ਬਾਰੇ ਚਰਚਾ ਵੀ ਕੀਤੀ ਜਾਣੀ ਚਾਹੀਦੀ ਹੈ। ਆਮ ਲੋਕਾਂ ਨੂੰ ਪਹਿਲੀ ਵਾਰ ਇਸ ਦੀ ਪਹੁੰਚ ਦਾ ਅੰਦਾਜ਼ਾ ਬੀਤੇ ਸਾਲਾਂ ਵਿਚ ਚਲੇ ਕਿਸਾਨੀ ਸੰਘਰਸ਼ ਦੌਰਾਨ ਹੋਇਆ, ਉਸ ਵੇਲੇ ਦੇ ਟੀ.ਵੀ. ਚੈਨਲ ਤੇ ਮੀਡੀਆ, ਜੋ ਸਾਰਾ ਹੀ ਕਾਰਪੋਰੇਟ ਘਰਾਣਿਆਂ ਦੀ ਮਲਕੀਅਤ ਹੋਣ ਕਰਕੇ ਸਰਕਾਰ ਦੇ ਪ੍ਰਵਚਨ ਨੂੰ ਹੀ ਉਭਾਰ ਰਿਹਾ ਸੀ। ਇਸ ਸੰਘਰਸ਼ ਵਿਚ ਸਭ ਤੋਂ ਵਧੇਰੇ ਸ਼ਮੂਲੀਅਤ ਤੇ ਲੀਡਿੰਗ ਰੋਲ ਪੰਜਾਬ ਦੀ ਕਿਸਾਨੀ ਦਾ ਸੀ। ਇਸ ਨੂੰ ਕਦੇ ਖਾਲਿਸਤਾਨ ਪੱਖੀ, ਕਦੇ ਦੇਸ਼ ਵਿਰੋਧੀ ਤੇ ਦੂਸਰੇ ਮੁਲਕਾਂ ਦੇ ਹੱਥਾਂ ਵਿਚ ਖੇਡ ਰਹੀ ਰਾਜਨੀਤੀ ਦੇ ਰੂਪ ਵਿਚ ਪ੍ਰਚਾਰਿਆ ਪ੍ਰਸਾਰਿਆ ਗਿਆ। ਪਰ ਜਦੋਂ ਹੀ ਕੁਝ ਇਕ ਪੱਤਰਕਾਰ/ਸੋਸ਼ਲ ਮੀਡੀਆ ਚੈਨਲਜ਼ ਤੇ ਤਕਨੀਕੀ ਤੇ ਵਿਦਿਅਕ ਮੁਹਾਰਤ ਵਾਲੀ ਕਿਸਾਨੀ ਦੀ ਨਵੀਂ ਪੀੜ੍ਹੀ ਵੱਲੋਂ ਸਮਾਨਾਂਤਰ ਸੋਸ਼ਲ ਮੀਡੀਏ ਨੂੰ ਆਪਣੀ ਗੱਲ ਲੋਕਾਂ ਤਕ ਪੁਚਾਉਣ ਲਈ ਵਿਆਪਕ ਰੂਪ ਵਿਚ ਵਰਤਿਆ ਜਾਣ ਲੱਗਾ ਤਾਂ ਇਸ ਸਾਹਮਣੇ ਵੱਡੇ ਪੱਤਰਕਾਰ ਤੇ ਚੈਨਲ ਕਿਤੇ ਵੀ ਠਹਿਰ ਨਾ ਸਕੇ, ਲੋਕਾਂ ਨੇ ਇਨ੍ਹਾਂ ਨੂੰ ਰੋਕ-ਰੋਕ ਕੇ ਸਵਾਲ ਪੁੱਛਣੇ ਸ਼ੁਰੂ ਕੀਤੇ ਤੇ ਸ਼ਰਮਿੰਦਾ ਕਰਨਾ ਸ਼ੁਰੂ ਕੀਤਾ। ਇਨ੍ਹਾਂ ਕੋਲ ਆਪਣੇ ਹੀ ਉਸਾਰੇ ਬਿਰਤਾਂਤ ਨੂੰ ਸਹੀ ਸਿੱਧ ਕਰ ਸਕਣ ਦੀ ਕੋਈ ਦਲੀਲ ਨਹੀਂ ਸੀ। ਇਸ ਸੰਘਰਸ਼ ਵਿਚ ਸੋਸ਼ਲ ਮੀਡੀਏ ਦੀ ਸੁਚੱਜੀ ਵਰਤੋਂ ਨੇ ਇਸਦੀ ਤਾਕਤ ਤੇ ਵਿਆਪਕ ਪਹੁੰਚ ਨੂੰ ਸਹੀ ਅਰਥਾਂ ਵਿਚ ਸਥਾਪਿਤ ਕੀਤਾ ਤੇ ਵੱਡੀ ਗਿਣਤੀ ਨੂੰ ਆਪਣੇ ਨਾਲ ਜੋੜਿਆ। ਸਰਕਾਰ ਨੇ ਕਦੇ ਇੰਟਰਨੈੱਟ ਬੰਦ ਕਰਨ ਤੇ ਕਈ ਕੋਈ ਹੋਰ ਹਰਬਾ ਵਰਤ ਕੇ ਇਸ ਨੂੰ ਲੋਕਾਈ ਤਕ ਪਹੁੰਚ ਕਰਨ ਤੋਂ ਰੋਕਣ ਦੇ ਯਤਨ ਕੀਤੇ, ਪਰ ਕਾਮਯਾਬੀ ਨਾ ਮਿਲ ਸਕੀ।

ਸੋਸ਼ਲ ਮੀਡੀਆ ਦੇ ਯੁੱਗ ਵਿਚ ਸਭ ਤੋਂ ਹਾਸੋਹੀਣੀ ਸਥਿਤੀ ਰਾਜਨੀਤਿਕ ਲੋਕਾਂ ਦੀ ਬਣਦੀ ਨਜ਼ਰ ਆਉਂਦੀ ਹੈ, ਜਦੋਂ ਇਹ ਸੱਤਾ ਵਿਚ



ਆਉਣ ਲਈ ਝੂਠੇ ਵਾਅਦੇ ਕਰਦੇ ਹਨ ਤੇ ਫਿਰ ਸੱਤਾ ਹਾਸਲ ਕਰਨ ਤੋਂ ਬਾਅਦ ਵਾਅਦਿਆਂ ਦੇ ਬਿਲਕੁੱਲ ਉਲਟ ਵਿਹਾਰ ਕਰਦੇ ਹਨ ਤਾਂ ਵਾਅਦਿਆਂ ਵਾਲੀਆਂ ਵੀਡੀਓ/ ਭਾਸ਼ਣ ਸਾਹਮਣੇ ਆਉਣ ਤੇ ਅੰਦਰੋਂ ਸ਼ਰਮਿੰਦੇ ਤਾਂ ਜ਼ਰੂਰ ਹੀ ਹੁੰਦੇ ਹੋਣਗੇ।

ਸੋਸ਼ਲ ਮੀਡੀਏ ਦੇ ਪ੍ਰਸੰਗ ਵਿਚ ਸਭ ਤੋਂ ਵੱਡੀ ਦਿੱਕਤ ਇਸ ਵਿਚ ਪੇਸ਼ ਸੂਚਨਾਵਾਂ ਦੀ ਪ੍ਰਮਾਣਿਕਤਾ ਦੀ ਹੈ। ਕਿਉਂਕਿ ਇਸ ਦੇ ਬਹੁਤੇ ਵਰਤੋਂਕਾਰ ਇਹ ਮੰਨ ਕੇ ਚਲਦੇ ਹਨ ਕਿ ਇਸ ’ਤੇ ਮਿਲਣ ਵਾਲੀ ਹਰ ਸੂਚਨਾ ਠੀਕ ਹੋਵੇਗੀ, ਪਰ ਅਜੇਹਾ ਹੁੰਦਾ ਨਹੀਂ, ਕਿਉਂਕਿ ਇਨ੍ਹਾਂ ਦੇ ਮਾਲਕਾਂ ਦੇ ਵੀ ਬਹੁਤ ਜ਼ਿਆਦਾ ਆਰਥਿਕ ਹਿਤ ਤੇ ਨਿਵੇਸ਼ ਇਸ ਨਾਲ ਜੁੜੇ ਹੁੰਦੇ ਹਨ ਤੇ ਨਿਸ਼ਚੇ ਹੀ ਰਾਜਨੀਤਿਕ ਹਿਤ ਵੀ। ਇਸ ਲਈ ਇੱਥੇ ਪਰੋਸੀ ਜਾਣ ਵਾਲੀ ਹਰ ਸੂਚਨਾ ਮਹਿਜ਼ ਸੂਚਨਾ ਨਹੀਂ ਹੁੰਦੀ, ਸਗੋਂ ਇਸ ਤੋਂ ਕਿਤੇ ਵਧੇਰੇ ਕੁਝ ਹੋਰ ਵੀ ਹੁੰਦੀ ਹੈ, ਪਰ ਇਸਦੀ ਵਰਤੋਂ ਕਰਨ ਵਾਲੇ ਵਧੇਰੇ ਲੋਕ ਸ਼ਾਇਦ ਇਸ ਪ੍ਰਤੀ ਸੁਚੇਤ ਨਹੀਂ ਹੁੰਦੇ, ਇਸ ਲਈ ਇੱਥੇ ਭੰਡਾਰ ਕੀਤੀ ਗਈ ਹਰ ਸੂਚਨਾ ਅੱਖਾਂ ਮੀਟ ਕੇ ਵਿਸ਼ਵਾਸ ਕਰਨਯੋਗ ਨਹੀਂ ਹੁੰਦੀ।

ਅਜੋਕੇ ਦੌਰ ਦੀ ਮਸਨੂਈ ਬੁੱਧੀਮਤਾ ਨੇ ਇਸ ਨੂੰ ਹੋਰ ਵੀ ਉਲਝਣ ਭਰਿਆ ਬਣਾ ਦਿੱਤਾ ਹੈ। ਇਸ ਦੀ ਵਰਤੋਂ ਕਿਸੇ ਵੀ ਤਰ੍ਹਾਂ ਕੀਤੀ ਜਾ ਸਕਦੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਆਉਣ ਵਾਲੇ ਸਮਿਆਂ ਵਿਚ ਅਧਿਆਪਕਾਂ, ਵਕੀਲਾਂ ਤੇ ਡਾਕਟਰਾਂ ਦੀ ਜ਼ਰੂਰਤ ਹੀ ਨਹੀਂ ਰਹੇਗੀ। ਇਹ ਸਾਰਾ ਕੁਝ ਇਹ ਮਸ਼ੀਨੀ ਦਿਮਾਗ ਸਾਂਭ ਲਵੇਗਾ। ਇਸ ਦੇ ਸਮਾਜ ’ਤੇ ਕੀ ਪ੍ਰਭਾਵ ਪੈਣਗੇ ਤੇ ਇਸ ਮਸ਼ੀਨੀ ਦਿਮਾਗ ਦਾ ਉਸਾਰਿਆ ਮਨੁੱਖ ਕਿਹੋ-ਜਿਹਾ ਬਣੇਗਾ, ਇਹ ਤਾਂ ਅਜੇ ਭਵਿੱਖ ਦੇ ਗਰਭ ਵਿਚ ਹੈ, ਪਰ ਕੀ ਅਧਿਆਪਕ ਸਿਰਫ਼ ਸਿਲੇਬਸ ਪੜ੍ਹਾਉਣ ਵਾਲਾ ਟੂਲ ਮਾਤਰ ਹੀ ਹੁੰਦਾ ਹੈ? ਜਾਂ ਉਸ ਨੂੰ ਇਸ ਤਰ੍ਹਾਂ ਦਾ ਸਮਝਿਆ ਜਾ ਰਿਹਾ ਹੈ। ਇਸੇ ਤਰ੍ਹਾਂ ਬਾਕੀ ਕਿੱਤਿਆਂ ਦੇ ਪ੍ਰਸੰਗ ਵਿਚ ਵੀ ਇਹੀ ਕੁਝ ਕਿਹਾ ਜਾ ਸਕਦਾ ਹੈ। ਸਾਡੇ ਖ਼ਿਆਲ ’ਚ ਇਹ ਜਿੰਨੀ ਮਰਜ਼ੀ ਵਿਕਸਿਤ ਹੋ ਜਾਵੇ, ਸਮੁੱਚੇ ਮਨੁੱਖ ਦਾ ਬਦਲ ਕਦੇ ਨਹੀਂ ਹੋ ਸਕਦੀ, ਹਾਂ, ਮਨੁੱਖੀ ਜ਼ਿੰਦਗੀ ਨੂੰ ਵਧੇਰੇ ਚੰਗਾ ਬਨਾਉਣ ਦਾ ਸਾਧਨ ਜ਼ਰੂਰ ਹੋ ਸਕਦੀ ਹੈ। ਅਜੋਕੇ ਦੌਰ ਵਿਚ ਤਕਨੀਕ ਨੂੰ ਰੱਦ ਕਰਕੇ, ਇਸ ਤੋਂ ਮੂੰਹ ਮੋੜਕੇ ਰਹਿ ਸਕਣਾ ਸੰਭਵ ਨਹੀਂ, ਪਰ ਇਸ ਦੀ ਵਰਤੋਂ ਤੇ ਇਸ ਦੀ ਸਮਝ ਜ਼ਰੂਰੀ ਹੈ, ਕਿਉਂਕਿ ਤਕਨੀਕ ਨਿਰੋਲ ਤਕਨੀਕ ਹੀ ਨਹੀਂ ਹੁੰਦੀ, ਸਗੋਂ ਮਾਨਵੀ ਮਾਨਸਿਕਤਾ ਨੂੰ ਅਨੁਕੂਲਨ ਦਾ ਸਾਧਨ ਵੀ ਹੁੰਦੀ ਹੈ, ਜਿਸ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ।

## ਤਿੰਨ ਗ਼ਜ਼ਲਾਂ/ਇਕਵਿੰਦਰ ਸਿੰਘ

ਹਜ਼ਾਰਾਂ ਪਿਆਰ ਨੂੰ ਤਰਸਣ।
ਤੇਰੇ ਦੀਦਾਰ ਨੂੰ ਤਰਸਣ।

ਜਿਨ੍ਹਾਂ ਦੀ ਜਿੱਤ ਮੈਂ ਲੋਚਾਂ,
ਉਹ ਮੇਰੀ ਹਾਰ ਨੂੰ ਤਰਸਣ।

ਮੇਰੇ ਗ਼ਮ ਭਟਕਦੇ ਹੋਏ,
ਕਿਸੇ ਗ਼ਮਖ਼ਾਰ ਨੂੰ ਤਰਸਣ।

ਇਹ ਸਭ ਪਰਵਾਸੀਆਂ ਦੇ ਘਰ,
ਗਏ ਪਰਿਵਾਰ ਨੂੰ ਤਰਸਣ।

ਹਜ਼ਾਰਾਂ ਸ਼ਿਅਰ 'ਇਕਵਿੰਦਰ',
ਗ਼ਜ਼ਲ-ਦਰਬਾਰ ਨੂੰ ਤਰਸਣ।

ਹਜ਼ਾਰਾਂ ਨੈਣ 'ਇਕਵਿੰਦਰ',
ਤੇਰੇ ਦੀਦਾਰ ਨੂੰ ਤਰਸਣ।

✲✲✲

ਜੇਕਰ ਸਾਫ਼ ਹੈ ਹਿਰਦਾ ਤੇਰਾ।
ਸਾਰਾ ਹੀ ਚੌਗਿਰਦਾ ਤੇਰਾ।

ਉਹ ਬੇਗਾਨਾ ਹੋਇਆ ਕਿੱਦਾਂ?
ਜੋ ਆਪਣਾ ਸੀ ਚਿਰਦਾ ਤੇਰਾ।

ਤਨ ਤਾਂ ਤੇਰਾ ਪਾਸ ਹੈ ਮੇਰੇ,
ਹੋਰ ਜਗ੍ਹਾ ਦਿਲ ਫਿਰਦਾ ਤੇਰਾ।

ਦੇਖ ਵਕਤ ਦੀ ਮੁੱਠੀ ਵਿੱਚੋਂ,
ਜਾਂਦਾ ਪਲ-ਪਲ ਕਿਰਦਾ ਤੇਰਾ।



ਖ਼ੁਦ ਤਾਂ ਇਤਰ-ਫੁਲੇਲਾਂ ਲਾਉਂਦੈਂ,
ਪ੍ਰਦੂਸ਼ਿਤ ਚੌਗਿਰਦਾ ਤੇਰਾ।

ਇਹ ਪਗੜੀ ਨਈਂ ਮਹਿਜ਼ ਹੈ ਕੱਪੜਾ,
ਇਹ ਤਾਂ ਤਾਜ ਹੈ ਤੇਰੇ ਸਿਰ ਦਾ।

ਇੱਕ ਦੀਵਾਨਾ ਤੇਰੀ ਗਲ਼ੀ ਵਿੱਚ,
ਘਰ ਲੱਭਦਾ ਹੈ ਚਿਰ ਦਾ ਤੇਰਾ।

ਬੰਦਿਆ ਸੋਚ ਕਿ ਨਿਸ ਦਿਨ ਕਾਹਤੋਂ?
ਹੁਣ ਕਿਰਦਾਰ ਹੈ ਕਿਰਦਾ ਤੇਰਾ।

ਮਹਿਫ਼ਲ ਵਿੱਚ ਆ ਜਾ 'ਇਕਵਿੰਦਰ',
ਜ਼ਿਕਰ ਹੋ ਰਿਹਾ ਚਿਰ ਦਾ ਤੇਰਾ।

✲✲✲

ਜੇ ਤੂੰ ਬਣ ਕੇ ਮੇਰਾ ਰਹਿੰਦਾ।
ਸਾਰਾ ਆਲਮ ਤੇਰਾ ਰਹਿੰਦਾ।

ਆਖ ਗਏ ਨੇ ਸੱਚ ਸਿਆਣੇ,
ਦੀਵੇ ਹੇਠ ਹਨੇਰਾ ਰਹਿੰਦਾ।

ਰੋਜ਼ ਹੀ ਪੁੱਛਦਾ ਹੈ ਪਰਛਾਵਾਂ,
ਕਿੰਨਾ ਪੈਂਡਾ ਤੇਰਾ ਰਹਿੰਦਾ?

ਪਿਆਰ ਦੇ ਦੀਵੇ ਬਾਲ਼ੋ ਰਲ਼ ਕੇ,
ਹਾਲੇ ਬਹੁਤ ਹਨੇਰਾ ਰਹਿੰਦਾ।

ਜੋ ਕਰਨਾ ਤੂੰ ਛੇਤੀ ਕਰ ਲੈ,
ਸੋਚ ਨਾ ਵਕਤ ਬਥੇਰਾ ਰਹਿੰਦਾ।

ਚੱਲ ਵਤਨਾਂ ਵੱਲ ਚੱਲ 'ਇਕਵਿੰਦਰ',
ਉੱਧਰ ਕੋਈ ਮੇਰਾ ਰਹਿੰਦਾ।

✲✲✲

## ਦੋ ਗ਼ਜ਼ਲਾਂ/ਬਰਜਿੰਦਰ ਚੌਹਾਨ

1.

ਹੌਲ਼ੀ ਹੌਲ਼ੀ ਹਾਲ ਇਸ ਦਾ ਏਨਾ ਖ਼ਸਤਾ ਹੋ ਗਿਆ
ਆਦਮੀ ਦੁਨੀਆ ਦੀ ਹਰ ਇਕ ਸ਼ੈਅ ਤੋਂ ਸਸਤਾ ਹੋ ਗਿਆ

ਇਹ ਵੀ ਹਿੱਸਾ ਸੀ ਕਦੇ ਇਕ ਬਿਰਖ ਦਾ, ਪਰ ਕੀ ਪਤਾ
ਕਿਹੜੀ ਮਜਬੂਰੀ 'ਚ ਹੁਣ ਆਰੀ ਦਾ ਦਸਤਾ ਹੋ ਗਿਆ

ਸਭ ਤੋਂ ਪਹਿਲਾਂ ਹਿਜਰ ਨੇ ਰਾਹ ਦੇਖਿਆ ਦਿਲ ਦਾ ਮੇਰੇ
ਫੇਰ ਤਾਂ ਹਰ ਗ਼ਮ ਲਈ ਇਹ ਆਮ ਰਸਤਾ ਹੋ ਗਿਆ

ਅਪਣੇ ਹੀ ਸੁਫ਼ਨੇ ਭਰੀ ਜਾਂਦੇ ਹਾਂ ਇਹਨਾਂ ਵਿਚ ਅਸੀਂ
ਇਸ ਲਈ ਬੋਝਲ ਹਰ ਇਕ ਬੱਚੇ ਦਾ ਬਸਤਾ ਹੋ ਗਿਆ

ਮੈਂ ਜਦੋਂ ਬੈਠਾ ਸੀ ਇਕ ਦੀਵਾਰ ਆਉਂਦੀ ਸੀ ਨਜ਼ਰ
ਤੁਰ ਪਿਆ ਤਾਂ ਸਾਹਮਣੇ ਰੌਸ਼ਨ ਚੁਰਸਤਾ ਹੋ ਗਿਆ

2.

ਸਬਰ ਦੇ ਬਿਨ ਹੋਰ ਚਾਰਾ ਵੀ ਨਹੀਂ
ਸਬਰ ਕਰ ਕੇ ਪਰ ਗੁਜ਼ਾਰਾ ਵੀ ਨਹੀਂ

ਇਸ਼ਤਿਹਾਰਾਂ ਵਿਚ ਤਾਂ ਆਈ ਹੈ ਬਹਾਰ
ਬਾਗ਼ ਵਿਚ ਇਸਦਾ ਇਸ਼ਾਰਾ ਵੀ ਨਹੀਂ

ਹਿਜਰ ਨੇ ਮੈਨੂੰ ਜਿਵੇਂ ਹੈ ਚੀਰਿਆ
ਚੀਰਦਾ ਰੁੱਖਾਂ ਨੂੰ ਆਰਾ ਵੀ ਨਹੀਂ

ਹੋਰ ਦਾਅਵੇਦਾਰ ਨੇ ਮੇਰੇ ਕਈ
ਮੈਂ ਤੇਰੇ ਹਿੱਸੇ 'ਚ ਸਾਰਾ ਵੀ ਨਹੀਂ

ਜ਼ਾਬਤੇ ਹੁੰਦੇ ਨੇ ਨਦੀਆਂ ਵਾਸਤੇ
ਪਿਆਸ ਦਾ ਕੋਈ ਕਿਨਾਰਾ ਵੀ ਨਹੀਂ

ਸਾਫ਼ ਕਰ ਦਿੱਤਾ ਬੜਾ ਕੁਝ ਵਕਤ ਨੇ
ਦਿਲ 'ਚ ਹੁਣ ਬਹੁਤਾ ਖਿਲਾਰਾ ਵੀ ਨਹੀਂ

✲✲✲



## ਕਵਿਤਾਵਾਂ/ਹਰਸਿਮਰਤ ਕੌਰ

### ਢੂੰਡ ਢੂੰਡ ਥੱਕੀ

ਤੈਨੂੰ ਢੂੰਡ ਢੂੰਡ ਮੈਂ ਥੱਕੀ
ਮੰਦਿਰ ਮਸਜਿਦ ਵਿਚ ਮਸੀਤਾਂ
ਐਪਰ ਤੇਰੀ ਥਾਹ ਨਾ ਪਾਈ
ਭਟਕ ਭਟਕ ਕੇ ਸਮਝ ਹੈ ਆਈ।

ਪਰਬਤ ਤੇ ਦਰਿਆਵਾਂ ਦੇ ਵਿੱਚ
ਟਿੱਬੇ ਟੋਏ ਰਾਹਾਂ ਦੇ ਵਿੱਚ
ਹਨੇਰੀਆਂ ਸਿੱਲ੍ਹੀਆਂ ਥਾਵਾਂ ਦੇ ਵਿੱਚ
ਤੀਖਣ ਤੱਤੀਆਂ ਵ੍ਹਾਵਾਂ ਦੇ ਵਿੱਚ
ਤੂੰ ਹੀ ਤੂੰ ਬਸ ਤੂੰ ਹੀ ਤੂੰ।

ਮਾਰੂਥਲ ਦੇ ਕਣ ਕਣ ਵਿੱਚ ਤੂੰ
ਨਖਲਿਸਤਾਨ ਦੇ ਜਲ ਥਲ ਵਿੱਚ ਤੂੰ
ਝਰਨੇ ਦੀ ਕਲ਼ ਕਲ਼ ਦੇ ਵਿੱਚ ਤੂੰ
ਧਰਤ ਹੇਠਲੀ ਹਲ਼ਚਲ ਵਿੱਚ ਤੂੰ
ਠੰਡੀ ਵਾਅ ਦਾ ਬੁੱਲਾ ਤੂੰ ਏਂ
ਝੱਖੜ ਤੇਜ਼ ਹਨ੍ਹੇਰੀ ਤੂੰ ਏਂ
ਤੂੰ ਹੀ ਤੂੰ ਬਸ ਤੂੰ ਹੀ ਤੂੰ।

ਮੋਰਾਂ ਦੀ ਰੁਣਝੁਣ ਵਿੱਚ ਤੂੰ ਏਂ
ਚਿੜੀਆਂ ਦੇ ਕਲਰਵ ਵਿੱਚ ਤੂੰ ਏਂ
ਕੋਇਲ ਦੀ ਕੂ ਕੂ ਵਿੱਚ ਤੂੰ ਏਂ
ਮਿੱਟੀ ਦੀ ਖ਼ੁਸ਼ਬੂ ਵਿੱਚ ਤੂੰ ਏਂ
ਖੂਹ ਦਾ ਮਿੱਠਾ ਪਾਣੀ ਤੂੰ ਏਂ
ਸਾਗਰ ਖਾਰਾ ਤੂੰ ਹੀ ਤੂੰ
ਸੂਰਜ ਚੰਦ ਸਿਤਾਰੇ ਤੂੰ ਏਂ
ਚੋਅ, ਚਰਾਂਦਾਂ ਨਾਲ਼ੇ ਤੂੰ ਹੀ ਤੂੰ
ਅੱਵਲ ਤੂੰ ਏ ਆਖ਼ਿਰ ਤੂੰ ਏਂ
ਤੂੰ ਹੀ ਤੂੰ ਬਸ ਤੂੰ ਹੀ ਤੂੰ ਏਂ

ਇੰਦਰਧਨੁਸ਼ ਦੇ ਰੰਗ ਵਿੱਚ ਤੂੰ ਏਂ
ਮੀਂਹ ਦੀ ਹੁੰਦੀ ਛਮ ਛਮ ਤੂੰ ਏਂ
ਬੱਦਲਾਂ ਦੇ ਫੰਬਿਆਂ ਵਿੱਚ ਤੂੰ ਏਂ
ਫੁੱਲਾਂ ਤੇ ਕੰਡਿਆਂ ਵਿੱਚ ਤੂੰ ਏਂ।
ਪੱਤਝੜ ਵਿੱਚ ਬਹਾਰਾਂ ਵਿੱਚ
ਪੱਥਰਾਂ ਵਿੱਚ ਆਬਸ਼ਾਰਾਂ ਵਿੱਚ
ਨੀਮ ਕਰੇਲਾ ਕੌੜਾ ਤੂੰ ਏਂ
ਮਾਖਿਓਂ ਮਿੱਠਾ ਸ਼ਹਿਦ ਵੀ ਤੂੰ ਏਂ
ਇਮਲੀ ਦੀ ਖਟਾਸ ਵੀ ਤੂੰ ਏਂ
ਗੰਨੇ ਦੀ ਮਿਠਾਸ ਵੀ ਤੂੰ ਏਂ
ਤੂੰ ਹੀ ਤੂੰ ਬਸ ਤੂੰ ਹੀ ਤੂੰ ਏਂ।

ਤਿੱਤਲੀ ਦੇ ਰੰਗਾਂ ਵਿੱਚ ਤੂੰ ਏਂ
ਭੌਰੇ ਦੀ ਘੂੰ ਘੂੰ ਵਿੱਚ ਤੂੰ ਏਂ
ਫੁੱਲਾਂ ਦੀ ਖੁਸ਼ਬੂ ਵਿੱਚ ਤੂੰ ਏਂ
ਨੋਕ ਨਕੀਲ਼ਾ ਕੰਡਾ ਤੂੰ ਏਂ
ਰੂੰ ਦਾ ਪੋਲ਼ਾ ਫੰਬਾ ਤੂੰ ਏਂ
ਜੰਗਲ ਸਾਰਾ ਤੂੰ ਹੀ ਤੂੰ ਏਂ।

ਸੀਪ ਦੇ ਵਿਚਲਾ ਮੋਤੀ ਤੂੰ ਏਂ
ਜਵਾਲਾਮੁਖੀ ਦੀ ਜੋਤੀ ਤੂੰ ਏਂ
ਚੰਦਰ ਦੀ ਚਮਕੋਰ ’ਚ ਤੂੰ ਏਂ
ਸੂਰਜ ਦੀ ਲਿਸ਼ਕੋਰ ’ਚ ਤੂੰ ਏਂ
ਧਰਤੀ ’ਤੇ ਹਰਿਆਵਲ ਤੂੰ ਏਂ
ਨੀਲਾ ਸਾਗਰ ਸਾਰਾ ਤੂੰ ਹੀ ਤੂੰ ਏਂ।

ਅੰਧਿਆਰਾ ਉਜਿਆਰਾ ਤੂੰ ਏਂ
ਅੰਬਰ ਸਾਰਾ ਤੂੰ ਹੀ ਤੂੰ ਏਂ
ਇਕ ਜ਼ੱਰੇ ਦੀ ਹੋਂਦ ਤੋਂ ਲੈ ਕੇ
ਇਹ ਬ੍ਰਹਿਮੰਡ ਪਸਾਰਾ ਤੂੰ ਏਂ
ਤੂੰ ਹੀ ਤੂੰ ਬਸ ਤੂੰ ਹੀ ਤੂੰ ਏਂ
ਨਤਮਸਤਕ ਮੈਂ ਤੈਨੂੰ ਹੋਈ



ਸੁਣ ਲੈ ਸਿਮਰਤ ਦੀ ਅਰਜ਼ੋਈ
ਇੱਕੋ ਹੀ ਵਰ ਤੈਥੋਂ ਪਾਵਾਂ
ਹਰ ਸਾਹ ਤੇਰਾ ਨਾਮ ਧਿਆਵਾਂ

**ਜੇ ਮੈਂ ਨਾ ਜੰਮਾ ਰਾਜਨ**

ਜੇ ਮੈਂ ਨਾ ਜੰਮਾ ਰਾਜਾਨ
ਜੇ ਮੈਂ ਹੋਵਾਂ ਨਿਰਸੰਤਾਨ
ਤਾਂ ਕੀ ਬਾਬਾ ਬਾਂਝ ਕਹੇਂਗਾ
ਜਾਂ ਫਿਰ ਮੰਦੜੇ ਬੋਲ ਕਹੇਂਗਾ,
ਤਾਂ ਹੀਂ ਤਾਂ ਮੇਰੀ ਕੁੱਖ ਵਿੱਚ ਮਰ ਗਈ ਮੇਰੀ ਰਾਜ ਕੁਮਾਰੀ,
ਰਾਜਨ ਰਾਜਨ ਆਸ ਕਰਨ ਸਭ
ਮੀਆਂ, ਭਾਈ, ਪੁਜਾਰੀ

ਜਿਸ ਖ਼ੂਨ ਤੋਂ ਮੈਂ ਰਾਜਨ ਉਪਜਾਂ
ਆਣ ਤੇ ਉਹ ਮਹਾਂਵਾਰੀ
ਵਰਜਿਤ ਹੋ ਜਾਵੇ ਆਮਦ ਮੇਰੀ ਕਹੇ ਮੰਦਿਰ ਖੜ੍ਹਾ ਪੁਜਾਰੀ

ਮੈਂ ਅਪਵਿੱਤਰ ਮੈਂ ਦੂਸ਼ਿਤ ਹਾਂ
ਮੈਂ ਰਾਜਨ ਜੰਮਨ ਹਾਰੀ।

ਮੰਦਿਰ ਦੇ ਏ ਕਰਤਾ ਧਰਤਾ ਇਹ ਕੀ ਤੇਰੇ ਕਾਰੇ,
ਦੇਵਦਾਸੀ ਮੈਂ ਬਣ ਮੰਦਿਰ ’ਚ
ਅਪਣੇ ਦਿਨ ਗੁਜ਼ਾਰੇ।

ਕਿੱਥੇ ਅਪਣੇ ਰੋਣੇ ਰੋਵਾਂ
ਮੰਦਿਰ, ਮਸਜਿਦ ਜਾਂ ਗੁਰਦਵਾਰੇ,
ਜਿੱਥੇ ਸਾਰੇ ਕਾਰ ਵਿਹਾਰ
ਪੁਜਾਰੀ, ਮੀਆਂ, ਭਾਈ ਸਵਾਰੇ।

ਸ਼ਬਦ ਗੁਰੂ ’ਚ ਥਾਂ ਨਾ ਕੋਈ
ਨਿਮਾਣੀ ਹੋਰ ਨਿਮਾਣੀ ਹੋਈ,
ਅਲਾਪ ਸਕਾਂ ਨਾ ਮੈਂ ਰਾਗ ਕੋਈ
ਮੈਂ ਹਾਜ਼ਿਰ ਹੋ ਕੇ ਵੀ
ਗੈਰਹਾਜ਼ਿਰ ਹੋਈ।

ਤੇਰੀ ਅਜ਼ਾਂ ਤੇ ਉੱਠ ਬਹਿੰਦੀ ਹਾਂ
ਕਾਲੇ ਜਾਮੇ 'ਚ ਮੈਂ ਰਹਿੰਦੀ ਹਾਂ
ਨਾ ਮੈਂ ਮਿੱਟੀ ਪਾ ਸਕਾਂ
ਨਾ ਮੈਂ ਹਾਜ਼ਰੀ ਲਾ ਸਕਾਂ
ਵਿੱਛੜੀ ਰੂਹ ਦੇ ਨਾਲ
ਮੀਆਂ, ਮੌਲਵੀ, ਮੁਸਤਫ਼ਾ
ਏਹ ਕੇਹਾ ਮਾਇਆ ਜਾਲ?

ਮੈਂ ਤਾਂ ਹਾਂ ਸਨਮਾਨ ਦੀ ਭੁੱਖੀ
ਰਾਜਕੁਮਾਰੀ ਦੇ ਮਾਣ ਦੀ ਭੁੱਖੀ
ਨਾ ਕੁੱਖ ਵਿੱਚ ਇਸ ਮਾਰੋ ਕੋਈ
ਦਾਜ ਦੇ ਭੂਤ ਨੂੰ ਸਾੜੋ ਕੋਈ
ਬੇਪੱਤ ਕਰੇ ਜੇ ਰਾਜਨ ਮੈਨੂੰ
ਪੱਥਰਾਂ ਦੇ ਨਾਲ ਮਾਰੋ ਕੋਈ

## .ਗਜ਼ਲਾਂ/ਹਰਸਿਮਰਤ ਕੌਰ

ਜ਼ੰਜੀਰਾਂ ਜਕੜਿਆ ਏਦਾਂ, ਕਦੇ ਕੁਝ ਕਹਿਣ ਨਾ ਦਿੱਤਾ,
ਪਨੀਰੀ ਸੁਪਨਿਆਂ ਦੀ ਨੂੰ, ਹਰੀ ਫਿਰ ਰਹਿਣ ਨਾ ਦਿੱਤਾ।

ਚੜ੍ਹਾਏ ਸੀ ਬੜੇ ਚਿਹਰੇ ਤੂੰ , ਚਿਹਰੇ ਆਪਣੇ ਉੱਤੇ ,
ਬੜਾ ਤੂੰ ਵੀ ਕਲੰਦਰ ਸੀ, ਮਖੌਟਾ ਲਹਿਣ ਨਾ ਦਿੱਤਾ।

ਜਦੋਂ ਜਾਣੀ ਹਕੀਕਤ ਮੈਂ , ਤੇਰੀ ਇਸ ਬੇਵਫ਼ਾਈ ਦੀ,
ਉਦੋਂ ਤੋਂ ਹੀ ਕੁਈ ਹੰਝੂ ਮੈਂ ਅਪਣਾ ਵਹਿਣ ਨਾ ਦਿੱਤਾ।

ਮੈਂ ਤੇਰੀ ਯਾਦ ਕਰ ਆਈ, ਵਿਸਰਜਨ ਪਾਣੀਆਂ ਉੱਤੇ,
ਵਿਚਾਰੀ ਫਿਰ ਨਦੀ ਦਾ, ਯਾਦ ਨੇ ਕੁਝ ਰਹਿਣ ਨਾ ਦਿੱਤਾ।

ਵਿਖਾਵਾਂ ਆਪਣੇ ਹਾਸੇ ,ਭਰੀ ਮਹਿਫ਼ਲ 'ਚ ਲੋਕਾਂ ਨੂੰ,
ਲਕੋਏ ਨੇ ਮੈਂ ਹੰਝੂ ਵੀ ਤੇ ਸੁਰਮਾ ਲਹਿਣ ਨਾ ਦਿੱਤਾ।

✡✡✡



ਬਣੇ ਹਾਲਾਤ ਏਦਾਂ ਦੇ, ਨਾ ਜੀਅ ਹੋਵੇ, ਨਾ ਮਰ ਹੋਵੇ
ਵਿਚਾਲੇ ਹਾਂ ਝਨਾਂ ਦੇ ਮੈਂ, ਨਾ ਡੁੱਬ ਹੋਵੇ ਨਾ ਤਰ ਹੋਵੇ।

ਮੇਰੇ ਅੱਲ੍ਹਾ, ਮੇਰੇ ਮੌਲਾ, ਮੇਰੇ ਰੱਬ ,ਮਿਹਰ ਕਰ ਹੁਣ ਤਾਂ,
ਮੈਂ ਭਟਕਾਂ ਦਰ-ਬ -ਦਰ ਐਪਰ ਮੇਰਾ ਕਾਸਾ ਨਾ ਭਰ ਹੋਵੇ।

ਇਬਾਰਤ ਹੈ ਬੜੀ ਸੋਹਣੀ,ਲਿਖੀ ਹੈ ਸੋਨ ਅੱਖਰਾਂ ਨਾਲ਼,
ਇਮਾਰਤ ਦੇਖ ਕੇ ਲੱਗਦਾ, ਕਿਸੇ ਸ਼ਾਇਰ ਦਾ ਘਰ ਹੋਵੇ।

ਮੇਰੀ ਡਾਇਰੀ 'ਚ ਰੱਖਿਆ ਫੁੱਲ, ਤਾਂ ਸੂਹਾ ਹੋ ਨਹੀਂ ਸਕਦਾ,
ਕਿ ਖੁਸ਼ਬੂ ਏਸ ਦੀ ਐਪਰ ਕਦੇ ਨਾ ਬੇਅਸਰ ਹੋਵੇ।

ਤਹੱਮਲ ਨਾ' ਬੜੇ ਮੈਂ ਉਸ ਨੂੰ 'ਜੀ' 'ਹਾਂ ਜੀ' ਕਿਹਾ ਐਪਰ,
ਮੇਰੀ 'ਜੀ' 'ਹਾਂ ਜੀ' ਦਾ ਉਸ 'ਤੇ , ਕੋਈ ਵੀ ਨਾ, ਅਸਰ ਹੋਵੇ।

ਮੇਰੇ ਹੱਥਾਂ ਦੀਆਂ ਲੀਕਾਂ 'ਚ ਹੋਇਆ ਹੈ ਬਦਲ ਦੇਖੋ,
ਇਹ ਸ਼ਾਇਦ ਸਭ ਮੇਰੀ ਮਾਂ ਦੀ ਦੁਆ ਦਾ ਹੀ ਅਸਰ ਹੋਵੇ।

ਵਿਆਕੁਲ ਹੈ ਬੜਾ ਇਹ ਮਨ ਜੋ ਮੈਨੂੰ ਸੌਣ ਨਹੀਂ ਦਿੰਦਾ,
ਇਵੇਂ ਲੱਗਦਾ ਜਿਵੇਂ ਮੈਨੂੰ, ਤੇਰੇ ਵਿਛੜਨ ਦਾ ਡਰ ਹੋਵੇ।

✡✡✡

ਹਕੀਕਤ ਸੀ,ਅਕੀਦਤ ਸੀ ਜਾਂ ਉਸਦੀ ਜੁਸਤਜੂ ਸੀ,
ਨਜ਼ਰ ਚੁੱਕੀ ਤਾਂ ਉਹ ਮਹਿਬੂਬ ਮੇਰੇ ਰੂ-ਬ-ਰੂ ਸੀ।

ਸਵਾਤੀ ਬੂੰਦ ਦੀ ਚਾਹ ਵਿੱਚ ਵਿਆਕੁਲ ਸੀ ਪਪੀਹਾ,
ਸੁਣਾਈ ਦੇ ਰਹੀ ਹਰ ਪਾਸਿਓਂ ਬਸ ਕੂ-ਹ-ਕੂ ਸੀ।

ਘੁਮਾਈ ਸੀ ਜਦੋਂ ਤਸਬੀ ਤਾਂ ਈਕਣ,ਜਾਪਿਆ ਸੀ,
ਮੇਰੇ ਅੰਦਰ ਜਿਵੇਂ ਹੋਇਆ ਕੋਈ ਸੂਰਜ ਤੁਲੂਅ ਸੀ।

ਕਿਨਾਰਾ ਸੀ ਨਦੀ ਦਾ, ਤੇ ਕਿਨਾਰੇ ਘਰ ਸੀ ਉਸਦਾ,
ਜਿਵੇਂ ਮੈਂ ਦੇਖਿਆ ਸੀ ਸੁਪਨਿਆਂ 'ਚ ਹੂ-ਬ-ਹੂ ਸੀ।

ਲਕੋ ਕੇ ਰੱਖ ਰਿਹਾ ਸੀ,ਉਹ ਤਵਾਇਫ਼ ਦੀ ਨਿਸ਼ਾਨੀ,
ਕਿ ਗਾਨੀ ਦਾ ਕੋਈ ਮਣਕਾ ਜਾਂ ਲੱਗਦਾ ਘੁੰਗਰੂ ਸੀ।

ਜਦੋਂ ਤੂੰ ਆਖ਼ਰੀ ਵਾਰੀ ਮਿਲਣ ਮੈਨੂੰ ਸੀ ਆਇਆ,
ਬੜੀ ਗ਼ਮਗੀਨ ਸੀ ਉਹ ਸ਼ਾਮ ਤੇ ਉਹ ਗੁਫ਼ਤਗੂ ਸੀ।

ਹਜ਼ਾਰਾਂ ਖਾਹਿਸ਼ਾਂ ਦਮ ਤੋੜਿਆ ਕੀਤੀ ਨਾ ਸੀਅ ਤੱਕ
ਤੇਰੀ ਬੁੱਕਲ 'ਚ ਦਮ ਨਿਕਲੇ ਇਹੀ ਇਕ ਆਰਜ਼ੂ ਸੀ।

✲✲✲

## ਅੱਛੇ ਕਵੀ ਜ਼ਿਦ ਨਹੀਂ ਕਰਦੇ/ਰਵਿੰਦਰ ਸਹਿਰਾਅ

ਅੱਛੇ ਕਵੀ ਜ਼ਿਦ ਨਹੀਂ ਕਰਦੇ
ਅੱਛੇ ਬੱਚਿਆਂ ਵਾਂਗ
ਵਕਤ ਨਾਲ ਸੌਂਦੇ, ਉੱਠਦੇ, ਪੜ੍ਹਦੇ ਹਨ
ਖਰੂਦੀ ਬੱਚਿਆਂ ਤੋਂ ਪਰੇ ਰਹਿੰਦੇ ਹਨ
ਧਰਨੇ, ਰੈਲੀਆਂ, ਮੁਜ਼ਾਹਰਿਆਂ ਨੂੰ
ਨਜ਼ਰ ਅੰਦਾਜ਼ ਕਰਦੇ ਹਨ
ਉਹਨਾਂ ਦਾ ਮੰਨਣਾ ਹੈ
ਅਜਿਹੇ ਕਾਰਨਾਮੇ ਹੀ ਤਾਂ
ਕੈਰੀਅਰ ਬਰਬਾਦ ਕਰਦੇ ਹਨ ।

ਅੱਛੇ ਕਵੀ
ਬੜੇ ਆਗਿਆਕਾਰੀ ਹੁੰਦੇ ਹਨ
ਥਾਣੇ ਦੇ ਮੁਨਸ਼ੀ, ਸਿਪਾਹੀਆਂ ਵਾਂਗ
ਵੱਡੇ ਅਫਸਰਾਂ, ਨੇਤਾਵਾਂ ਦੀ
ਹਾਂਅ ਵਿੱਚ ਹਾਂਅ ਮਿਲਾਉਂਦੇ ਹਨ ।
ਕੋਈ ਫੱਟੜ, ਕੋਈ ਮਰਿਆ ਹੈ
ਕੋਈ ਅੱਥਰੂ ਗੈਸ ਨਾਲ ਡਿੱਗਿਆ
ਕੋਈ ਪਣ-ਮਸ਼ੀਨ ਨਾਲ ਝੜਿਆ
ਕੋਈ ਫ਼ਰਕ ਨਹੀਂ ਪੈਂਦਾ
ਉਹਨਾਂ ਦਾ ਮੰਨਣਾਂ ਹੈ
ਸਾਹਿਬ ਜੋ ਕਰਦੇ ਹਨ ਠੀਕ ਕਰਦੇ ਹਨ



ਸਹਿਬਾਨ ਨੂੰ ਤਣਾਓ -ਮੁਕਤ ਕਰਨ ਲਈ
ਉਹਨਾਂ ਮਨ ਪਰਚਾਉਣ ਲਈ
ਕਸੀਦੇ ਪੜ੍ਹਦੇ ਹਨ
ਤੇ ਖ਼ੁਸ਼ ਕਰਦੇ ਹਨ !

ਅੱਛੇ ਕਵੀ
ਆਦਰਸ਼ ਸ਼ਹਿਰੀਆਂ ਵਾਂਗ
ਹਾਕਮ ਨੂੰ ਪ੍ਰੇਸ਼ਾਨ ਨਹੀਂ ਕਰਦੇ
ਨਾ ਕੋਈ ਟੇਢਾ ਸਵਾਲ ਕਰਦੇ ਹਨ ।
ਨੇਤਾ ਜੇ ਦਲ ਬਦਲਦੇ ਹਨ
ਚੋਲਿਆਂ ਦਾ ਰੰਗ ਬਦਲਦੇ ਹਨ
ਤਾਂ ਫੇਰ ਕੀ ਹੋਇਆ
ਇਹ ਤਾਂ ਨੇਤਾਵਾਂ ਦੀ ਮਜਬੂਰੀ ਹੈ
ਇੰਝ ਕਰਨਾ ਉਹਨਾਂ ਲਈ ਬੇਹੱਦ ਜ਼ਰੂਰੀ ਹੈ
ਮਾਂ ਬੋਲੀ ਦੀ ਕਦਰ ਨਹੀਂ ਕਰਦੇ
ਤਾਂ ਕੋਈ ਕਹਿਰ ਨਹੀਂ ਟੁੱਟਿਆ
ਬੋਲੀ ਦੇ ਨਾਂ 'ਤੇ
ਕਿਸ ਕਿਸ ਨੇ ਕੀ ਕੀ ਨਹੀਂ ਲੁੱਟਿਆ ?

ਨੇਤਾ ਸੱਤਾ ਵਿੱਚ ਆਉਂਦੇ ਹਨ
ਤਾਂ ਅੱਛੇ ਕਵੀ
ਕੁਰਸੀਆਂ ਬਣਦੇ ਹਨ
ਸ਼ਬਦ ਪਾਵੇ ਤੇ ਤਸ਼ਬੀਹ
ਢੋਅ ਬਣੀ ਹੈ
ਤੱਤੇ ਬੋਲਾਂ ਤੋਂ ਸੰਕੋਚ ਕਰਦੇ ਹਨ
ਬੜੇ ਹਲੀਮੀਂ ਰਹਿੰਦੇ ਹਨ
ਬਣਕੇ ਮਸਕੀਨ ਰਹਿੰਦੇ ਹਨ
ਬੋਲਣ ਤੋਂ ਪਹਿਲਾਂ
ਬੜਾ ਖਿਆਲ ਕਰਦੇ ਹਨ
ਹਰ ਲਫ਼ਜ ਨੂੰ ਸੁਰਤਾਲ ਕਰਦੇ ਹਨ ।

ਅੱਛੇ ਕਵੀ
ਕਦੇ ਵੀ ਹੰਗਾਮਾ ਨਹੀਂ ਕਰਦੇ

ਕੋਈ ਤਲਖ਼ ਬੋਲ
ਤਾਂ ਕੀ ਮਿੱਠੀ ਗੁਫ਼ਤਾਰ ਕਰਦੇ ਹਨ ।
ਲੋੜ ਪਏ ਤਾਂ ਰਚਨਾ ਨੂੰ
ਸੂਹੇ ਬਸਤਰ ਪਹਿਨਾਉਂਦੇ ਹਨ
ਅਪਣੇ ਮੱਠ ਬਣਾਉਂਦੇ ਹਨ
ਨਿੱਕੇ ਮੋਟੇ ਇਨਾਮ ਦਿਵਾਉਂਦੇ ਹਨ
ਸਰਕਾਰੀ ਤੇ ਗ਼ੈਰ ਸਰਕਾਰੀ ਸਫਾਂ 'ਚੋਂ
ਜੈ ਜੈ ਕਾਰ ਕਰਵਾਉਂਦੇ ਹਨ
ਅੱਛੇ ਕਵੀ
ਜ਼ਿੱਦ ਨਹੀਂ ਕਰਦੇ
ਜ਼ਿੱਦੀਆਂ -ਨਾ ਸਮਝਾਂ ਤੋਂ
ਦੂਰੀ ਬਣਾਉਂਦੇ ਹਨ।
ਅੱਛੇ ਕਵੀ !

## ਚੱਪਲਾਂ/ਜਗਦੀਪ ਸਿੱਧੂ

ਸਦਾ ਅੰਗ-ਸੰਗ ਰਹੀਆਂ ਇਹ ਮੇਰੇ
ਕੱਠੇ ਹੀ ਵੱਡੇ ਹੋਏ ਹਾਂ ਅਸੀਂ

ਪਹਿਲਾਂ ਮੇਰੇ ਤੋਂ
ਧੂੜ ਨਾਲ
ਧੱਕੇ ਖਾਧੇ ਇਹਨਾਂ ਹੀ

ਤੇ ਹੁਣ ਜਦ
ਰਾਤੀਂ ਨੀਂਦ 'ਚੋਂ ਜਾਗ ਕੇ
ਪਹਿਣਦਾਂ ਇਹਨਾਂ ਨੂੰ
ਦੂਰ ਦੇਖਦਾਂ ਖਿੜਕੀ 'ਚੋਂ
ਤਾਰਿਆਂ ਭਰੀ ਰਾਤ

ਇਹ ਰਾਹ ਦਸੇਰੀਆਂ ਨੇ
ਕਿਤੇ ਜੇ ਜਲਦੀ ਲਾਹ ਕੇ
ਬੈਠ ਸਕਦਾਂ ਇਹਨਾਂ ਨੂੰ
ਛੇਤੀ ਪਹਿਣ ਕੇ ਤੁਰ ਵੀ ਸਕਦਾਂ ਓਥੋਂ



ਲਗਾਮਾਂ ਫੜ
ਅਜੇ ਵੀ ਨਿਕਲ ਤੁਰਦੀਆਂ ਇਹ
ਨਾਲ ਮੇਰੇ
ਤੇ
ਲੜਦੀਆਂ ਨੰਗੇ ਧੜ।

## ਭੋਗ ਤਕ ਹੀ

ਬਜ਼ੁਰਗ ਔਰਤ
ਗੁਜ਼ਰ ਗਈ ਗੁਆਂਢ 'ਚ

ਉਹਦੀ ਲੋਥ ਪਈ ਹੈ ਵਰਾਂਡੇ ਵਿਚ

ਦਰਮਿਆਨੀ ਉਮਰ ਦਾ ਪੁਰਖ ਇਕ
ਆਉਂਦਾ,ਧਾਹਾਂ ਮਾਰਦਾ
ਜ਼ਰੂਰ ਇਹਦੇ ਪੁੱਤ ਦੀ ਥਾਂ ਲੱਗਦਾ ਹੋਊ

ਛੋਟੇ ਬੱਚੇ
ਅੱਖਾਂ ਸਿੱਲੀਆਂ ਕਰਦੇ
ਪੋਤੇ,ਪੋਤੀਆਂ ਦੀ ਥਾਂ ਲੱਗਦੇ ਹੋਣੇ ਇਹਦੇ

ਭੋਗ 'ਤੇ ਵੀ
ਜਾਰੀ ਰਿਹਾ ਇਹ ਸਿਲਸਿਲਾ
ਬਜ਼ੁਰਗ ਔਰਤ ਦੱਸ ਰਹੀ
ਆਪਣੇ ਰਿਸ਼ਤੇ-ਨਾਤੇ

ਇਸ ਤੋਂ ਬਾਅਦ
ਨਹੀਂ ਬੋਲੇਗੀ ਇਹ

ਮਰ ਜਾਏਗੀ।
✡✡✡

ਮਹਿਮਾਨ ਕਹਾਣੀ

# ਉਰਦੂ ਕਹਾਣੀ-ਪਛਤਾਵਾ/ਅਫ਼ਰਾ ਬੁਖਾਰੀ

**ਅਨੁਵਾਦ-ਸੁਕੀਰਤ**

*(ਪਾਕਿਸਤਾਨ ਦੀ ਉੱਘੀ ਉਰਦੂ ਕਹਾਣੀਕਾਰ ਅਫ਼ਰਾ ਬੁਖਾਰੀ ਦਾ ਜਨਮ 1938 ਵਿਚ ਅਮ੍ਰਿਤਸਰ ਵਿਚ ਹੋਇਆ। ਵੰਡ ਦੀ ਤਰਥੱਲੀ ਉਨ੍ਹਾਂ ਦੇ ਪਰਵਾਰ ਨੂੰ ਲਾਹੌਰ ਲੈ ਗਈ। 1952 ਵਿਚ ਆਪਣਾ ਲੇਖਕੀ ਸਫ਼ਰ ਉਨ੍ਹਾਂ ਨੇ ਬਾਲ–ਕਹਾਣੀਆਂ ਰਚਦਿਆਂ ਸ਼ੁਰੂ ਕੀਤਾ ਜੋ 1958 ਤੀਕ ਬਾਲਗ਼ ਵਿਸ਼ਿਆਂ ਦੇ ਰਾਹ ਪੈ ਗਿਆ। ਜਨਵਰੀ 2022 ਵਿਚ, ਲਾਹੌਰ ਵਿਖੇ ਆਖਰੀ ਸਾਹ ਲੈਣ ਤਕ ਇਹ ਸਫ਼ਰ ਨਿਰੰਤਰ ਜਾਰੀ ਰਿਹਾ। ਉਨ੍ਹਾਂ ਦੇ ਜੀਵਨ ਕਾਲ ਵਿਚ ਉਨ੍ਹਾਂ ਦੇ ਪੰਜ ਕਹਾਣੀ ਸੰਗ੍ਰਿਹ ਪ੍ਰਕਾਸ਼ਤ ਹੋਏ। ਕੁਝ ਕਹਾਣੀਆਂ ਭਾਰਤ ਦੇ ਉਰਦੂ, ਹਿੰਦੀ ਅਤੇ ਪੰਜਾਬੀ ਸਾਹਿਤਕ ਪਰਚਿਆਂ ਵਿਚ ਵੀ ਛਪੀਆਂ। ਹਾਲ ਹੀ ਵਿਚ 'ਆਰਜ਼ੂ ਦੀ ਮੌਤ' ਦੇ ਸਿਰਨਾਂਵੇਂ ਹੇਠ ਉਨ੍ਹਾਂ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਿਹ ਅਨੁਗਿਆ ਬੁਕਸ, ਦਿੱਲੀ ਨੇ ਹਿੰਦੀ ਲਿਪੀ ਵਿਚ ਛਾਪਿਆ ਹੈ। ਹੱਥਲੀ ਕਹਾਣੀ ਓਸੇ ਸੰਗ੍ਰਿਹ ਵਿਚੋਂ ਲੈ ਕੇ ਤਰਜਮਾਈ ਗਈ ਹੈ।)*

ਹੁਣ ਉਹ ਖਾਮੋਸ਼ ਤੇ ਉਦਾਸ ਸੀ। ਕੁਰਸੀ ਦੇ ਮੋਟੇ ਗੱਦੇ  ਨਾਲ ਢੋਅ ਲਾਈ ਬੈਠਾ ਉਹ ਸਾਹਮਣੇ ਸਕਰੀਨ ਤੇ ਨਜ਼ਰਾਂ ਇੰਝ ਸੁੱਟ ਰਿਹਾ ਸੀ ਜਿਵੇਂ ਕੋਰੇ ਕਾਗਜ਼ ਵੱਲ ਵੇਖ ਰਿਹਾ ਹੋਵੇ। ਬਦਕਿਸਮਤੀ ਨਾਲ ਜਦੋਂ ਉਹ ਸਿਨਮਾ ਘਰ ਪਹੁੰਚੇ ਤਾਂ ਦੂਜੇ ਸ਼ੋਅ ਦੇ ਲਈ ਹਾਲ ਵਿੱਚ ਹਨੇਰਾ ਕੀਤਾ ਜਾ ਚੁੱਕਾ ਸੀ। ਟਾਰਚ ਦੀ ਮਾਮੂਲੀ ਰੋਸ਼ਨੀ ਵਿੱਚ ਉਹ ਹਨੇਰੇ ਵਿੱਚ ਧਸਦੇ ਹੋਏ, ਆਪਣੇ ਨੰਬਰ ਦੀਆਂ ਕੁਰਸੀਆਂ ਤੱਕ ਪਹੁੰਚੇ ਸਨ। ਬੈਠਣ ਦੇ ਬਾਅਦ ਜਦ ਉਹਦੀਆਂ ਨਿਗਾਹਾਂ ਹਨੇਰੇ ਵਿੱਚ ਵੇਖਣ ਦੇ ਕਾਬਲ ਹੋ ਗਈਆਂ ਤੇ ਉਹਨੇ ਆਪਣੇ ਸਾਹਮਣੇ ਏਥੋਂ ਤੋਂ ਲੈ ਕੇ ਓਥੇ ਤੱਕ ਮਰਦਾਨਾ ਸਿਰਾਂ ਦਾ ਇੱਕ ਸਮੁੰਦਰ ਵੇਖਿਆ। ਉਸ ਵੇਲੇ ਤੋਂ ਉਹ ਕੁਰਸੀ ਤੇ ਕਿਸੇ ਬੇਮਾਇਨਾ ਤੇ ਬੇਜਾਨ ਸ਼ੈਅ ਵਾਂਗ ਪਿਆ ਰਿਹਾ। ਉਹਦੇ ਨਾਲ ਉਹਦੀ ਬੀਵੀ ਬੈਠੀ ਸੀ ਪਰ ਉਹ ਉਹਦੀ ਮੌਜੂਦਗੀ ਨੂੰ ਮਹਿਸੂਸ ਵੀ ਨਹੀਂ ਸੀ ਕਰ ਰਿਹਾ।

ਇਹ ਸਨਿੱਚਰ ਦੀ ਰਾਤ ਸੀ ਅਤੇ ਉਹ ਆਪਣੀ ਬੀਵੀ ਨੂੰ ਖੁਸ਼ ਕਰਨ ਲਈ ਤੇ ਆਪਣੇ ਖਿੱਚੇ–ਤਣੇ ਪੁੱਠਿਆਂ ਨੂੰ ਸਕੂਨ ਦੁਆਉਣ ਦੀ ਖਾਤਰ ਏਥੇ ਆਇਆ ਸੀ, ਪਰ ਹੁਣ ਤੇ ਜਿਵੇਂ ਪੂਰਾ ਪ੍ਰੋਗਰਾਮ ਹੀ ਉਹਦੇ ਲਈ ਅਕਾਰਥ ਹੋ ਗਿਆ ਸੀ। ਇਸ ਵੇਲੇ ਉਹ ਆਪਣੇ ਆਪ ਨੂੰ ਬਿਲਕੁਲ ਖਾਲੀ ਮਹਿਸੂਸ ਕਰ ਰਿਹਾ ਸੀ। ਕੁਰਸੀ ਦੀ ਬਾਹੀ ਤੇ ਪਿਆ ਉਹਦਾ ਇੱਕ ਹੱਥ ਬੇਚੈਨੀ ਨਾਲ ਲਗਾਤਾਰ ਹਰਕਤ ਕਰ ਰਿਹਾ ਸੀ। ਅਚਾਨਕ ਉਹਨੇ ਚੁੱਕ ਕੇ ਆਪਣੀ ਬੀਵੀ ਦੇ ਛੋਟੇ ਜਿਹੇ ਗੁਦਗੁਦੇ ਹੱਥ ਨੂੰ ਆਪਣੇ ਹੱਥ ਵਿੱਚ ਫੜ ਲਿਆ ਤੇ ਹੌਲੀ ਹੌਲੀ ਦਬਾਇਆ। ਉਹਨੂੰ ਚੋਖਾ ਸਕੂਨ ਮਹਿਸੂਸ ਹੋਇਆ।  ਛੋਟੇ ਜਿਹੇ ਨਿਰਛਲ ਤੇ ਵਫਾਦਾਰ ਹੱਥ ਦੀ ਗਰਮੀ ਉਹਦੇ ਜਿਸਮ ਵਿੱਚ ਲਹਿ ਰਹੀ ਸੀ । ਉਹਦਾ ਜੀਅ ਕਰ ਰਿਹਾ ਸੀ ਕਿ ਇਹ ਧੀਮੀ ਜਿਹੀ ਅੱਗ ਬਿਜਲੀ ਬਣ ਕੇ ਉਹਦੇ ਉੱਤੇ ਟੁੱਟ ਪਵੇ ਤੇ ਉਹਨੂੰ ਭਸਮ ਕਰ ਜਾਵੇ। ਪਰ ਅੱਗ ਧੀਮੀ ਹੀ ਰਹੀ ਅਤੇ ਉਹਦੀ ਬੇਚੈਨੀ ਨੂੰ



ਵਧਾਉਂਦੀ ਰਹੀ।  ਉਹ ਆਪਣੇ ਬੁੱਲ੍ਹਾਂ 'ਤੇ ਬਾਰ ਬਾਰ ਜੀਭ ਫੇਰ ਰਿਹਾ ਸੀ। ਅਚਾਨਕ ਉਹਨੂੰ ਤ੍ਰੇਹ ਦਾ ਅਹਿਸਾਸ ਹੋਇਆ। ਬੇਖਿਆਲੀ ਵਿੱਚ ਉਹਨੇ ਆਪਣਾ ਮੂੰਹ ਬੀਵੀ ਵੱਲ ਵਧਾਇਆ ਉਹਦੀ ਬੀਵੀ ਵੇਲੇ ਸਿਰ ਸੰਭਲੀ ਤੇ ਹੱਥ ਛੁਡਾ, ਸਿੱਧੀ ਹੋ ਕੇ ਬਹਿ ਗਈ।

ਉਹ ਸਭ ਕੁਝ ਸਮਝ ਰਹੀ ਸੀ ਤੇ ਉਹਨੂੰ ਗੁੱਸਾ ਆ ਰਿਹਾ ਸੀ... ਉਹਦੀ ਖ਼ੁਦਗਰਜ਼ੀ ਅਤੇ ਮਤਲਬੀਪੁਣੇ ਉੱਤੇ। ਬਸ ਕਿਸੇ ਕਿਸੇ ਦਿਨ ਉਹ ਇਵੇਂ ਹੀ ਉਹਦੀ ਚਾਪਲੂਸੀ ਕਰਦਾ ਸੀ, ਉਹਨੂੰ ਫਿਲਮ ਵਿਖਾਣ ਲੈ ਜਾਂਦਾ ਸੀ ਜਾਂ ਕਿਸੇ ਹੋਰ ਥਾਂ ਤਫ਼ਰੀਹ ਲਈ ਲੈ ਜਾਂਦਾ, ਹੋਟਲ ਵਿੱਚ ਖਾਣਾ ਖਵਾਉਂਦਾ ਜਾਂ ਕੋਈ ਤੋਹਫ਼ਾ ਖ਼ਰੀਦ ਲਿਆਉਂਦਾ। ਬੀਵੀ ਉਹਦੀ ਇਸ ਆਦਤ ਨੂੰ ਤਾੜ ਗਈ ਸੀ। ਉਹਦੇ ਵਾਸਤੇ ਇਹ ਇੱਕ ਮੁਰਦਾ ਕਿਸਮ ਦੀ ਜਜ਼ਬਾਤੀ ਆਵਾਰਗੀ ਸੀ। ਭਲਾ ਉਹ ਇਹੋ ਜਿਹੇ ਅਡੰਬਰ ਕਿਉਂ ਰਚਦਾ ਸੀ?ਕੀ ਉਹ ਉਹਦੀ ਵਿਆਹੁਤਾ ਬੀਵੀ ਨਹੀਂ ਸੀ?ਉਹ ਸਭ ਕੁਝ ਸੀ,ਪਰ ਉਹ ਉਸਨੂੰ ਇਵੇਂ ਸਮਝਦਾ ਨਹੀਂ ਸੀ। ਤੇ ਫਿਰ ਉਹ ਉਹਨੂੰ ਕੀ ਸਮਝਦਾ ਸੀ? ਕੀ ਕੋਈ.... ਕੀ ਉਹ.... ਰੰਜ ਦੇ ਮਾਰੇ ਉਹਦੀ ਸਿੱਧੀ ਸਾਦੀ ਬੀਵੀ ਦਾ ਗਲਾ ਸੁੱਕ ਜਾਂਦਾ ਸੀ। ਉਹਨੂੰ ਉਸਦੀ ਇਸ ਹਰਕਤ ਵਿੱਚ ਸਰਾਸਰ ਆਪਣੀ ਬੇਇਜ਼ਤੀ ਨਜ਼ਰ ਆਉਂਦੀ। ਉਹ ਕਈ ਵਾਰ ਆਪਣੇ ਗੁੱਸੇ ਦਾ ਪ੍ਰਗਟਾਵਾ ਕਰ ਚੁੱਕੀ ਸੀ। ਪਹਿਲੀ ਵਾਰ ਜਦੋਂ ਉਹਦੀ ਬੀਵੀ ਨੇ ਇਹ ਗੱਲ ਜਤਾਈ ਤਾ ਉਹ ਹੈਰਾਨ ਰਹਿ ਗਿਆ ਸੀ। ਉਹਦੀ ਬੀਵੀ ਨੇ ਇਕ ਬਹੁਤ ਅਜੀਬ ਗੱਲ ਕਹੀ ਸੀ। ਉਹਨੂੰ ਇਸ ਉੱਤੇ ਗੁੱਸਾ ਆ ਗਿਆ ਸੀ, ਪਰ ਬਾਅਦ ਵਿੱਚ ਸੋਚਣ ਤੇ ਉਹਨੂੰ ਉਹਦੀ ਇਹ ਗੱਲ ਸੱਚ ਲੱਗੀ। ਪਰ ਉਹ ਇਸ ਗੁੱਥੀ ਨੂੰ ਸਮਝ ਨਾ ਸਕਿਆ।

ਉਹਦੀ ਬੀਵੀ ਖੂਬਸੂਰਤ ਸੀ। ਉਹ ਉਹਨੂੰ ਪਸੰਦ ਵੀ ਕਰਦਾ ਸੀ ਪਰ ਜਦੋਂ ਉਹ ਉਹਦੇ ਨੇੜੇ ਜਾਂਦਾ ਤਾਂ ਉਹਦੇ ਜਜ਼ਬਾਤ ਠੰਡੇ ਪੈ ਜਾਂਦੇ ਤੇ ਉਹਦੇ ਜ਼ਿਹਨ ਵਿੱਚ ਇੱਕ ਘਿਨੌਣੀ ਜਿਹੀ ਤਸਵੀਰ ਉਭਰ ਆਂਦੀ। ਉਹਨੂੰ ਆਪਣੀ ਬੀਵੀ ਬੀਵੀ ਨਾ ਜਾਪਦੀ।

ਬੜੇ ਦਿਨ ਪਹਿਲਾਂ ਦੀ ਗੱਲ ਸੀ। ਇਕ ਰਾਤ ਉਹ ਛੱਤ ਉੱਤੇ ਆਪਣੇ ਦੂਜੇ ਭੈਣ ਭਰਾਵਾਂ ਦੇ ਨਾਲ ਸੁੱਤਾ ਪਿਆ ਸੀ ਅਚਾਨਕ ਉਹਨੂੰ ਜਾਗ ਆ ਗਈ। ਉਹਨੂੰ ਪਿਆਸ ਲੱਗ ਰਹੀ ਸੀ ਤੇ ਪਿਆਸ ਵੀ ਏਨੀ ਤੇਜ਼ ਕਿ ਪਾਣੀ ਪੀਣ ਵਿੱਚ ਜ਼ਰਾ ਵੀ ਦੇਰ ਹੋ ਜਾਂਦੀ ਤੇ ਉਹਦਾ ਦਮ ਘੁੱਟ ਜਾਂਦਾ। ਉਹ ਉਠਿਆ, ਅੱਧੀਆਂ ਬੰਦ ਤੇ ਅੱਧੀਆਂ ਖੁੱਲ੍ਹੀਆਂ ਅੱਖਾਂ ਨਾਲ ਉਹਨੇ ਸਲੀਪਰ ਲੱਭੇ। ਰੱਬ ਜਾਣੇ ਉਹ ਕਿੱਥੇ ਗਾਇਬ ਹੋ ਗਏ ਸਨ। ਸਵੇਰ ਨੂੰ ਤੇ ਉੱਥੇ ਹੀ ਪਏ ਲੱਭੇ ਪਰ ਉਸ ਵੇਲੇ ਉਹਨੂੰ ਨਜ਼ਰ ਨਾ ਆਏ।  ਉਹ ਨੰਗੇ ਪੈਰੀ ਛੱਤ ਤੋਂ ਉਤਰਨ ਲੱਗਾ ਅੱਧੀਆਂ ਪੌੜੀਆਂ ਬਗੈਰ ਖੜਕਾ ਤੈਅ ਕਰਨ ਮਗਰੋਂ ਉਹ ਚੌਂਕਿਆ ਤੇ ਉਲਟੇ ਪੈਰੀ ਵਾਪਸ ਮੁੜਆਇਆ। ਉੱਪਰ ਪਹੁੰਚਿਆ ਤੇ ਪਿਆਸ ਗਾਇਬ ਸੀ। ਉਦੋਂ ਉਹਨੇ ਮਹਿਸੂਸ ਕੀਤਾ ਕਿ ਜਿਵੇਂ ਉਹ ਜਾਣ ਬੁਝ ਕੇ ਹੇਠਾਂ ਉਤਰਿਆ ਸੀ। ਉਹਨੇ ਆਪਣੇ ਆਪ ਨੂੰ ਵਰਚਾਣ ਤੇ ਸਮਝਾਣ ਦੀ ਬੜੀ ਕੋਸ਼ਿਸ਼

ਕੀਤੀ ਪਰ ਗੱਲ ਕੁਝ ਸਮਝ ਨਾ ਪਈ। ਉਹ ਤਸੱਵਰ ਇਨੇ ਸਾਲ ਲੰਘ ਜਾਣ ਬਾਅਦ ਵਿੱਚ ਵੀ ਉਹਦੇ ਜ਼ਿਹਨ ਵਿੱਚ ਉਂਝ ਦਾ ਉਂਝ ਮੌਜੂਦ ਸੀ। ਉਹ ਇੱਕ ਚੰਗੇ ਇਖਲਾਕ ਤੇ ਚੰਗੇ ਕਿਰਦਾਰ ਦਾ ਆਦਮੀ ਸੀ। ਉਹਨੇ ਜਾਣਬੁਝ ਕੇ ਕਦੇ ਕਿਸੇ ਗ਼ੈਰ ਔਰਤ ਦੇ ਚਿਹਰੇ ਤੇ ਨਜ਼ਰ ਨਹੀਂ ਸੀ ਸੁੱਟੀ, ਸਗੋਂ ਉਹ ਅਜਿਹੀਆਂ ਹਰਕਤਾਂ ਨੂੰ ਬਹੁਤ ਮਾੜੀਆਂ ਸਮਝਦਾ ਸੀ। ਪਰ ਬਸ ਇਹੀ ਇੱਕ ਘਿਨੌਣਾ ਤਸੱਵਰ ਸੀ ਜੋ ਹਰ ਵੇਲੇ ਉਹਨੂੰ ਪਰੇਸ਼ਾਨ ਕਰੀ ਰੱਖਦਾ ਸੀ। ਉਹ ਉਸ ਤਸੱਵਰ ਤੋਂ ਡਰਦਾ ਤੇ ਖ਼ੌਫ਼ ਖਾਂਦਾ ਸੀ। ਉਹ ਉਹਦੇ ਉੱਤੇ ਪਰਦਾ ਪਾ ਦੇਣਾ ਚਾਹੁੰਦਾ ਸੀ।

ਵਿਆਹ ਤੋਂ ਕਾਫੀ ਦਿਨਾਂ ਬਾਅਦ ਤੱਕ ਉਹਦੀ ਹਾਲਤ ਨਾ ਸੁਧਰੀ ਤਾਂ ਮਜਬੂਰਨ ਉਹ ਆਪਣੀ ਬੀਵੀ ਨੂੰ ਇੱਕ ਵੱਖਰੇ ਮਕਾਨ ਵਿੱਚ ਲੈ ਗਿਆ। ਉਹ ਆਪਣੀ ਬੀਵੀ ਦੀਆਂ ਘੋਖਦੀਆਂ ਨਜ਼ਰਾਂ ਤੋਂ ਬਚਣਾ ਚਾਹੁੰਦਾ ਸੀ, ਪਰ ਉਹ ਉਹਨੂੰ ਵੱਖਰੇ ਮਕਾਨ ਵਿੱਚ ਲਿਜਾ ਕੇ ਵੀ ਖੁਸ਼ ਨਾ ਕਰ ਸਕਿਆ। ਸਾਰਾ ਦਿਨ ਇਕੱਲਿਆਂ ਘਰ ਵਿੱਚ ਪਏ ਰਹਿਣ ਕਾਰਣ ਉਹਦੀ ਬੀਵੀ ਨੂੰ ਬੜੀ ਪਰੇਸ਼ਾਨੀ ਹੁੰਦੀ। ਉਹ ਸ਼ਾਮ ਨੂੰ ਘਰ ਆਂਦਾ ਤੇ ਰੋਟੀ ਖਾ ਕੇ ਅਮੂਮਨ ਥਕਾਵਟ ਜਾਂ ਸਿਰ ਦਰਦ ਦਾ ਬਹਾਨਾ ਕਰਕੇ ਬਿਸਤਰੇ ਉੱਤੇ ਲੇਟ ਜਾਂਦਾ ਤੇ ਬਹੁਤ ਛੇਤੀ ਸੌਂ ਜਾਂਦਾ। ਉਹ ਡੂੰਘੀ ਰਾਤ ਪਈ ਤੱਕ ਜਾਗਦੀ ਰਹਿੰਦੀ ਤੇ ਆਪਣੀ ਬਦਨਸੀਬੀ ਉੱਤੇ ਕੁੜ੍ਹਦੀ। ਆਖਰ ਇੱਕ ਦਿਨ ਉਹਨੇ ਆਪਣੇ ਖਾਵੰਦ ਉੱਤੇ ਵਾਪਸ ਚਲੇ ਜਾਣ ਲਈ ਜੋਰ ਪਾਇਆ।

"ਕਿਉਂ? ਕੀ ਤੂੰ ਇਥੇ ਖੁਸ਼ ਨਹੀਂ ਹੈ?" ਉਹਦੇ ਖਾਵੰਦ ਨੇ ਨਜ਼ਰਾਂ ਝੁਕਾ ਕੇ ਦੱਬੀ ਸੁਰ ਵਿੱਚ ਪੁੱਛਿਆ ।

"ਨਹੀਂ" ਉਹਦੀ ਬੀਵੀ ਨੇ ਭਰੀ ਆਵਾਜ਼ ਵਿੱਚ ਕਿਹਾ ਤੇ ਹੰਝੂਆਂ ਦੇ ਮੋਤੀ ਉਹਦੀਆਂ ਗੁਲਾਬੀ ਗੱਲ੍ਹਾਂ ਦੇ ਉੱਤੇ ਰਿੜ੍ਹਣ ਲੱਗੇ। ਉਹ ਸ਼ਰਮਿੰਦਾ ਜਿਹਾ ਹੋ ਗਿਆ। ਉਹਨੂੰ ਆਪ ਵੀ ਯਕੀਨ ਨਹੀਂ ਸੀ ਤੇ ਉਹ ਸਮਝਦਾ ਸੀ ਕਿ ਉਹ ਇਨਸਾਫ਼ ਨਹੀਂ ਕਰ ਰਿਹਾ। ਉਹਨੇ ਆਪਣੀ ਬੀਵੀ ਦੇ ਹੰਝੂ ਪੂੰਝੇ ਤੇ ਉਹਨੂੰ ਸਮਝਾਉਣ ਵਾਲੇ ਲਹਿਜੇ ਵਿੱਚ ਬੋਲਿਆ: "ਦੇਖ ਫ਼ਰਖੰਦਾ, ਘਰ ਵਿੱਚ ਬੜੇ ਸਾਰੇ ਲੋਕ ਰਹਿੰਦੇ ਨੇ। ਭੈਣਾਂ ਨੇ, ਭਾਈ ਨੇ, ਮਾਪੇ ਨੇ.... ਇਨਸਾਨ ਕੋਲੋਂ ਕਈ ਬੇਇਹਤਿਆਤੀਆਂ ਹੋ ਜਾਂਦੀਆਂ ਨੇ। ਕਈ ਗ਼ਲਤੀਆਂ ਵੀ ਹੋ ਸਕਦੀਆਂ ਹਨ, ਤੇ ਇਹ ਗ਼ਲਤੀਆਂ ਇਨਸਾਨ ਨੂੰ ਮੁਜਰਮ ਬਣਾ ਦਿੰਦੀਆਂ ਨੇ, ਤੇ ਇਨਸਾਨ ਵੀ ਆਪਣੇ ਆਪ ਨੂੰ ਮਾਫ਼ ਨਹੀਂ ਕਰ ਸਕਦਾ.... ਮੇਰੇ ਕੋਲੋਂ ਵੀ ਇੱਕ ਵਾਰ ਗ਼ਲਤੀ ਹੋ ਗਈ ਸੀ।

"ਮੈਂ ਤੇ ਤੁਹਾਨੂੰ ਮਾਸੂਮ ਸਮਝਦੀ ਹਾਂ।" ਉਹਦੀ ਬੀਵੀ ਸਾਦਗੀ ਨਾਲ ਬੋਲੀ, " ਤੁਸੀਂ ਇਹ ਜਾਣ ਬੁੱਝ ਕੇ ਨਹੀਂ ਸੀ ਕੀਤਾ। ਤੁਹਾਡਾ ਇਹਦੇ ਵਿੱਚ ਕੀ ਕਸੂਰ! ਤੁਸੀਂ ਇਸ ਵਰ੍ਹਿਆਂ ਪੁਰਾਣੀ ਗੱਲ ਨੂੰ ਹੁਣ ਤੱਕ ਭੁੱਲੇ ਕਿਉਂ ਨਹੀਂ?

ਉਹ ਬੁਖਲਾ ਗਿਆ। ਹਾਂ ਸੱਚਮੁੱਚ ਉਹ ਇਸ ਗੱਲ ਨੂੰ ਅਜੇ ਤੱਕ ਭੁਲਾ ਕਿਉਂ ਨਹੀਂ ਸੀ ਸਕਿਆ? ਉਹਨੇ ਦਿਲ ਵਿੱਚ ਚੋਰ ਜਿਹਾ ਮਹਿਸੂਸ ਕੀਤਾ। ਪਰ ਝਟ ਹੀ ਉਹ



ਇਸ ਸੋਚ ਨੂੰ ਟਾਲ ਗਿਆ ਤੇ ਚੁੱਪ ਚਾਪ ਸਿਰ ਦੇ ਹੇਠ ਬਾਂਹ ਰੱਖ ਕੇ ਤਾਰਿਆਂ ਭਰੇ ਅਸਮਾਨ ਨੂੰ ਤਕਦਾ ਰਿਹਾ। ਇਸ ਵੇਲੇ ਉਹਨੂੰ ਆਪਣੀ ਬੀਵੀ ਬੜੀ ਮਾਸੂਮ ਤੇ ਭੋਲੀ ਲੱਗ ਰਹੀ ਸੀ। ਕੀ ਉਹ ਸੱਚ ਕਹਿ ਰਹੀ ਸੀ? ਪਰ ਉਹ ਸੱਚ ਝੂਠ ਤੇ ਝਗੜੇ ਵਿੱਚ ਪੈਣਾ ਹੀ ਨਹੀਂ ਸੀ ਚਾਹੁੰਦਾ।

ਨਵਾਂ ਮਕਾਨ ਵੀ ਉਹਦੀ ਮਾਨਸਿਕ ਗੁੰਝਲ ਨੂੰ ਹੱਲ ਨਾ ਕਰ ਸਕਿਆ। ਉਹਨੇ ਕਈ ਵਾਰ ਆਪਣੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਕਦੇ ਵੀ ਇੱਕ ਕੜੀ ਨੂੰ ਦੂਜੀ ਕੜੀ ਦੇ ਨਾਲ ਜੋੜ ਨਾ ਸਕਿਆ। ਦਰਅਸਲ ਉਹ ਬੜਾ ਘੁੰਨਾ ਅਤੇ ਬੁਜ਼ਦਿਲ ਆਦਮੀ ਸੀ ਤੇ ਖੁਦ ਆਪਣੇ ਆਪ ਕੋਲੋਂ ਡਰਦਾ ਸੀ ਤੇ ਬੜੀਆਂ ਸਾਰੀਆਂ ਗੱਲਾਂ ਆਪਣੇ ਆਪ ਤੇ ਜ਼ਾਹਰ ਨਹੀਂ ਸੀ ਹੋਣ ਦੇਂਦਾ। ਇਸੇ ਲਈ ਉਹ ਆਪਣੇ ਵਿਸ਼ਲੇਸ਼ਣ ਵਿੱਚ ਕਾਮਯਾਬ ਨਾ ਹੋ ਸਕਿਆ ਜਿਸ ਕਾਰਨ ਉਹ ਬੇਚੈਨ ਤੇ ਪਰੇਸ਼ਾਨ ਸੀ।

ਇੱਕ ਦਿਨ ਸੜਕ ਤੇ ਤੁਰਦਿਆਂ ਉਹਨੇ ਅਚਾਨਕ ਮਹਿਸੂਸ ਕੀਤਾ ਜਿਵੇਂ ਉਹ ਕੋਲੋਂ ਲੰਘਦੀਆਂ ਔਰਤਾਂ ਨੂੰ ਗੌਰ ਨਾਲ, ਦਿਲਚਸਪੀ ਨਾਲ ਵੇਖ ਰਿਹਾ ਹੈ। ਉਹਨੇ ਪਰੇਸ਼ਾਨ ਹੋ ਕੇ ਨਜ਼ਰਾਂ ਝੁਕਾ ਲਈਆਂ ਤੇ ਘਰ ਮੁੜ ਆਇਆ।

ਉਸ ਵੇਲੇ ਉਹਦੀ ਬੀਵੀ ਗਿੱਲੇ ਕੱਪੜੇ ਨਿਚੋੜ ਕੇ ਧੁੱਪੇ ਸੁੱਕਣੇ ਪਾ ਰਹੀ ਸੀ। ਉਹਨੇ ਪਹਿਲੀ ਵਾਰ ਭਰਪੂਰ ਨਜ਼ਰਾਂ ਨਾਲ ਬੀਵੀ ਵੱਲ ਵੇਖਿਆ ਜੋ ਉਹਨੂੰ ਵੱਖਰੀ ਜਿਹੀ ਨਜ਼ਰ ਆਈ ਤੇ ਉਹ ਅਚਾਨਕ ਹੀ ਉਹਦੇ ਵੱਲ ਖਿੱਚਿਆ ਗਿਆ।

ਇਹ ਇੱਕ ਨਵਾਂ ਤੇ ਅਨੋਖਾ ਅਹਿਸਾਸ ਸੀ । ਉਹ ਹੈਰਾਨ ਸੀ, ਪਰੇਸ਼ਾਨ ਸੀ, ਸ਼ਸ਼ੋਪੰਜ ਵਿੱਚ ਸੀ। ਉਹ ਇਸ ਨਵੇਂ ਤਜਰਬੇ ਵਿਚੋਂ ਦੁਬਾਰਾ ਨਹੀਂ ਸੀ ਲੰਘਣਾ ਚਾਹੁੰਦਾ। ਉਹ ਇੱਕ ਬਾ-ਅਖਲਾਕ ਆਦਮੀ ਸੀ। ਉਹ ਆਪਣੇ ਆਪ ਜਾਂ ਆਪਣੀ ਬੀਵੀ ਨਾਲ ਫ਼ਰੇਬ ਨਹੀਂ ਸੀ ਕਰਨਾ ਚਾਹੁੰਦਾ, ਪਰ ਹਾਲਾਤ ਉਹਦੇ ਕਾਬੂ ਵਿੱਚ ਨਹੀਂ ਸਨ ਰਹੇ। ਉਹਨੇ ਬਿਲਕੁਲ ਅਚਾਨਕ ਹੀ ਗੈਰ ਔਰਤਾਂ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਔਰਤਾਂ ਦੀਆਂ ਗੱਲਾਂ ਕਰਨਾ, ਔਰਤਾਂ ਦੀ ਮਹਿਫਿਲ ਵਿੱਚ ਬਹਿਣਾ ਉਹਨੂੰ ਚੰਗਾ ਲੱਗਣ ਲੱਗਾ। ਸਿਨਮਾ ਹਾਲ ਵਿੱਚ ਉਹ ਹਮੇਸ਼ਾ ਇਹੋ ਜਿਹੀ ਸੀਟ ਪਸੰਦ ਕਰਦਾ ਜਿੱਥੇ ਨੇੜੇ ਕੋਈ ਔਰਤ ਬੈਠੀ ਹੁੰਦੀ। ਭੀੜ ਵਿੱਚ ਕਿਸੇ ਔਰਤ ਦੇ ਕੱਪੜਿਆਂ ਦੀ ਮਹਿਕ ਸੁੰਘ ਲੈਣ ਜਾਂ ਕਿਸੇ ਔਰਤ ਦੇ ਮੋਢੇ ਨਾਲ ਮੋਢਾ ਛੁਹਾ ਕੇ ਗੁਜ਼ਰ ਜਾਣ ਵਿੱਚ ਉਹਨੂੰ ਲੁਤਫ਼ ਆਣ ਲੱਗ ਪਿਆ। ਇਹੋ ਜਿਹੇ ਵੇਲੇ ਉਹ ਆਪਣੀ ਬੀਵੀ ਦੀ ਮੌਜੂਦਗੀ ਨੂੰ ਵੀ ਨਜ਼ਰ ਅੰਦਾਜ਼ ਕਰ ਜਾਂਦਾ। ਔਰਤ ਉਹਦੀ ਕਮਜ਼ੋਰੀ ਬਣ ਗਈ।ਦਿਨ ਦੇ ਉਜਾਲੇ ਵਿਚ ਉਹ ਔਰਤਾਂ, ਤੇ ਰਾਤ ਦੇ ਹਨੇਰੇ ਵਿੱਚ ਪਰਛਾਵਿਆਂ ਦਾ ਪਿੱਛਾ ਕਰਦਾ।

ਹਨੇਰੇ ਵਿਹੜੇ ਵਿੱਚੋਂ ਦੋ ਪਰਛਾਵੇਂ ਨਿਕਲ ਕੇ ਕਮਰੇ ਦੇ ਅੰਦਰ ਅੰਦਰ ਚਲੇ ਜਾਂਦੇ ਤੇ ਉਹ ਪਾਗਲਾਂ ਹਾਰ ਕਈ ਪਹਿਰ ਹਨੇਰੇ ਵਿੱਚ ਨਜ਼ਰਾਂ ਗੱਡੀ ਰੱਖਦਾ। ਭਲਾ ਇੰਜ ਵੇਖਣ ਨਾਲ ਉਹਨੂੰ ਕੀ ਮਿਲ ਜਾਂਦਾ ਸੀ? ਘਰਾਂ ਦੇ ਅੰਦਰ ਹਰ ਸ਼ਖ਼ਸ ਨੂੰ ਕਾਨੂੰਨ ਤੇ

ਮਜ਼ਹਬ ਵੱਲੋਂ ਮੁਕੰਮਲ ਆਜ਼ਾਦੀ ਹਾਸਲ ਸੀ। ਉਹਦੀ ਬੀਵੀ ਇਹਨਾਂ ਹਰਕਤਾਂ ਤੋਂ ਕੁੜ੍ਹਦੀ। ਕਈ ਵਾਰ ਉਹਨੇ ਹਨੇਰੇ ਵਿੱਚ ਖੁਦ ਆਪ ਵੀ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਤਾਂ ਕੁਝ ਵੀ ਨਜ਼ਰ ਨਹੀਂ ਆਇਆ। ਆਖਰ ਉਹਦਾ ਖਾਵੰਦ ਕਿਹਨੂੰ ਦੇਖਦਾ ਸੀ?

ਹਨੇਰੇ ਵਿਹੜੇ, ਬੰਦ ਦਰਵਾਜ਼ੇ, ਬੰਦ ਬਾਰੀਆਂ... ਨਾ ਕੋਈ ਪਰਛਾਵਾ, ਨਾ ਸਾਇਆ...ਇਕ ਗੰਭੀਰ ਖਾਮੋਸ਼ੀ, ਸੰਨਾਟਾ ਤੇ ਬੇਹਰਕਤੀ। ਉਹਨੇ ਆਪਣੇ ਖਾਵੰਦ ਨੂੰ ਕਈ ਵਾਰ ਜਤਾਇਆ ਵੀ ਕਿ ਆਖਰ ਉਹ ਕੀ ਦੇਖਦਾ ਹੈ। ਉਹਦੇ ਖਾਵੰਦ ਨੇ ਮੁਸਕੁਰਾ ਕੇ ਉਹਨੂੰ ਟਾਲ ਦਿੱਤਾ: "ਤੂੰ ਹਨੇਰਿਆਂ ਦੇ ਮਤਲਬ ਨਹੀਂ ਸਮਝਦੀ।"

ਉਹਨੂੰ ਇਹ ਮਤਲਬ ਜਾਣਨ ਦੀ ਜ਼ਰੂਰਤ ਵੀ ਨਹੀਂ ਸੀ। ਉਹਦੇ ਸ਼ੱਕ ਦੂਰ ਹੋ ਗਏ ਸਨ। ਉਝ ਵੀ ਹੁਣ ਇਸ ਵੱਖਰੇ ਘਰ ਵਿੱਚ ਉਹ ਪਹਿਲਾਂ ਵਾਂਗ ਉਦਾਸ ਨਹੀਂ ਸੀ। ਹੁਣ ਉਹਦਾ ਪਤੀ ਉਹਦੀ ਮੁਹੱਬਤ ਦਾ ਦਮ ਭਰਨ ਲਗ ਪਿਆ ਸੀ। ਦੂਜੀਆਂ ਔਰਤਾਂ ਵਿੱਚ ਉਹਦੀ ਦਿਲਚਸਪੀ ਸਿਰਫ ਦੇਖਣ ਤੱਕ ਹੀ ਸੀਮਤ ਸੀ। ਇਸ ਤੋਂ ਅੱਗੇ ਕੋਈ ਕਦਮ ਵਧਾਉਣ ਦਾ ਉਹਦਾ ਹੌਸਲਾ ਨਹੀਂ ਸੀ। ਬਹੁਤ ਛੇਤੀ ਉਹ ਆਪਣੇ ਸ਼ੌਹਰ ਦੀ ਇਸ ਮਾੜੀ ਆਦਤ ਨੂੰ ਅੱਖੋਂ ਪਰੋਖੇ ਕਰਨ ਲਗ ਪਈਅਤੇ ਲਾਪਰਵਾਹ ਹੋ ਗਈ। ਉਹ ਖੁਦ ਵੀ ਇੱਕ ਸਕੂਨ ਦਾ ਅਹਿਸਾਸ ਜਿਹਾ ਮਹਿਸੂਸ ਕਰਨ ਲੱਗਾ ਸੀ। ਹੁਣ ਬੀਵੀ ਦੇ ਕੋਲ ਜਾ ਕੇ ਉਹਨੂੰ ਘਬਰਾਹਟ ਨਹੀਂ ਸੀ ਹੁੰਦੀ, ਪਰ ਕਦੇ ਕਦੇ ਉਹਦੀ ਖਾਹਸ਼ ਆਪਣੇ ਆਪ ਢਿੱਲੀ ਜਿਹੀ ਪੈ ਜਾਂਦੀ। ਉਸ ਵੇਲੇ ਉਹ ਆਪਣੇ ਆਪ ਨੂੰ ਖਾਲੀ ਤੇ ਡਾਵਾਂ ਡੋਲ ਜਿਹਾ ਮਹਿਸੂਸ ਕਰਨ ਲੱਗਦਾ।

ਇਸ ਵਕਤ ਵੀ ਕੁਝ ਇਹੋ ਜਿਹੀ ਹਾਲਤ ਹੀ ਬਣੀ ਹੋਈ ਸੀ। ਉਹਦੀ ਬੀਵੀ ਉਹਦੀ ਜਜ਼ਬਾਤੀ ਪਰੇਸ਼ਾਨੀ ਤੋਂ ਬਿਲਕੁਲ ਅਣਭਿਜ, ਬੜੀ ਤਵੱਜੋਂ ਨਾਲ ਫਿਲਮ ਦੇਖ ਰਹੀ ਸੀ। ਉਹਨੇ, ਖਾਲੀਪਣ ਦੇ ਦਲਦਲ ਵਿੱਚ ਲਹਿੰਦੇ ਹੋਏ ਨੇ, ਇੱਕ ਵਾਰ ਕੋਸ਼ਿਸ਼ ਕਰਕੇ ਬੀਵੀ ਦਾ ਹੱਥ ਫੜ ਲਿਆ, ਉਹਨੂੰ ਟਟੋਲਿਆ, ਪਲੋਸਿਆ, ਪਰ ਉਸਦੀ ਇਸ ਛੋਹ ਵਿੱਚ ਉਹਨੂੰ ਕੋਈ ਗਰਮਾਹਟ, ਕੋਈ ਉਤੇਜਨਾ ਜਾਂ ਉਕਸਾਹਟ ਮਹਿਸੂਸ ਨਾ ਹੋਈ।ਬੀਵੀ ਨੇ ਇੱਕ ਵਾਰ ਹੱਥ ਝਟਕ ਕੇ ਉਹਦੇ ਜਜ਼ਬਾਤ ਠੰਡੇ ਕਰ ਦਿੱਤੇ, ਹੁਣ ਉਹਦਾ ਖਾਲੀ ਖਾਲੀ ਜਿਹਾ ਵਜੂਦ ਸਿਰ ਤੋਂ ਪੈਰ ਤੱਕ ਮੁਰਦੇਹਾਣੀ ਵਿੱਚ ਡੁੱਬ ਚੁਕਾ ਸੀ। ਤਾਂ ਵੀ ਉਹ ਆਪਣੀ ਬੀਵੀ ਦੇ ਹੱਥ ਨੂੰ ਹੌਲੇ ਹੌਲੇ ਦਬਾਉਂਦਾ ਰਿਹਾ। ਬੀਵੀ ਕੋਲੋਂ ਅਸਲੀਅਤ ਲੁਕਾਣ ਦੀ ਖਾਤਰ ਉਹ ਮਕਰ ਕਰ ਰਿਹਾ ਸੀ.... ਆਪਣੀ ਹੀ ਬੀਵੀ ਨਾਲ ਫ਼ਰੇਬ ਵਰਤ ਰਿਹਾ ਸੀ। ਬੇਦਿਲੀ ਨਾਲ ਉਹਨੇ ਬੀਵੀ ਦਾ ਹੱਥ ਛੱਡ ਦਿੱਤਾ ਤੇ ਕੁਰਸੀ ਨਾਲ ਢੋਅ ਲਾ ਕੇ ਬਹਿ ਗਿਆ। ਪਿੱਛੇ ਵੱਲ ਝੁਕਦੇ ਹੋਏ ਉਹਦੀ ਗਰਦਨ ਜਰਾ ਕੁ ਟੇਢੀ ਹੋ ਗਈ। ਉਹਨੇ ਦੇਖਿਆ ਪਿਛਲੇ ਪਾਸੇ ਕੱਟੇ ਹੋਏ ਵਾਲਾਂ ਵਾਲੀ ਇਕ ਔਰਤ ਬੈਠੀ ਹੈ। ਪਹਿਲਾਂ ਇਹ ਸੀਟ ਖਾਲੀ ਪਈ ਹੋਈ ਸੀ। ਫਿਲਮ ਦੇ ਦੌਰਾਨ ਇਹ ਔਰਤ ਉਥੇ ਆ ਕੇ ਬਹਿ ਗਈ ਸੀ। ਉਹਨੇ ਆਪਣੇ ਠੰਡੇ ਤੇ ਸੁੱਤੇ ਪਏ ਵਜੂਦ ਵਿੱਚ ਕੋਈ ਤਰੰਗ



ਜਿਹੀ ਲਹਿਰਾਂਦੀ ਮਹਿਸੂਸ ਕੀਤੀ। ਉਹਨੇ ਆਪਣੀ ਕਮੀਜ਼ ਦਾ ਕਾਲਰ ਦਰੁਸਤ ਕੀਤਾ, ਵਾਲਾਂ ਉਤੇ ਹੱਥ ਫੇਰਿਆ, ਲੱਤਾਂ ਦਾ ਟਿਕਾਅ ਬਦਲਿਆ, ਹਰ ਪਾਸਿਓਂ ਸਵਾਰ ਕੇ ਬਹਿ ਗਿਆ। ਰੱਬ ਜਾਣੇ ਉਹ ਕਿਹੋ ਜਿਹੀ ਸੀ, ਬੁੱਢੀ ਸੀ ਜਾਂ ਜਵਾਨ, ਹਸੀਨ ਸੀ ਜਾਂ ਬਦਸੂਰਤ? ਪਰ ਇਹ ਸਭ ਕੁਝ ਜਾਣਨ ਦੀ ਉਹਨੂੰ ਬਿਲਕੁਲ ਜ਼ਰੂਰਤ ਨਹੀਂ ਸੀ। ਉਹਨੂੰ ਹਰ ਤਰ੍ਹਾਂ ਦੀ ਔਰਤ ਪਸੰਦ ਆ ਜਾਂਦੀ ਸੀ। ਉਹਦੇ ਲਈ ਔਰਤ ਦਾ ਔਰਤ ਹੋਣਾ ਕਾਫੀ ਤੇ ਅਹਿਮ ਸੀ। ਹਰ ਔਰਤ ਨੂੰ ਦੇਖ ਕੇ ਉਹਦਾ ਮੂੰਹ ਹੈਰਤ ਦੇ ਨਾਲ ਇਵੇਂ ਖੁੱਲ੍ਹ ਜਾਂਦਾ ਜਿਵੇਂ ਧਰਤੀ ਤੇ ਉਹ ਪਹਿਲੀ ਔਰਤ ਹੋਵੇ ਜਿਸ ਨੂੰ ਉਹਨੇ ਵੇਖਿਆ ਹੋਵੇ।

ਹਨੇਰੇ ਵਿੱਚ ਬੈਠੀ ਔਰਤ ਉਹਨੂੰ ਸਾਫ ਸਾਫ ਦਿਸ ਨਹੀਂ ਸੀ ਰਹੀ। ਸਕਰੀਨ ਤੋਂ ਫੁੱਟਦੀ ਮੱਧਮ ਰੌਸ਼ਨੀ ਵਿੱਚ ਸਿਰਫ ਕੱਟੇ ਹੋਏ ਵਾਲਾਂ ਦਾ ਗੁੱਛਾ ਜਿਹਾ ਦਿਸਦਾ ਪਿਆ ਸੀ। ਹਾਲ ਤੋਂ ਬਾਹਰ ਜਾਂਦਿਆ ਉਹਨੇ ਭਰਪੂਰ ਨਜ਼ਰਾਂ ਨਾਲ ਉਹਨੂੰ ਦੇਖਿਆ... ਇੱਕ ਬੇਹਦ ਮਾਮੂਲੀ ਔਰਤ ਚੁਸਤ ਲਿਬਾਸ ਪਾਈ ਬੈਠੀ ਸੀ। ਉਹਦੀ ਉਮਰ ਜਾਂ ਉਸਦੀ ਸੂਰਤ ਦੇ ਬਾਰੇ ਕੋਈ ਖਾਸ ਅੰਦਾਜ਼ਾ ਲਾ ਸਕਣਾ ਮੁਸ਼ਕਿਲ ਸੀ। ਉਹ ਆਪਣੇ ਪਤੀ ਦੇ ਨਾਲ ਬੈਠੀ ਕੋਕਾ ਕੋਲਾ ਪੀ ਰਹੀ ਸੀ, ਤੇ ਉਹਦੀ ਚੋਰ ਤੱਕਣੀ ਤੋਂ ਵੀ ਬੇਖ਼ਬਰ ਸੀ। ਉਹ ਬਾਹਰੋਂ ਵਾਪਸ ਆਇਆ ਤੇ ਸੀਟ ਤੇ ਬਹਿੰਦੇ ਹੋਏ ਉਹਨੇ ਦੁਬਾਰਾ ਨਜ਼ਰ ਸੁੱਟੀ। ਫਿਰ ਉਹ ਆਪਣੀ ਬੀਵੀ ਨਾਲ ਫਿਲਮ ਦੇ ਬਾਰੇ ਗੱਲਾਂ ਕਰਨ ਲੱਗ ਪਿਆ, ਪਰ ਉਹਦਾ ਅਸਲ ਧਿਆਨ ਤੇ ਪਿੱਛੇ ਵਲ ਹੀ ਸੀ। ਉਸ ਔਰਤ ਵਿੱਚੋਂ ਉਹ ਕੀ ਦੇਖ ਰਿਹਾ ਸੀ? ਸ਼ਾਇਦ ਕੁਝ ਵੀ ਨਹੀਂ। ਪਰ ਹੁਣ ਉਹ ਆਪਣੇ ਆਪ ਨੂੰ ਖੁਸ਼ ਤੇ ਹਲਕਾ ਮਹਿਸੂਸ ਕਰ ਰਿਹਾ ਸੀ। ਉਹਦੀ ਬੀਵੀ ਨੇ ਗੱਲਾਂ ਦੇ ਦੌਰਾਨ ਉਹਦੀ ਬੇਧਿਆਨੀ ਨੂੰ ਮਹਿਸੂਸ ਕੀਤਾ। ਇਸ ਗੱਲ ਦੀ ਵਜਹਾ ਵੀ ਉਹ ਜਾਣ ਗਈ, ਪਰ ਉਹ ਲਾਪਰਵਾਹ ਬਣੀ ਚਿਪਸ ਖਾਂਦੀ ਰਹੀ । ਹਾਲ ਵਿੱਚ ਇੱਕ ਵਾਰ ਫੇਰ ਹਨੇਰਾ ਹੋ ਗਿਆ। ਉਹ ਕੁਰਸੀ ਉੱਤੇ ਰਤਾ ਕੁ ਟੇਢਾ ਹੋ ਕੇ ਬੈਠਾ ਹੋਇਆ ਸੀ ਤੇ ਚੋਰ ਨਜ਼ਰਾਂ ਨਾਲ ਪਿੱਛੇ ਵੱਲ ਵੇਖ ਰਿਹਾ ਸੀ। ਅਚਾਨਕ ਸਿੱਧਾ ਹੋਇਆ ਤੇ ਬੀਵੀ ਦੇ ਨਾਲ ਜੁੜ ਕੇ ਬਹਿ ਗਿਆ। ਮੋਢੇ ਨਾਲ ਮੋਢਾ, ਬਾਂਹ ਨਾਲ ਬਾਂਹ ਜੋੜੀ ਉਹ ਬੈਠੇ ਸਨ। ਉਹਦੀ ਬੀਵੀ ਦਾ ਸਿਰ ਉਸ ਤੋਂ ਜ਼ਰਾ ਕੁ ਫਾਸਲੇ ਉੱਤੇ ਉਹਦੀ ਨੱਕ ਦੇ ਹੇਠਾਂ ਸੀ। ਸਿਰ ਤਾਂ ਕੁਝ ਦੇਰ ਪਹਿਲਾਂ ਏਥੇ ਹੀ ਸੀ ਪਰ ਹੁਣ ਉਹ ਉਸਦੇ ਵਾਲਾਂ ਤੋਂ ਉੱਠਣ ਵਾਲੀ ਖਾਸ ਖੁਸ਼ਬੂ ਵਿੱਚ ਇਕ ਸਰੂਰ ਮਹਿਸੂਸ ਕਰ ਰਿਹਾ ਸੀ। ਪਰ ਉਹਦੀਆਂ ਨਜ਼ਰਾਂ ਸਿਰ ਦੇ ਪਿੱਛੇ ਲੱਗੀਆਂ ਹੋਈਆਂ ਸਨ ਜਿਹੜੀਆਂ ਅੱਗੇ ਦੀ ਬਜਾਏ ਪਿੱਛੇ ਵੱਲ ਦੇਖ ਰਹੀਆਂ ਸਨ। ਅਚਾਨਕ ਉਹ ਬੀਵੀ ਦਾ ਹੱਥ ਫੜ ਕੇ ਬੋਲਿਆ, "ਚਲ ਫਰਖੰਦਾ ਘਰ ਚਲੀਏ" ਉਹਦੀ ਬੀਵੀ ਨੇ ਨਜ਼ਰਾਂ ਚੁਕ ਕੇ ਉਹਦੇ ਵੱਲ ਵੇਖਿਆ। ਉਹ ਇਸ ਵਕਤ ਉਹਨੂੰ ਬੜਾ ਕਮੀਨਾ ਤੇ ਲਾਲਚੀ ਜਾਪਿਆ। ਉਹਨੇ ਖਿਝ ਕੇ ਮੂੰਹ ਫੇਰ ਲਿਆ ਤੇ ਬੜਬੜਾ ਕੇ ਬੋਲੀ, "ਕਿਉ ਜਾਈਏ ਇਥੇ ਅਸੀਂ ਪੈਸੇ ਖਰਚ ਕਰਕੇ ਆਏ ਹਾਂ।"

"ਚਲ ਨਾ," ਉਹ ਮਸੋਸਿਆ ਗਿਆ, ਤੇ ਆਪਣੀਆਂ ਬਾਹਾਂ ਇਧਰ ਉਧਰ ਸੁੱਟ ਕੇ ਕੁਰਸੀ ਦੀ ਪਿੱਠ ਤੇ ਡਿੱਗ ਪਿਆ। ਹੁਣ ਉਹ ਆਪਣੀ ਬੀਵੀ ਕੋਲੋਂ ਬਿਲਕੁਲ ਕੱਟਿਆ ਹੋਇਆ, ਹਟ ਕੇ ਬੈਠਿਆ ਹੋਇਆ ਸੀ....ਗੁੰਮਸੁੰਮ ਤੇ ਖਾਮੋਸ਼... ਕੁਝ ਯਾਦ ਰੱਖਣ, ਕੁਝ ਭੁਲ ਜਾਣ ਦੀ ਕੋਸ਼ਿਸ਼ ਵਿੱਚ ਮਸਰੂਫ਼।

ਫਿਲਮ ਖਤਮ ਹੋ ਜਾਣ ਉਤੇ ਉਹਦੀ ਬੀਵੀ ਨੇ ਉਹਨੂੰ ਝੰਜੋੜਿਆ। ਉਹ ਉਠ ਖੜਿਆ। ਉਹਨੇ ਬੀਵੀ ਦਾ ਬੈਗ ਚੁੱਕਿਆ ਤੇ ਦੋਵੇਂ ਅੱਗੜ ਪਿੱਛੜ ਬਾਹਰ ਨਿਕਲ ਆਏ। ਬਹੁਤ ਸਾਰੇ ਖਾਲੀ ਤਾਂਗੇ ਤੇ ਰਿਕਸ਼ੇ ਖੜੇ ਸਨ। ਉਹ ਇੱਕ ਵਿੱਚ ਬਹਿ ਗਏ। ਰਿਕਸ਼ਾ ਟੁਰ ਪਿਆ। ਉਹ ਹੁਣ ਵੀ ਖਾਮੋਸ਼ ਸੀ। ਅੱਧਾ ਰਸਤਾ ਤੈਅ ਕਰਨ ਪਿੱਛੋਂ ਅਚਾਨਕ ਉਹਦੇ ਅੰਦਰ ਇੱਕ ਚਮਕ ਜਿਹੀ ਪੈਦਾ ਹੋਈ। ਉਹਨੇ ਬੀਵੀ ਵੱਲ ਝੁੱਕ ਕੇ ਉਹਦੇ ਕੰਨ ਵਿੱਚ ਕਿਹਾ, "ਅੱਜ ਭਲਾ ਕਿਹੜਾ ਦਿਨ ਹੈ?"

ਬੀਵੀ ਨੇ ਖਿਝੀਆਂ ਨਜ਼ਰਾਂ ਨਾਲ ਉਹਦੇ ਵੱਲ ਵੇਖਿਆ ਤੇ ਫਿਰ ਬੋਲੀ "ਸਾਰੇ ਦਿਨ ਇੱਕੋ ਜਿਹੇ ਹੀ ਹੁੰਦੇ ਨੇ।"

"ਉਂ ਹੂੰ।"

"ਕੋਈ ਫਰਕ ਵੀ ਤੇ ਹੋਵੇ ਨਾ!" ਆਮ ਔਰਤਾਂ ਦੀ ਤਰ੍ਹਾਂ ਉਹਦੀ ਬੀਵੀ ਪਹਿਲੂ ਬਚਾ ਗਈ। ਉਹ ਹੱਸ ਪਿਆ।

ਘਰ ਪਹੁੰਚ ਕੇ ਦੋਹਾਂ ਨੇ ਕੱਪੜੇ ਬਦਲੇ, ਮੂੰਹ ਹੱਥ ਧੋਤੇ। ਉਹਦੀ ਬੀਵੀ ਜਾਲੀ ਵਿੱਚੋਂ ਖਾਣਾ ਕੱਢ ਲਿਆਈ। ਜਦੋਂ ਤੱਕ ਬੀਵੀ ਖਾਣਾ ਲਾਂਦੀ ਰਹੀ ਉਹ ਹਨੇਰੇ ਕਮਰੇ ਵਿੱਚ ਖੜਾ ਬਾਰੀ ਥਾਣੀ ਬਾਅਦ ਦੇਖਦਾ ਰਿਹਾ। ਬੀਵੀ ਨੇ ਆਵਾਜ਼ ਮਾਰ ਕੇ ਪੁੱਛਿਆ, "ਹਨੇਰੇ ਵਿੱਚ ਕੀ ਲੱਭ ਰਹੇ ਹੋ?"

ਇਹ ਸਵਾਲ ਰਸਮੀ ਤੌਰ ਤੇ ਪੁੱਛਿਆ ਗਿਆ ਸੀ। ਉਹ ਕੋਈ ਜਵਾਬ ਦਿੱਤੇ ਬਗੈਰ ਬਾਹਰ ਨਿਕਲ ਆਇਆ। "ਬਤੌਲ ਦਾ ਮੀਆਂ ਆ ਗਿਆ ਏ।" ਉਹਨੇ ਬੈਠਦਿਆਂ ਹੌਲੇ ਜਿਹੇ ਕਿਹਾ।

"ਆ ਗਿਆ ਹੋਣਾ," ਬੀਵੀ ਨੇ ਤਿੜ ਕੇ ਕਿਹਾ।

ਮੈਂ ਉਹਨੂੰ ਹੁਣੇ ਦੇਖਿਆ ਏ, ਕਿਹੋ ਜਿਹੀ ਅਜੀਬ ਸੂਰਤ ਹੈ ਓਹਦੀ। ਬਤੌਲ ਉਹਦੇ ਨਾਲ ਭਲਾ ਖੁਸ਼ ਰਹਿੰਦੀ ਹੋਏਗੀ।

"ਸੂਰਤ ਹੀ ਤੇ ਸਾਰਾ ਕੁਝ ਨਹੀਂ ਹੁੰਦੀ," ਉਹਦੀ ਬੀਵੀ ਨੇ ਗੁੱਸੇ ਵਿੱਚ ਕਿਹਾ। ਉਹ ਹੱਸ ਪਿਆ ਤੇ ਇੱਕ ਗਰਾਹੀ ਬਣਾ ਕੇ ਬੀਵੀ ਦੇ ਮੂੰਹ ਵਿੱਚ ਪਾਂਦਿਆ ਬੋਲਿਆ, "ਕਦੀ ਤੂੰ ਮੇਰੇ ਹੱਥ ਤੋਂ ਗਰਾਹੀ ਲੈ ਕੇ ਖੁਸ਼ ਹੁੰਦੀ ਸੈਂ, ਪਰ ਹੁਣ ਪਤਾ ਨਹੀਂ ਕਿਉਂ ਮੇਰੇ ਕੋਲੋਂ ਘਬਰਾਣ ਲੱਗ ਪਈ ਏਂ... ਲੈ ਖਾ... ਤੂੰ ਕਿੰਨੀ ਚੰਗੀ ਏਂ, ਕਿੰਨੀ ਸੁਹਣੀ ਏਂ।"

"ਬਸ ਰਹਿਣ ਦਿਓ।" ਬੀਵੀ ਤੁਣਕ ਕੇ ਬੋਲੀ, "ਮੈਂ ਤੁਹਾਡੀ ਚਾਪਲੂਸੀ ਦਾ ਮਤਲਬ ਸਮਝਦੀ ਆਂ।"

"ਆਖਰ ਤੂੰ ਮੰਨ ਗਈ, ਕੋਈ ਵੀ ਦਿਨ ਕਿਸੇ ਦੂਜੇ ਦਿਨ ਵਰਗਾ ਨਹੀਂ ਹੁੰਦਾ।



ਹੈਨਾ।" ਉਹ ਹੱਸ ਪਈ।

ਰੋਟੀ ਖਾ ਕੇ ਬੀਵੀ ਨੇ ਭਾਂਡੇ ਸਾਂਭੇ। ਉਹ ਬਿਸਤਰਾ ਲੈ ਕੇ ਛੱਤ ਉੱਤੇ ਚੜ੍ਹ ਗਿਆ। ਗਿਆਰਾਂ ਦਾ ਵੇਲਾ ਹੋ ਗਿਆ ਸੀ। ਬਹੁਤੇ ਘਰਾਂ ਵਿੱਚ ਹਨੇਰਾ ਛਾ ਚੁੱਕਿਆ ਸੀ। ਸੜਕ ਉੱਤੇ ਥੋੜ੍ਹੇ ਥੋੜ੍ਹੇ ਫ਼ਰਕ ਤੇ ਲੱਗੇ ਹੋਏ ਖੰਭਿਆਂ ਤੋਂ ਮੱਧਮ ਰੌਸ਼ਨੀ ਵਾਲੇ ਬਲਬ ਪੀਲੀ ਤੇ ਫਿੱਕੀ ਰੌਸ਼ਨੀ ਇਧਰ ਉਧਰ ਸੁੱਟ ਰਹੇ ਸਨ। ਉਹ ਇਸ ਭੇਤਭਰੇ ਹਨੇਰੇ ਵਿੱਚ ਗੁਆਚ ਜਿਹਾ ਗਿਆ। ਉਹ ਇਸ ਹਨੇਰੇ ਦੇ ਅਰਥ ਜਾਣਦਾ ਸੀ। ਉਹ ਇਸ ਭੇਤ ਦੀਆਂ ਗੰਢਾਂ ਕਈ ਵਾਰ ਖੋਲ੍ਹ ਚੁੱਕਾ ਸੀ। ਉਹ ਇਸ ਹਨੇਰੇ ਨੂੰ ਪੜ੍ਹ ਰਿਹਾ ਸੀ... ਕਿਸੇ ਖੁੱਲੀ ਕਿਤਾਬ ਵਾਂਗ। ਲਫਜ਼ਾਂ ਦੀਆਂ ਕੁਝ ਸਪਸ਼ਟ ਅਤੇ ਕੁਝ ਸਮਝ ਮੰਗਦੀਆਂ ਸਤਰਾਂ ਉੱਤੇ ਉਹਦੀਆਂ ਤਜਰਬੇਕਾਰ ਨਜ਼ਰਾਂ ਦੌੜ ਰਹੀਆਂ ਸਨ। ਉਹ ਸਭ ਕੁਝ ਜਾਣਦਾ ਸੀ, ਸਭ ਕੁਝ ਸਮਝਦਾ ਸੀ।

ਉਹਨੇ ਸੋਚਿਆ ਫ਼ਰਖੰਦਾ ਗਲਤ ਕਹਿੰਦੀ ਹੈ। ਜੇਕਰ ਸਾਰੇ ਦਿਨ ਇੱਕੋ ਜਿਹੇ ਹੁੰਦੇ ਹਨ, ਤਾਂ ਫਿਰ ਇੱਕ ਦਿਨ ਇਹੋ ਜਿਹਾ ਕਿਹੜਾ ਹੁੰਦਾ ਹੈ ਕਿ ਜਦੋਂ ਅਸੀਂ ਹਨੇਰੇ ਨੂੰ ਸਮਝਣ ਲੱਗਦੇ ਹਾਂ, ਪਰ ਦੂਜੇ ਦਿਨ ਉਹੀ ਹਨੇਰਾ ਬੇਅਰਥ ਹੋ ਕੇ ਰਹਿ ਜਾਂਦਾ ਹੈ।

ਉਹ ਕੰਧੋ-ਕੰਧ ਘੁੰਮ ਰਿਹਾ ਸੀ ਅਤੇ ਹਨੇਰੇ ਦੀ ਤਹਿ ਤੱਕ ਪੁੱਜ ਜਾਣ ਦੀ ਜੱਦੋ ਜਹਿਦ ਵਿੱਚ ਸਭ ਕੁਝ ਭੁਲ ਚੁੱਕਾ ਸੀ।

ਉਹਨੇ ਆਪਣੀ ਬੀਵੀ ਦੀ ਉੱਤੇ ਆਣ ਦੀ ਦੱਬੀ-ਦੱਬੀ ਪੈੜ ਵੀ ਸੁਣੀ। ਉਹਦੀ ਬੀਵੀ ਆਪਣੀ ਮੰਜੀ ਤੇ ਲੇਟ ਗਈ। ਉਹਨੇ ਪਤੀ ਵੱਲ ਝਾਤ ਮਾਰੀ। ਹੁਣ ਉਹ ਕੁਝ ਦੇਰ ਪਹਿਲਾਂ ਤੋਂ ਵੱਖਰਾ ਨਜ਼ਰ ਆ ਰਿਹਾ ਸੀ। ਇਸ ਵੇਲੇ ਉਹਦੀ ਮੌਜੂਦਗੀ ਦੇ ਅਹਿਸਾਸ ਤੋਂ ਬਿਲਕੁਲ ਬੇਗਾਨਾ ਸੀ। ਉਹ ਕੁਝ ਦੇਰ ਚੁੱਪ ਪਈ ਉਹਨੂੰ ਦੇਖਦੀ ਰਹੀ। ਫਿਰ ਉਹਨੇ ਲਾਪਰਵਾਹੀ ਨਾਲ ਅੱਖਾਂ ਬੰਦ ਕਰ ਲਈਆਂ। ਉਹਦੀ ਬੀਵੀ ਮੂੰਹ ਫੇਰੀ, ਅੱਖਾਂ ਬੰਦ ਕੀਤੀ ਪਈ ਸੀ। ਇਸ ਵਕਤ ਆਪਣੇ ਖਾਵੰਦ ਦੀ ਬੇਰੁਖੀ ਉੱਤੇ ਕੁਝ ਖਿਝੀ ਵੀ, ਪਰ ਉਹ ਥੱਕੀ ਹੋਈ ਸੀ ਅਤੇ ਨੀਂਦ ਦੇ ਗਲਬੇ ਨੇ ਉਸ ਉੱਤੇ ਸਕੂਨ ਤੇ ਆਰਾਮ ਦੀ ਚਾਦਰ ਤਾਣ ਦਿੱਤੀ ਸੀ।

ਉਸੇ ਵੇਲੇ ਉਹਨੇ ਅਚਾਨਕ ਆਪਣੇ ਪਤੀ ਦੇ ਹੱਥ ਦੀ ਨਮੀ ਨੂੰ ਮਹਿਸੂਸ ਕੀਤਾ। ਉਹਦਾ ਹੱਥ ਤਰਬਤਰ ਸੀ। ਉਹ ਚੌਂਕ ਕੇ ਉਠ ਬੈਠੀ। ਉਹਦਾ ਖਾਵੰਦ ਉਹਦੇ ਉੱਤੇ ਝੁਕਿਆ ਹੋਇਆ ਸੀ।

"ਏਧਰ ਆ, ਫ਼ਰਖੰਦਾ... ਜਲਦੀ ਕਰ... ਅੱਜ ਤੈਨੂੰ ਦਿਖਾਵਾਂ ਹਨੇਰੇ ਵਿੱਚ ਕੀ ਨਹੀਂ ਦਿਸਦਾ... ਆ।

ਉਹ ਆਪਣੇ ਸ਼ੌਹਰ ਨੂੰ ਹੈਰਾਨੀ ਨਾਲ ਦੇਖ ਰਹੀ ਸੀ। ਆਖਰ ਉਹ ਕੁਝ ਬਿਨਾ ਕੁਝ ਸਮਝੇ ਉੱਠੀ। ਉਹਦੇ ਖਾਵੰਦ ਨੇ ਉਹਨੂੰ ਕੰਧ ਦੇ ਨਾਲ ਇਕ ਹਨੇਰੇ ਕੋਨੇ ਵਿੱਚ ਲਿਆ ਖੜਾ ਕੀਤਾ।

"ਉਹ... ਉਹ ਦੇਖ ਸਾਹਮਣੇ!" ਉਹ ਕੰਬਦੀ ਹੋਈ ਆਵਾਜ਼ ਵਿੱਚ ਬੋਲਿਆ।

ਉਹ ਉਧਰ ਖੁੱਲੀਆਂ ਅੱਖਾਂ ਨਾਲ ਸਾਹਮਣੇ ਦੇਖਣ ਲੱਗੀ। ਇਕ ਕਮਰੇ ਵਿੱਚ ਹਲਕੀ ਹਲਕੀ ਰੋਸ਼ਨੀ ਸੀ। ਬਾਰੀ ਖੁੱਲ੍ਹੀ ਸੀ ਤੇ ਜਾਲੀ ਵਿੱਚੋਂ ਅੰਦਰ ਦਾ ਨਜ਼ਾਰਾ ਦਿਸ ਰਿਹਾ ਸੀ। ਇੱਕ ਕੁੜੀ ਪਲੰਘ ਉੱਤੇ ਲੱਤ ਤੇ ਲੱਤ ਧਰੀ ਲੇਟੀ ਹੋਈ ਸੀ। ਮੱਧਮ ਰੋਸ਼ਨੀ ਵਿੱਚ ਸਾਫ ਸੁਥਰੇ ਬਿਸਤਰੇ ਤੇ ਲੇਟੀ ਉਹ ਕੁੜੀ ਬੜੀ ਖੂਬਸੂਰਤ, ਸੁਡੌਲ ਅਤੇ ਭਲੀ ਲੱਗ ਰਹੀ ਸੀ।

"ਇਹ ਵੀ ਕੋਈ ਅਨੋਖੀ ਗੱਲ ਹੋਈ।" ਉਹਨੇ ਖਿਝ ਕੇ ਕਿਹਾ।

"ਇਹ ਇੱਥੇ ਰੋਜ਼ ਲੇਟਦੀ ਹੈ ਤੇ"

"ਹੈਂ," ਉਹਦੀ ਬੀਵੀ ਨੇ ਹਿਕਾਰਤ ਤੇ ਤੰਜ਼ ਨਾਲ ਉਹਦੀ ਗੱਲ ਕੱਟ ਦਿੱਤੀ, "ਤੁਸੀਂ ਤੇ ਸੱਚਮੁੱਚ ਪਾਗਲ ਹੋ ਚੁੱਕੇ ਹੋ। ਇਹ ਕੁੜੀ ਤੇ ਅੱਜ ਹੀ ਉਹਨਾਂ ਦੇ ਘਰ ਮਹਿਮਾਨ ਬਣ ਕੇ ਆਈ ਹੈ, ਭਲਾ ਮੈਨੂੰ ਨਹੀਂ ਪਤਾ।" ਉਹਦੀ ਬੀਵੀ ਪਰਤ ਕੇ ਆਪਣੀ ਮੰਜੀ ਤੇ ਚਲੀ ਗਈ। ਉਹ ਹਨੇਰੇ ਵਿੱਚੋ ਇਕੱਲਾ ਖੜੋਤਾ ਰਹਿ ਗਿਆ।

ਉਹਦੀ ਬੀਵੀ ਨੇ ਪਾਸਾ ਪਰਤ ਕੇ ਸੌਣਾ ਚਾਹਿਆ ਪਰ ਨੀਂਦ ਉਹਦੀਆਂ ਅੱਖਾਂ ਵਿੱਚੋਂ ਉੱਡ ਚੁੱਕੀ ਸੀ। ਉਹਨੇ ਸਿਰ ਚੁੱਕ ਕੇ ਦੇਖਿਆ। ਉਹਨੂੰ ਆਪਣੇ ਆਪ ਵਿੱਚ ਬੇਚੈਨੀ ਮਹਿਸੂਸ ਹੋ ਰਹੀ ਸੀ। ਉਹਦਾ ਪਤੀ ਹੁਣ ਵੀ ਉਥੇ ਖੜਾ ਉਸ ਕੁੜੀ ਨੂੰ ਦੇਖ ਰਿਹਾ ਸੀ ਜੋ ਉਹਨੂੰ ਬੜੀ ਦਿਲਕਸ਼ ਲੱਗੀ ਸੀ। ਗੁੱਸੇ ਤੇ ਸਾੜ ਦੇ ਨਾਲ ਉਹਦਾ ਜੀਅ ਕੀਤਾ ਕਿ ਉਹ ਚੀਕ ਪਵੇ, ਪਰ ਉਦੋਂ ਹੀ ਉਹਨੂੰ ਆਪਣੇ ਖਾਵੰਦ ਦੇ ਹੱਥ ਦਾ ਦਬਾਅ ਮਹਿਸੂਸ ਹੋਇਆ। ਗੁੱਸੇ ਦੀ ਥਾਂ ਇਕਦਮ ਉਹਨੇ ਆਪਣੇ ਦਿਲ ਵਿੱਚ ਖੁਸ਼ੀ ਦੀ ਚਮਕ ਮਹਿਸੂਸ ਕੀਤੀ। ਇਕ ਹੀ ਛਿਣ ਵਿੱਚ ਉਹ ਹਾਰਦਿਆਂ-ਹਾਰਦਿਆਂ ਜਿਵੇਂ ਜਿੱਤ ਗਈ ਸੀ। ਜੇਤੂ ਮੁਸਕੁਰਾਹਟ ਦੇ ਨਾਲ ਉਹ ਪਲਟੀ। ਉਹਦੇ ਪਤੀ ਨੇ ਫੌਰਨ ਗਰਮ ਜੋਸ਼ੀ ਦੇ ਨਾਲ ਉਹਨੂੰ ਆਪਣੀਆਂ ਬਾਹਵਾਂ ਵਿਚ ਘੁਟ ਲਿਆ, ਤੇ ਉਹਨੂੰ ਇਸ ਜੋਸ਼ ਤੇ ਜਜ਼ਬੇ ਨਾਲ ਆਪਣੇ ਨਾਲ ਜਕੜਿਆ ਕਿ ਉਹਦਾ ਦਮ ਘੁੱਟ ਜਿਹਾ ਗਿਆ। ਉਹਦੇ ਪਤੀ ਦਾ ਜਿਸਮ ਪਸੀਨੇ ਨਾਲ ਗੜੁੱਚ ਸੀ ਤੇ ਕੰਬ ਰਿਹਾ ਸੀ। ਅਚਾਨਕ ਉਹਨੇ ਆਪਣੇ ਹੋਂਠ ਉਹਦੇ ਹੋਠਾਂ ਵਿੱਚ ਗੱਡ ਦਿੱਤੇ। ਜਜ਼ਬੇ ਦੀ ਇਹੋਜਿਹੀ ਸ਼ਿੱਦਤ ਤਾਂਉਸਨੂੰ ਪਹਿਲੀ ਰਾਤ ਵੀ ਮਹਿਸੂਸ ਨਹੀਂ ਸੀ ਹੋਈ।

ਪਰ ਫੇਰ ਉਹਦੀ ਇਸ ਹੈਰਾਨੀਜਨਕ ਖੁਸ਼ੀ ਉਹਦੇ ਦਿਲ ਤੋਂ ਗਾਇਬ ਹੋ ਗਈ, ਤੇ ਉਹਨੇ ਪਹਿਲੀ ਵਾਰ ਆਪਣੇ ਖਾਵੰਦ ਨੂੰ ਉਹਦੇ ਦਿਲ ਵਿੱਚ ਉਤਰ ਕੇ ਦੇਖਿਆ ਤੇ ਉਹਨੂੰ ਮਹਿਸੂਸ ਹੋਇਆ ਜਿਵੇਂ ਉਹਦੇ ਖਾਵੰਦ ਦੇ ਸਾਹਮਣੇ ਉਹਦੀ ਬੀਵੀ ਫ਼ਰਖੰਦਾ ਨਹੀਂ ਲੇਟੀ ਹੋਈ... ਉਹ ਤੇ ਕਦੀ ਉਹਦੀ ਸਾਹਮਣੇ ਹੋਈ ਹੀ ਨਹੀਂ... ਇਹ ਤਾਂ ਕੋਈ ਹੋਰ ਹੈ... ਕੋਈ ਹੋਰ ...

ਅਚਾਨਕ ਨਫਰਤ ਭਰੇ ਇਕ ਜ਼ੋਰਦਾਰ ਝਟਕੇ ਦੇ ਨਾਲ ਉਹਨੇ ਆਪਣੇ ਖਾਵੰਦ ਨੂੰ ਪਿੱਛੇ ਵੱਲ ਧੱਕ ਦਿੱਤਾ। ਉਹਦਾ ਖਾਵੰਦ ਪਲਟ ਕੇ ਦੂਰ ਜਾ ਪਿਆ, ਤੇ ਹੈਰਤ ਤੇ ਖੌਫ ਨਾਲ ਉਹਨੂੰ ਘੂਰਨ ਲੱਗਾ।



**ਕਹਾਣੀ**

## ਝਰਨਾ

**-ਕੁਲਜੀਤ ਮਾਨ**

ਅਮਰੀਕ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। "ਬੱਸ, ਭਰਾਵੋ; ਮੈਂ ਤੁਹਾਨੂੰ ਇਸ ਤੋਂ ਵੱਧ ਕੁਝ ਨਹੀਂ ਦੱਸ ਸਕਦਾ। ਜੇ ਮੈਂ ਤੁਹਾਨੂੰ ਸਾਰਾ ਕੁਝ ਹੀ ਦੱਸ ਦੇਵਾਂ, ਤਾਂ ਮੈ ਭੋਲੀ ਨੂੰ ਕੀ ਮੂੰਹ ਵਿਖਾਵਾਂਗਾ? ਮੇਰੇ ਥੋੜ੍ਹੇ ਕਹੇ ਨੂੰ ਹੀ ਬਹੁਤਾ ਜਾਣੋ। ਕਿਹੜੇ ਘਰ ਵਿੱਚ ਉਚ-ਨੀਚ ਨਹੀ ਹੁੰਦੀ? ਗੁੱਸੇ ਦਾ ਮਤਲਬ ਇਹ ਤੇ ਨਹੀ ਕਿ ਦੂਜੇ ਦੀ ਜ਼ਖ਼ਣਾ ਹੀ ਪੁਟ ਦੇਵੋ। ਤੁਸੀਂ ਮੇਰੇ ਸੰਖੇਪਤਾ ਤੋਂ ਪੂਰੀ ਕਹਾਣੀ ਦਾ ਅੰਦਾਜ਼ਾ ਲਗਾ ਸਕਦੇ ਹੋ।"

"ਪਰ ਫੇਰ ਵੀ!"

"ਜੇ ਭੋਲੀ ਦੀ ਜਗ੍ਹਾ ਕੋਈ ਹੋਰ ਹੁੰਦੀ ਤਾਂ ਮੈਂ ਉਸਨੂੰ ਤਲਾਕ ਦੇ ਦਿੰਦਾ।"

"ਦੋਸਤੋ, ਅਮਰੀਕ ਦੀ ਗੱਲ ਸੁਣਕੇ,ਕਿਵੇਂ ਮਹਿਸੂਸ ਕਰਦੇ ਹੋ? ਮੇਰਾ ਤੇ ਰੋਜ਼ ਦਾ ਕੰਮ ਹੈ,ਫ਼ੇਰ ਵੀ... ਪਤਾ ਨਹੀ... ਅੱਜ ਕੁਝ ਬਹੁਤਾ ਹੀ ਭਾਰਾ ਜਿਹਾ ਕੰਮ ਹੋ ਗਿਆ ਹੈ। ਇੰਝ ਕਰਦੇ ਹਾਂ ਦਸ ਮਿੰਟ ਦੀ ਬਰੇਕ ਲੈਂਦੇ ਹਾਂ,ਲੱਤਾਂ ਸਿਧੀਆਂ ਕਰ ਲਵੋ, ਕਾਫੀ ਪੀ ਲਵੋ, ਠੀਕ ਸਵਾ ਤਿੰਨ ਵਜੇ ਫੇਰ ਸੈਸ਼ਨ ਸ਼ੁਰੂ ਕਰਦੇ ਹਾਂ।" ਹੈਰੀ ਨੇ ਘੜੀ ਵਲ ਵੇਖਕੇ ਕਿਹਾ ਤੇ ਅਸੀਂ ਸਾਰੇ ਹੀ ਉਠ ਖੜ੍ਹੇ ਹੋਏ।

"ਅਮਰ, ਭਾਵੇਂ ਤੁਸੀਂ ਇਸਨੂੰ ਅੰਦਰੋਂ ਦੇਖੋ ਜਾਂ ਬਾਹਰੋਂ, ਸਹੀ ਕੀ ਹੈ ਤੇ ਗਲਤ ਕੀ ਹੈ,ਇਸਦਾ ਨਿਰਣਾ ਤੁਹਾਡੀ ਸੋਚ ਨੇ ਹੀ ਕਰਨਾ ਹੁੰਦਾ ਹੈ। ਭਾਵਨਾਵਾਂ ਨੂੰ ਤੁਹਾਡੀ ਸੋਚ ਨੇ ਹੀ ਉਸਾਰਨਾ ਹੁੰਦਾ ਹੈ। ਸੱਚ ਉੱਥੇ ਹੁੰਦਾ ਹੈ ਜਿੱਥੇ ਭਾਵਨਾਵਾਂ ਰਹਿੰਦੀਆਂ ਹਨ; ਭਾਵਨਾਵਾਂ ਨੇ ਹੀ ਤੁਹਾਡਾ ਆਲਾ ਦੁਆਲਾ ਉਸਾਰਨਾ ਹੁੰਦਾ ਹੈ। ਤੂੰ ਸਮਝਦਾ ਹੈਂ ਮੇਰੀ ਗੱਲ ਕਿ ਨਹੀਂ?"

"ਵੀਰ ਮੇਰਿਆ ਮੈਨੂੰ ਕਦੋਂ ਇਤਰਾਜ਼ ਹੈ?

"ਇਹ ਉਹ ਥਾਂ ਹੈ ਜਿੱਥੇ ਸਾਰੇ ਭੇਦ ਦੱਬੇ ਹੁੰਦੇ ਹਨ।"

'ਕੀ ਗੋਮਤੀ ਵੀ ਇੰਝ ਹੀ ਸੋਚਦੀ ਹੈ, ਜਗਤ ਵੀਰ?' ਮੈਂ ਦਬਾਅ ਨੂੰ ਹਲਕਾ ਕਰਨ ਲਈ ਕਿਹਾ।

"ਅਮਰ, ਛੱਡ ਇਹ ਗੱਲਾਂ, ਆਪਾਂ ਨੂੰ ਨਹੀ ਜਚਦੀਆਂ। ਮਾਇਕਲ ਹੈ ਨਾ ਇਹੋ ਜਿਹੀਆਂ ਗੱਲਾਂ ਕਰਨ ਨੂੰ!"

"ਜਗਤ ਵੀਰ, ਤੁਸੀਂ ਸਾਰਿਆਂ ਨਾਲ ਹੀ ਇੰਝ ਵਰਤਾਅ ਕਰਦੇ ਹੋ ਜਾਂ ਮੇਰੇ ਨਾਲ ਹੀ ਜੁੜ ਗਏ ਹੋ?"

"ਵੇਖ ਅਮਰ, ਇਹ ਮੇਰੇ ਕੰਮ ਦਾ ਹਿੱਸਾ ਨਹੀ ਪਰ ਮੈਨੂੰ ਖੁਸ਼ੀ ਮਿਲਦੀ ਹੈ। ਉਹ ਭਾਵੇਂ ਤੂੰ ਹੋਵੇਂ ਜਾਂ ਕੋਈ ਹੋਰ।"

"ਹੋਰ ਦਾ ਤੇ ਪਤਾ ਨਹੀ ਪਰ ਮੈ ਤੁਹਾਨੂੰ ਹਮੇਸ਼ਾਂ ਯਾਦ ਰਖਾਂਗਾ।"

"ਤੁਹਾਡੀ, ਮੇਰੀ, ਜਾਂ ਕਿਸੇ ਦੀ ਵੀ ਜ਼ਿੰਦਗੀ ਵਿਚ ਜੋ ਤੁਸੀਂ ਮਹਿਸੂਸ ਕਰਦੇ ਹੋ, ਮੌਜੂਦ ਹੈ, ਫੇਰ ਕਿਉਂ ਨਾ ਉਸਨੂੰ ਜ਼ਿੰਦਾ ਰਖਿਆ ਜਾਵੇ ਇਹ ਸਾਰੀ ਦੁਨੀਆ ਦੇ ਲੋਕਾਂ ਦੀ ਤਸੱਲੀ ਹੈ; ਇਹ ਤੁਹਾਡੀ ਵੀ ਹੋਣੀ ਚਾਹੀਦੀ ਹੈ।"

"ਭਾਜੀ, ਤੁਸੀਂ ਮੈਨੂੰ ਕਿਸੇ ਹੋਰ ਹੀ ਮਾਮਲੇ ਵਿੱਚ ਉਲਝਾ ਦਿੱਤਾ ਹੈ। ਮੇਰੇ ਕੋਲ ਅੱਜ ਕਹਿਣ ਲਈ ਹੋਰ ਕੁਝ ਨਹੀਂ ਹੈ; ਅਸੀਂ ਅਗਲੇ ਹਫ਼ਤੇ ਗੱਲ ਕਰਾਂਗੇ। ਕੀ ਤੁਸੀਂ ਮੇਰੇ ਲਈ ਅੱਧਾ ਘੰਟਾ ਕੱਢੋਗੇ?"

"ਹਾਂ, ਬੇਸ਼ੱਕ, ਮੈਨੂੰ ਖੁਸ਼ੀ ਹੋਵੇਗੀ ਜੇਕਰ ਮੈਂ ਤੇਰੇ ਕਿਸੇ ਕੰਮ ਆ ਸਕਾਂ।"

ਇਸ ਤੋਂ ਬਾਅਦ, ਅਸੀਂ ਦੋਵੇਂ ਕਾਰਾਂ ਵਿੱਚ ਬੈਠ ਕੇ ਘਰਾਂ ਵੱਲ ਚੱਲ ਪਏ। ਹਾਈਵੇਅ 'ਤੇ ਗੱਡੀ ਚਲਾਉਂਦੇ ਸਮੇਂ, ਮੈਂ ਇਨ੍ਹਾਂ ਦੁਬਿਧਾਵਾਂ ਬਾਰੇ ਸੋਚਿਆ, ਜੋ ਕਈ ਵਾਰ ਕਿਸੇ ਵਿਅਕਤੀ ਨੂੰ ਹੌਲੀ ਕਰ ਦਿੰਦੀਆਂ ਹਨ।

ਜਦੋਂ ਮੈਂ ਅਗਲੇ ਸ਼ਨੀਵਾਰ ਪਹੁੰਚਿਆ, ਤਾਂ ਸਾਰੇ ਹੇਠਾਂ ਤੁਰੇ ਫਿਰਦੇ ਸਨ। ਸੈਸ਼ਨ ਸ਼ੁਰੂ ਹੋਣ ਵਿੱਚ ਅਜੇ ਪੰਦਰਾਂ ਮਿੰਟ ਬਾਕੀ ਸਨ। ਮੈਂ ਇਕੱਲਾ ਲਿਫਟ ਲੈ ਕੇ ਉੱਪਰ ਚਲਾ ਗਿਆ।

ਮੈਂ ਸਾਈਨ ਇਨ ਕੀਤਾ ਅਤੇ ਹੈਰੀ ਨੇ ਮੈਨੂੰ ਆਪਣੇ ਦਫ਼ਤਰ ਵਿੱਚ ਬੁਲਾਇਆ ਅਤੇ ਕਿਹਾ, "ਮਿਸਟਰ ਜਗਤ, ਮੈਂ ਦੇਖ ਰਿਹਾ ਹਾਂ ਕਿ ਤੁਸੀਂ ਅਮਰ ਦੀ ਮਦਦ ਕਰ ਰਹੇ ਹੋ, ਜੋ ਤੁਹਾਨੂੰ ਨਹੀਂ ਕਰਨੀ ਚਾਹੀਦੀ; ਇਹ ਤੁਹਾਡਾ ਕੰਮ ਨਹੀਂ ਹੈ। ਤੁਹਾਡਾ ਕੰਮ ਸਿਰਫ ਇੰਟਰਪਰੈਟ ਕਰਨਾ ਹੈ।" ਮੈਂ ਚੁੱਪਚਾਪ ਉਸ ਵੱਲ ਦੇਖਿਆ ਤੇ ਕਿਹਾ, "ਮੈਂ ਤੁਹਾਡੇ ਕੰਮ ਲਈ ਆਪਣਾ ਸੁਭਾਅ ਨਹੀਂ ਬਦਲਾਂਗਾ। ਨਾਲੇ ਇਹ ਮੇਰਾ ਕੰਮ ਕਿਉਂ ਨਹੀ ਹੈ? ਸ਼ਬਦਾਂ ਦੇ ਪਿੱਛੇ ਛੁਪੇ ਅਰਥ ਵੀ ਤੇ ਤਰਜਮੇ ਵਿੱਚ ਹੀ ਆਉਂਦੇ ਹਨ।" ਇਸਤੋਂ ਬਾਦ ਮੈ ਚੁੱਪ ਧਾਰ ਲਈ।

ਮੇਰੀ ਚੁੱਪੀ ਦੇਖ ਕੇ, ਹੈਰੀ ਵੀ ਚੁੱਪ ਹੋ ਗਿਆ।

"ਹੈਰੀ, ਕੀ ਤੁਸੀਂ ਕੁਝ ਹੋਰ ਕਹਿਣਾ ਹੈ ਕਿ ਮੈ ਜਾਵਾਂ?" "ਇਸਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਨੌਕਰੀ ਦੀ ਵੀ ਪਰਵਾਹ ਨਹੀਂ ਹੈ?"

"ਮੈਂ ਇਹ ਕਦੋਂ ਕਿਹਾ?"

"ਪਰ ਮੈਂ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ।"

"ਠੀਕ ਹੈ, ਜੋ ਵੀ ਤੁਸੀਂ ਸਹੀ ਮਹਿਸੂਸ ਕਰਦੇ ਹੋ, ਉਹ ਕਰੋ, ਕੁਝ ਵੀ ਨਿੱਜੀ ਨਹੀਂ।"

"ਜਗਤ, ਆਓ ਗੱਲ ਕਰੀਏ; ਤੁਹਾਡੇ ਮਨ ਵਿੱਚ ਕੀ ਚੱਲ ਰਿਹਾ ਹੈ?"

"ਹੈਰੀ, ਤੇਰੀ ਫੁਲ ਟਾਇਮ ਜੌਬ ਹੈ। ਤੁਹਾਡਾ ਇੱਕ ਪੂਰਾ ਪਰਿਵਾਰ ਵੀ ਹੋਵੇਗਾ।"

"ਤਾਂ"!

"ਦੇਖੋ, ਅਸੀਂ ਦੋਵੇਂ ਸਿਸਟਮ ਦਾ ਹਿੱਸਾ ਹਾਂ, ਹੈ ਨਾ? ਅਸੀਂ ਸੈਸ਼ਨ ਵਿੱਚ ਆਏ ਕਲਾਇੰਟ ਦੇ ਗੁੱਸੇ ਦਾ ਇਲਾਜ ਕਰਨਾ ਹੈ, ਉਹ ਤੁਸੀਂ ਕਰਨਾ ਹੈ, ਮੈ ਨਹੀਂ; ਮੈਂ ਤੁਹਾਡੀ



ਮਦਦ ਲਈ ਸਿਰਫ਼ ਇੱਕ ਪੁਰਜਾ ਹਾਂ ਤਾਂ ਕਿ ਕਿਸੇ ਸਿੱਟੇ ਤੇ ਪਹੁੰਚਿਆ ਜਾਵੇ ਤੇ ਕਲਾਇੰਟ ਨੂੰ ਸਹੀ ਦਿਸ਼ਾ ਵੱਲ ਤੋਰ ਸਕੀਏ। ਜੇ ਮੈਂ ਆਪਣੇ ਕਲਾਇੰਟ ਦੀ ਗੱਲ ਸੁਣਦਾ ਹਾਂ ਅਤੇ ਉਸਦੀ ਥੋੜ੍ਹੀ ਜਿਹੀ ਮਦਦ ਕਰਦਾ ਹਾਂ, ਤਾਂ ਕੋਡ ਔਫ ਕੰਡਕਟ ਕਿੱਥੋਂ ਆ ਗਿਆ? ਜੇ ਜ਼ਰੂਰੀ ਹੋਵੇ, ਤਾਂ ਕੋਡ ਨੂੰ ਬਦਲਣਾ ਚਾਹੀਦਾ ਹੈ, ਮੈਨੂੰ ਨਹੀਂ। ਮੈਨੂੰ ਆਪਣੀਆਂ ਭਾਵਨਾਵਾਂ ਤੋਂ ਰੋਕਣਾ ਸੰਭਵ ਹੀ ਨਹੀ।"

"ਤੁਸੀਂ ਸਹੀ ਹੋ ਸਕਦੇ ਹੋ, ਪਰ ਤੁਸੀਂ ਗੋਮਤੀ ਨੂੰ ਨਹੀਂ ਜਾਣਦੇ।"

"ਹੈਰੀ, ਤੂੰ ਬਹੁਤ ਸੋਹਣਾ ਮੁੰਡਾ ਹੈਂ। ਗੋਮਤੀ ਲਈ ਕੁਝ ਕਰ; ਉਸਦਾ ਸੁਭਾਅ ਬਦਲ ਸਕਦਾ ਹੈ, ਜੇ ਤੂੰ ਚਾਹਵੇਂ!"

ਹੈਰੀ ਹੱਸਿਆ ਤੇ ਬੋਲਿਆ, "ਚਲ ਬਦਮਾਸ਼ ਕਿਸੇ ਥਾਂ ਦਾ। ਇਸ ਮੁੱਦੇ 'ਤੇ ਦੁਬਾਰਾ ਗੱਲ ਕਰਾਂਗੇ।"

"ਗੋਮਤੀ ਦੇ ਮੁੱਦੇ 'ਤੇ?" ਮੈਂ ਗੱਲ ਨੂੰ ਹਲਕਾ ਕਰਨ ਲਈ ਕਿਹਾ, ਉਂਝ ਮੈਨੂੰ ਵੀ ਪਤਾ ਸੀ ਇਹੋ ਜਿਹੀ ਗੱਲਬਾਤ ਉਸਦੀ ਜੌਬ ਦਾ ਹਿੱਸਾ ਹੈ।

ਹੈਰੀ ਆਪਣੀ ਆਮ ਮੁਸਕਰਾਹਟ ਨਾਲੋਂ ਜ਼ਿਆਦਾ ਹੱਸ ਪਿਆ ਤੇ ਇਹੋ ਮੈ ਚਾਹੁੰਦਾ ਸੀ।

ਅਸੀਂ ਅੰਦਰ ਆ ਕੇ ਬੈਠ ਗਏ; ਅਮਰੀਕ ਅੱਜ ਫਿਰ ਫਿੱਕਾ ਦਿਖਾਈ ਦੇ ਰਿਹਾ ਸੀ। ਹੈਰੀ ਆਪਣੀ ਕੁਰਸੀ 'ਤੇ ਆਕੜ ਕੇ ਬੈਠ ਗਿਆ। ਆਪਣੇ ਦੋਵੇਂ ਹੱਥ ਜੋੜ ਕੇ ਜਿਵੇਂ ਉਹ ਕਿਸੇ ਚੀਜ਼ ਬਾਰੇ ਸੋਚ ਰਿਹਾ ਹੋਵੇ।

ਮੈਂ ਚਾਹੁੰਦਾ ਸੀ ਕਿ ਹੈਰੀ ਆਪਣੇ ਹੱਥ ਖੋਲ੍ਹੇ ਅਤੇ ਆਰਾਮ ਨਾਲ ਬੈਠ ਜਾਵੇ, ਪਰ ਸ਼ਾਇਦ ਆਪਣੇ ਹੱਥ ਜੋੜ ਕੇ ਰੱਖਣ ਨਾਲ ਉਸਨੂੰ ਆਪਣੇ ਤਣਾਅ ਨੂੰ ਸੰਭਾਲਣ ਵਿੱਚ ਮਦਦ ਮਿਲਦੀ ਹੋਵੇ, ਜਿਵੇਂ ਮੈਂ ਸੋਚਦੇ ਸਮੇਂ ਆਪਣੀ ਲੱਤ ਹਿਲਾਉਂਦਾ ਹਾਂ।

ਮੈਨੂੰ ਪਤਾ ਸੀ, ਮੇਰੇ ਵਿਹਾਰ ਨਾਲ ਮੇਰੇ ਲਈ ਮੁਸ਼ਕਲ ਹੋਣੀ ਲਾਜ਼ਮੀ ਸੀ, ਕਹਿੰਦੇ ਹਨ ਕਿ ਜਨੂੰਨ ਦਾ ਕੋਈ ਮੁੱਲ ਨਹੀਂ ਹੁੰਦਾ, ਜਦੋਂ ਜਨੂੰਨ ਵੀ ਰੱਬੀ ਦਾਤ ਵਰਗਾ ਹੋਵੇ।

ਹੈਰੀ ਨੇ ਆਪਣੀਆਂ ਐਨਕਾਂ ਉਤਾਰੀਆਂ, ਅੱਖਾਂ ਮਲੀਆਂ ਤੇ ਚੇਹਰੇ ਤੇ ਮੁਸਕਰਾਹਟ ਚੇਪ ਲਈ।

ਸਾਰੇ ਹੈਰੀ ਵਲ ਵੇਖ ਰਹੇ ਸਨ,ਉਸਨੇ ਹੀ ਕੁਝ ਬੋਲਣਾ ਸੀ, ਉਹ ਬੋਲਿਆ, ਅੱਜ, ਸਾਡਾ ਇੱਕ ਹੋਰ ਸਾਥੀ ਸ਼ਾਮਲ ਹੋਇਆ ਹੈ।

ਮੈਂ ਦਿਲੋਂ ਹੱਸ ਪਿਆ ਅਤੇ ਮੇਰੀਆਂ ਅੱਖਾਂ ਵਿੱਚ ਹਾਸਾ ਆ ਗਿਆ। ਸੋਚ ਦੀਂ ਭੰਬੀਰੀ ਘੁੰਮੀ, ਤੇ ਇਹ ਗੱਲ ਹੈ? ਅੱਜ, ਇੱਕ ਹੋਰ ਸਾਥੀ ਆਪਣੀ ਪਤਨੀ ਨੂੰ ਕੁੱਟਣ ਤੋਂ ਬਾਅਦ ਸਾਡੇ ਦਰਬਾਰ ਵਿੱਚ ਆਇਆ ਹੈ। ਖੈਰ, ਮੇਰੇ ਦੋਸਤ, ਸਤਿ ਸ੍ਰੀ ਅਕਾਲ, ਤੈਨੂੰ, ਪਰ ਨਹੀਂ!

ਇਹ ਤੇ ਸਲਾਮਾ ਲੇਕਮ ਕਹਿ ਰਿਹਾ ਸੀ, ਸਾਡਾ ਪਾਕਿਸਤਾਨੀ ਭਰਾ.. ਖੈਰ,

ਭਾਵੇਂ ਦੋਵੇਂ ਦੇਸ਼ ਇੱਕ ਦੂਜੇ ਨੂੰ ਵੀਜ਼ਾ ਵੀ ਨਹੀਂ ਦਿੰਦੇ ਪਰ ਆਦਤਾਂ ਬਾਬਾ ਆਦਮ ਵਰਗੀਆਂ ਹੀ ਹਨ। ਖੈਰ, ਜੇ ਤੇਜ਼ਾਬ ਦੀ ਵਰਖਾ ਹੁੰਦੀ ਹੈ, ਤਾਂ ਕੁਝ ਤਾਂ ਹੋਵੇਗਾ।

"ਭਾਜੀ, ਕੀ ਤੁਸੀਂ ਕੁਝ ਕਿਹਾ?"

"ਨਹੀਂ, ਅਮਰ ਤੁਸੀਂ ਐਵੇਂ ਹੀ ਮਹਿਸੂਸ ਕਰ ਲਿਆ; ਮੈਂ ਤੁਹਾਡੇ ਨਾਲ ਗੱਲ ਨਹੀਂ ਕਰ ਸਕਦਾ; ਤੁਸੀਂ ਗੱਲ ਕਰੋਗੇ, ਤਾਂ ਹੀ ਮੈਂ ਗੱਲ ਕਰਾਂਗਾ, ਨਹੀਂ ਤਾਂ, ਮੈਂ ਚੁੱਪ ਹੀ ਰਹਿੰਣਾ ਹੈ।"

"ਹਾਂ, ਦੋਸਤੋ, ਅੱਜ ਸਾਡੇ ਨਾਲ ਮਿਸਟਰ ਹਨੀਫ਼ ਹਨ। ਅੱਜ ਉਸਦਾ ਪਹਿਲਾ ਦਿਨ ਹੈ; ਪਹਿਲਾਂ, ਅਸੀਂ ਆਪਣੀ ਜਾਣ-ਪਛਾਣ ਕਰਾਵਾਂਗੇ, ਬਾਅਦ ਵਿੱਚ, ਅਸੀਂ ਸਾਰੇ ਉਸਨੂੰ ਆਪਣੇ ਬਾਰੇ ਆਪਣੇ ਪ੍ਰਭਾਵ ਸੰਖੇਪ ਵਿੱਚ ਦੱਸਾਂਗੇ। ਉਸ ਤੋਂ ਬਾਅਦ, ਜਾਰਜ ਆਪਣੀ ਅਧੂਰੀ ਗੱਲ ਪੂਰੀ ਕਰੇਗਾ; ਬ੍ਰੇਕ ਤੋਂ ਬਾਅਦ, ਅਸੀਂ ਗੁੱਸੇ ਬਾਰੇ ਕੁਝ ਨੁਕਤੇ ਸਾਂਝੇ ਕਰਾਂਗੇ ਤੇ ਹਨੀਮੂਨ ਪਿਰੀਅਡ ਕੀ ਹੁੰਦਾ ਹੈ ਉਸਦੇ ਬਾਰੇ ਵੇਰਵੇ ਸਹਿਤ ਗੱਲ ਕਰਾਂਗੇ।"

ਮਾਈਕਲ ਹੱਸ ਕੇ ਬੋਲਿਆ, "ਪਹਿਲਾਂ ਹਨੀਮੂੰਨ ਪਿਰੀਅਡ ਬਾਰੇ ਹੀ ਕਿਉਂ ਨਾ ਗੱਲ ਕਰ ਲਈਏ?"

ਗੋਮਤੀ ਹੱਸ ਕੇ ਬੋਲੀ, "ਮਾਈਕਲ, ਇਹ ਸੁਣਨ ਵਿੱਚ ਹੀ ਚੰਗਾ ਲਗਦਾ ਹੈ ਪਰ ਇਹ ਬਹੁਤ ਬੋਰਿੰਗ ਸਬਜੈੱਕਟ ਹੈ। ਇੱਕ ਵਾਰ ਜਦੋਂ ਇਹ ਟੌਪਿਕ ਸ਼ੁਰੂ ਹੋ ਗਿਆ, ਤੁਸੀਂ ਸਾਰਿਆਂ ਨੇ ਸੋਚਣਾ ਹੈ,ਇਹ ਮੁਕੇਗਾ ਕਦੋਂ?"

"ਨਹੀਂ, ਇਹ ਬੋਰਿੰਗ ਹੋ ਹੀ ਨਹੀਂ ਸਕਦਾ?" ਦੂਜੇ ਪਾਸੇ ਵੀ ਮਾਈਕਲ ਸੀ ਅਤੇ ਹਰ ਮੁੱਦੇ ਨੂੰ ਵੱਖ-ਵੱਖ ਰੰਗ ਦਿੰਦਾ ਸੀ; ਭਾਵੇਂ ਕੋਈ ਵੀ ਹੋਵੇ, ਉਹ ਗੋਮਤੀ 'ਤੇ ਲਾਇਨ ਵੀ ਮਾਰਦਾ ਸੀ। ਗੋਮਤੀ ਸਿਰਫ ਹੱਸ ਕੇ ਟਾਲ ਦਿੰਦੀ।

"ਮਾਈਕਲ, ਤੁਹਾਡੇ ਪ੍ਰੋਬੇਸ਼ਨ ਅਫਸਰ ਨੇ ਫੋਨ ਤੇ ਦਸਿਆ ਹੈ; ਤੁਹਾਡਾ ਸਕੋਰ ਰੇਟ ਬਹੁਤ ਘੱਟ ਹੈ," ਹੈਰੀ ਨੇ ਕਿਹਾ।

"ਨਹੀਂ, ਹੈਰੀ, ਇਹ ਸਿਰਫ਼ ਸਮੇਂ ਦਾ ਚੱਕਰ ਹੈ; ਗੋਮਤੀ ਨੇ ਸਭ ਸੰਭਾਲ ਲੈਣਾ ਹੈ।"

ਹੈਰੀ ਨੇ ਕੋਈ ਜਵਾਬ ਨਹੀਂ ਦਿੱਤਾ; ਉਹ ਜਾਣਦਾ ਸੀ ਕਿ ਮਾਈਕਲ ਸਿਰਫ਼ ਸੋਲ੍ਹਾਂ ਹਫ਼ਤੇ ਪੂਰੇ ਕਰਨ ਵਿੱਚ ਦਿਲਚਸਪੀ ਰੱਖਦਾ ਹੈ।

"ਹਾਂ, ਜਾਰਜ, ਹੁਣ ਹਨੀਫ਼ ਨੇ ਆਪਣੀ ਜਾਣ ਪਛਾਣ ਪੂਰੀ ਕਰਾ ਦਿੱਤੀ ਹੈ। ਹੁਣ ਤੁਸੀਂ ਆਪਣੀ ਕਹਾਣੀ ਦਾ ਅਗਲਾ ਹਿੱਸਾ ਸੁਣਾ ਸਕਦੇ ਹੋ; ਫਿਰ ਕੀ ਹੋਇਆ?"

"ਹਾਂ, ਮੈਂ ਲੂਸੀ ਨੂੰ ਬਹੁਤ ਪਿਆਰ ਕਰਦਾ ਹਾਂ; ਮੈਂ ਉਸ ਤੋਂ ਬਿਨਾਂ ਨਹੀਂ ਰਹਿ ਸਕਦਾ।"

"ਚਲੋ, ਲੂਸੀ ਨੂੰ ਆਪਣੇ ਨਾਲ ਨਾ ਲੈ ਜਾਓ; ਅਸੀਂ ਉਸਦਾ ਧਿਆਨ ਰੱਖਾਂਗੇ।" ਮਾਈਕਲ ਨੇ ਆਪਣਾ ਟਿੰਡ 'ਚ ਕਾਨਾ ਜਾਰੀ ਰਖਦਿਆਂ ਕਿਹਾ।



"ਪਿਛਲੀ ਮੁਲਾਕਾਤ ਵਿੱਚ, ਤੁਸੀਂ ਕਿਹਾ ਸੀ ਕਿ ਤੁਸੀਂ ਉਸਨੂੰ ਪ੍ਰਪੋਜ਼ ਕਰਨ ਜਾ ਰਹੇ ਹੋ।"

ਗੋਮਤੀ ਨੇ ਜਾਰਜ ਦੀ ਫਾਈਲ ਖੋਲ੍ਹੀ ਅਤੇ ਪੜ੍ਹਨ ਤੋਂ ਬਾਅਦ, ਕਿਹਾ।

"ਹਾਂ, ਮੈਂ ਪ੍ਰਪੋਜ਼ ਕਰਨ ਹੀ ਵਾਲਾ ਸੀ ਪਰ ਹੁਣ ਇਸਨੂੰ ਮੁਲਤਵੀ ਕਰ ਦਿੱਤਾ ਹੈ। ਦਰਅਸਲ, ਉਹ ਪਿਛਲੇ ਚਾਰ-ਪੰਜ ਦਿਨਾਂ ਤੋਂ ਮੇਰਾ ਮਜ਼ਾਕ ਉਡਾ ਰਹੀ ਸੀ।"

"ਪਰ ਕਿਉਂ?" ਗੋਮਤੀ ਨੇ ਪੁੱਛਿਆ।

"ਹਾਂ, ਮੈਨੂੰ ਬਹੁਤਾ ਨਹੀਂ ਪਤਾ, ਪਰ ਮੇਰੇ ਮਨ ਵਿੱਚ ਇੱਕ ਗੱਲ ਚੱਲ ਰਹੀ ਹੈ; ਸ਼ਾਇਦ ਮੇਰੇ ਗੁੱਸੇ ਦੀਆਂ ਜੜ੍ਹਾਂ ਉਸ ਸੋਚ ਵਿਚ ਹੋਣ। ਪਹਿਲਾਂ ਮੈ ਇਸ ਤਰਾਂ ਕਦੇ ਨਹੀ ਸੋਚਿਆ ਸੀ। ਸਾਡੇ ਗੁਆਂਢ ਇੱਕ ਪਿਆਰੀ ਜਿਹੜੀ ਕੁੜੀ ਮੈਰੀ ਰਹਿਣ ਆ ਗਈ। ਮੈਰੀ ਦਾ ਸਮਾਨ ਸੈਟਲ ਕਰਨ ਵਿੱਚ ਮੈ ਉਸਦੀ ਮਦਦ ਕੀਤੀ।"

"ਖੈਰ, ਮੈਰੀ ਹੈ ਕਿਵੇਂ ਦੀ?; ਉਹ ਕਿਵੇਂ ਦਿਖਦੀ ਹੈ, ਮੋਟੀ ਜਾਂ ਪਤਲੀ?" ਮਾਈਕਲ ਬੋਲਿਆ।

"ਨਹੀਂ, ਉਹ ਉਨੀ ਇੱਕੀ ਦੇ ਫਰਕ ਨਾਲ ਬਿਲਕੁਲ ਸਿਸੀ ਵਰਗੀ ਹੈ, ਲੂਸੀ ਦੇ ਸਾਹਮਣੇ ਕੁਝ ਵੀ ਨਹੀਂ। ਉਸਦੇ ਤਿੰਨ ਬੱਚੇ ਹਨ; ਹਾਂ, ਉਸਦਾ ਪਤੀ ਬਹੁਤ ਖ਼ੂਬਸੂਰਤ ਹੈ।"

"ਫਿਰ ਲੂਸੀ ਕਿਤੇ ਉਸ ਤੇ ਲੱਟੂ ਤੇ ਨਹੀਂ ਹੋ ਗਈ?"

"ਮਾਈਕਲ, ਤੁਸੀਂ ਬਹੁਤ ਖਲਲ ਪਾ ਰਹੇ ਹੋ। ਇੰਝ ਨਹੀ ਚਲੇਗਾ। ਤੁਸੀਂ ਹੁਣੇ ਹੀ ਬਾਹਰ ਚਲੇ ਜਾਵੋ। ਤੁਹਾਡੀ ਹਾਜ਼ਰੀ ਲੱਗ ਜਾਵੇਗੀ, ਪਰ ਜੇ ਤੁਸੀਂ ਨਹੀਂ ਜਾਂਦੇ, ਤਾਂ ਮੈਂ ਤੁਹਾਡੇ ਪ੍ਰੋਬੇਸ਼ਨ ਅਫਸਰ ਨੂੰ ਸੂਚਿਤ ਕਰਕੇ ਤੁਹਾਡਾ ਸੈਸ਼ਨ ਹੀ ਖਤਮ ਕਰਵਾ ਦੇਵਾਂਗਾ।∵∵

ਮਾਈਕਲ ਅੱਗੇ ਹੀ ਚਾਹੁੰਦਾ ਸੀ, ਸੂਟੇ ਦੀ ਤਲਬ ਨਾਲ ਬੇਹਾਲ ਲਗਦਾ ਸੀ, ਉਸਨੇ ਸੀਟੀ ਮਾਰੀ ਅਤੇ ਕਮਰੇ ਤੋਂ ਬਾਹਰ ਚਲਾ ਗਿਆ।

--ਹਾਂ, ਜਾਰਜ, ਹੁਣ ਤੁਸੀਂ ਤਹੱਮਲ ਨਾਲ ਆਪਣੀ ਗੱਲ ਸੁਣਾਵੋ।"

÷ਹਾਂ, ਫੀਨੀ ਮੈਰੀ ਅਤੇ ਉਸਦਾ ਪਤੀ ਸਟੀਵ ਦੋਵੇਂ ਬਹੁਤ ਖੁਸ਼ ਰਹਿੰਦੇ ਹਨ ਜਿਵੇਂ ਰੱਬ ਦੇ ਵਿਆਹ ਆਏ ਹੋਣ।"

ਉਹ ਗਰੀਬ ਹੀ ਹਨ ਪਰ ਖੁਸ਼ ਹਨ; ਉਨ੍ਹਾਂ ਕੋਲ ਕਾਰ ਵੀ ਨਹੀਂ ਹੈ। ਕਾਰ ਇੰਨਸ਼ੋਰੈਂਸ ਮਹਿੰਗੀ ਹੈ ਸੋ ਕਾਰ ਹੀ ਨਹੀ ਰਖਦੇ। ਘਟ ਕਿਰਾਏ ਲਈ ਬਿਲਡਿੰਗ ਦੀ ਬੇਸਮੈਂਟ ਵਿੱਚ ਰਹਿੰਦੇ ਹਨ।

ਦੂਜੇ ਪਾਸੇ, ਅਸੀਂ ਆਪਣਾ ਘਰ ਖਰੀਦਣ ਬਾਰੇ ਸੋਚ ਰਹੇ ਸੀ, ਸਾਡੇ ਵਿਆਹ ਨੂੰ ਪੰਦਰਾਂ ਸਾਲ ਹੋ ਗਏ ਹਨ। ਸਾਡੇ ਤੇ ਪਤਾ ਨਹੀ ਕਾਹਦਾ ਦਬਾਅ ਹੈ? ਆਸੇ ਪਾਸੇ ਸਾਡੇ ਵਾਕਫਾਂ ਕੋਲ ਘਰ ਹਨ ਤੇ ਅਸੀਂ ਘਰ ਤੋਂ ਬਗੈਰ। ਮੈਂ ਜੌਬਾਂ ਤੇ ਦੋ ਕਰਨ ਲੱਗ ਪਿਆ ਪਰ ਫੇਰ ਵੀ ਪੂਰੀ ਨਹੀ ਪੈ ਰਹੀ।

ਉਹ ਅਜੇ ਤੱਕ ਕਾਰ ਨਹੀਂ ਖਰੀਦ ਸਕੇ ਹਨ, ਪਰ ਉਹ ਖੁਸ਼ ਹਨ। ਛੇ ਹਫ਼ਤੇ ਪਹਿਲਾਂ, ਸਟੀਵ ਦੀ ਮਾਂ ਬਿਮਾਰ ਹੋ ਗਈ।

ਉਹ ਵਿਨੀਪੈਗ ਰਹਿੰਦੀ ਹੈ ਅਤੇ ਸਟੀਵ ਉਸਨੂੰ ਮਿਲਣ ਗਿਆ। ਉਹ ਇੱਕ ਹਫ਼ਤੇ ਲਈ ਆਪਣੀ ਮਾਂ ਨਾਲ ਰਿਹਾ ਅਤੇ ਜਦੋਂ ਉਹ ਵਾਪਸ ਆਉਣ ਵਾਲਾ ਸੀ, ਤਾਂ ਮੈਰੀ ਨੇ ਲੂਸੀ ਨੂੰ ਪੁੱਛਿਆ ਕਿ "ਕੀ ਉਹ ਉਸਦੇ ਨਾਲ ਏਅਰਪੋਰਟ ਜਾ ਸਕਦੀ ਹੈ?"

"ਕਿਉਂ ਨਹੀ ਮੈਰੀ!"

ਲੂਸੀ ਨੇ ਕੀ ਕਹਿਣਾ ਸੀ ਅਤੇ ਅਸੀਂ ਮੈਰੀ ਨੂੰ ਏਅਰਪੋਰਟ 'ਤੇ ਲੈ ਗਏ। ਜਦੋਂ ਸਟੀਵ ਬਾਹਰ ਆਇਆ, ਤਾਂ ਮੈਰੀ ਇੰਨੀ ਉਤਸ਼ਾਹਿਤ ਸੀ, ਜਿਵੇਂ ਉਹ ਉਸਨੂੰ ਪਹਿਲੀ ਵਾਰ ਮਿਲੀ ਹੋਵੇ। ਸਟੀਵ ਵੀ ਖੁਸ਼ ਸੀ; ਦੋਵਾਂ ਦੀਆਂ ਅੱਖਾਂ ਵਿੱਚ ਹੰਝੂ ਸਨ।

ਰਾਹ ਵਿੱਚ, ਮੈਰੀ ਮੰਮੀ ਬਾਰੇ ਪੁੱਛਦੀ ਰਹੀ, ਸਟੀਵ ਨੂੰ ਸਲਾਹਾਂ ਦਿੰਦੀ ਰਹੀ। ਸਟੀਵ ਮੈਰੀ ਨੂੰ ਇਸ ਤਰ੍ਹਾਂ ਸੁਣ ਰਿਹਾ ਸੀ ਜਿਵੇਂ ਕੋਈ ਬੱਚਾ ਆਪਣੀ ਮਾਂ ਦੀ ਗੱਲ ਸੁਣਦਾ ਹੈ। ਮੈਂ ਲੂਸੀ ਵੱਲ ਦੇਖਿਆ ਅਤੇ ਲੂਸੀ ਨੇ ਮੇਰੇ ਵੱਲ ਦੇਖਿਆ। ਮੈਂ ਵੀ ਉਨ੍ਹਾਂ ਦੇ ਪਿਆਰ ਨੂੰ ਦੇਖ ਕੇ ਖੁਸ਼ ਸੀ। ਘਰ ਪਹੁੰਚਣ ਤੋਂ ਬਾਅਦ, ਅਸੀਂ ਲੂਸੀ ਦੇ ਸੱਦੇ 'ਤੇ ਉਸਦੇ ਅਪਾਰਟਮੈਂਟ ਦੇ ਅੰਦਰ ਚਲੇ ਗਏ।

ਕੁੜੀ ਜੋ ਲਗਭਗ ਪੰਜ ਸਾਲ ਦੀ ਹੈ, ਨੇ ਡੈਡੀ ਨੂੰ ਬੁਲਾਇਆ ਅਤੇ ਸਟੀਵ ਨੂੰ ਜੱਫੀ ਪਾਈ। ਕਿੰਨੀ ਦੇਰ ਤੱਕ ਦੋਵੇਂ ਪਿਓ-ਧੀ ਇੱਕ ਦੂਜੇ ਨੂੰ ਜੱਫੀ ਪਾਕੇ ਬੈਠੇ ਰਹੇ। ਸਟੀਵ ਆਪਣੇ ਗੋਡਿਆਂ ਪਰਨੇ ਬੈਠਾ ਰਿਹਾ; ਉਸ ਤੋਂ ਬਾਅਦ, ਦਸ ਸਾਲ ਦੀ ਵੱਡੀ ਧੀ ਦੀ ਵਾਰੀ ਸੀ, ਅਤੇ ਫਿਰ ਸਟੀਵ ਨੇ ਆਪਣੇ ਟੀਨ ਮੁੰਡੇ ਨੂੰ ਪੁੱਛਿਆ, "ਤੇਰੀ ਗੇਮ ਦਾ ਕੀ ਬਣਿਆ ਯੰਗ ਮੈਨ?"

"ਡੈਡ, ਅਸੀਂ ਹਾਰ ਗਏ; ਤੂੰ ਰੌਲਾ ਪਾਉਣ ਲਈ ਉੱਥੇ ਨਹੀਂ ਸੀ, ਇਸ ਕਰਕੇ ਹਾਰ ਗਏ।"

"ਮੈਨੂੰ ਬਹੁਤ ਅਫ਼ਸੋਸ ਹੈ, ਯੰਗਮੈਨ!" ਪਿਓ-ਪੁੱਤਰ ਨੇ ਇੱਕ ਦੂਜੇ ਨੂੰ ਜੱਫੀ ਪਾ ਲਈ। ਬੱਚਿਆਂ ਤੋਂ ਵੇਹਲਾ ਹੋਕੇ, ਸਟੀਵ ਨੇ ਮੈਰੀ ਨੂੰ ਦੁਬਾਰਾ ਜੱਫੀ ਪਾ ਲਈ। ਪੂਰੇ ਪਰਿਵਾਰ ਨੂੰ ਕੋਈ ਧਿਆਨ ਨਹੀਂ ਕਿ ਅਸੀਂ ਉੱਥੇ ਖੜ੍ਹੇ ਹਾਂ। ਅਚਾਨਕ, ਉਨ੍ਹਾਂ ਨੇ ਸਾਡੇ ਬਾਰੇ ਸੋਚਿਆ ਅਤੇ ਸਾਨੂੰ ਨਾਸ਼ਤਾ ਕਰਕੇ ਜਾਣ ਲਈ ਕਿਹਾ, ਕਿਹਾ ਵੀ ਇੰਝ,ਇਨਕਾਰ ਦੀ ਗੁੰਜਾਇਸ਼ ਹੀ ਨਹੀ ਸੀ।"

"ਅਸੀਂ ਇੰਝ ਸੀ ਜਿਵੇਂ ਕਿਸੇ ਨੇ ਜਾਦੂ ਕੀਤਾ ਹੋਵੇ; ਇੰਨੇ ਵਧੀਆ ਜੋੜੇ ਨੂੰ ਦੇਖ ਕੇ ਅਸੀਂ ਹੈਰਾਨ ਹੋ ਰਹੇ ਸੀ।"

"ਸਟੀਵ, ਤੁਹਾਡਾ ਵਿਆਹ ਨੂੰ ਕਿੰਨਾ ਸਮਾਂ ਹੋ ਗਿਆ ਹੈ?"

"ਲਗਭਗ ਅੱਠ ਸਾਲ।"

ਮੈਂ ਸੋਚੀਂ ਪੈ ਗਿਆ ਕਿ ਜੇ ਵਿਆਹ ਨੂੰ ਅੱਠ ਸਾਲ ਹੋਏ ਹਨ ਤਾਂ ਇਹ ਮੁੰਡਾ ਤੇ



ਕੁੜੀ ਕੌਣ ਸਨ?

"ਜਦੋਂ ਮੈਰੀ ਅਤੇ ਲੂਸੀ ਰਸੋਈ ਵਿੱਚ ਗਈਆਂ ਅਤੇ ਕੌਫੀ ਬਣਾਉਣ ਲੱਗ ਪਈਆਂ ਤਾਂ ਮੈਂ ਇਸ ਵਿਸ਼ੇ ਬਾਰੇ ਹੋਰ ਕੁਝ ਪੁੱਛਣ ਦੀ ਹਿੰਮਤ ਨਹੀਂ ਕਰ ਰਿਹਾ ਸੀ।"

ਮੈਨੂੰ ਚੁੱਪ ਦੇਖ ਕੇ, ਸਟੀਵ ਆਪਣੇ ਆਪ ਬੋਲਿਆ, ਮਿਸਟਰ ਜਾਰਜ, ਮੈਨੂੰ ਮੈਰੀ ਨੇ ਦਸਿਆ ਹੈ ਕਿ ਤੁਸੀਂ ਅਤੇ ਲੂਸੀ ਪੋਲੈਂਡ ਤੋਂ ਹੋ ਅਤੇ ਤੁਸੀਂ ਵੀ ਏਸ਼ੀਆਈ ਲੋਕਾਂ ਵਾਂਗ ਸੋਚਦੇ ਹੋ; ਵਧੀਆ ਹੈ, ਮੈਨੂੰ ਤੁਹਾਡਾ ਕਲਚਰ ਬਹੁਤ ਪਸੰਦ ਹੈ, ਪਰ ਤੁਸੀਂ ਲਿਵ-ਇਨ ਹੋ, ਪੋਲਿਸ਼ ਤੇ ਇੰਝ ਨਹੀ ਕਰਦੇ? ਕੀ ਤੁਹਾਨੂੰ ਵੀ ਕੈਨੇਡਾ ਦੀ ਹਵਾ ਲੱਗ ਗਈ ਹੈ?"

"ਨਹੀਂ, ਸਟੀਵ, ਅਸੀਂ ਇੱਕ ਦੂਜੇ ਨੂੰ ਪੋਲੈਂਡ ਤੋਂ ਜਾਣਦੇ ਹਾਂ; ਲੂਸੀ ਮੇਰੀ ਗੁਆਂਢਣ ਸੀ, ਅਤੇ ਅਸੀਂ ਬਚਪਨ ਤੋਂ ਹੀ ਇਕੱਠੇ ਹਾਂ। ਬੱਸ ਪਰਪੋਜ਼ ਕਰਨ ਦੀ ਰਸਮ ਬਾਕੀ ਹੈ, ਪਰ ਤੁਸੀਂ ਮੈਨੂੰ ਆਪਣੇ ਬਾਰੇ ਵੀ ਕੁਝ ਦੱਸੋ"।

"ਮੈਂ ਨੂਫੀ ਹਾਂ"। ਇਹ ਕਹਿ ਕੇ, ਸਟੀਵ ਹੱਸ ਪਿਆ।

ਮੈ ਸਟੀਵ ਦੇ ਹਾਸੇ ਵਲ ਵੇਖ ਰਿਹਾ ਸੀ ਤੇ ਉਹ ਬੋਲ ਪਿਆ, "ਮੈ ਜਾਣਦਾ ਹਾਂ, ਤੁਸੀਂ ਤੇ ਹੋਰ ਬਹੁਤ ਸਾਰੇ ਲੋਕ ਸਾਡੇ ਬਾਰੇ ਬਹੁਤਾ ਨਹੀ ਜਾਣਦੇ ਪਰ ਮੈਨੂੰ ਹੈਲੀਫੈਕਸ 'ਤੇ ਮਾਣ ਹੈ, ਅਤੇ ਮੈਰੀ ਨੇਟਿਵ ਹੈ; ਤੁਸੀਂ ਨੱਕ ਤੋਂ ਹੀ ਅੰਦਾਜ਼ਾ ਲਗਾ ਸਕਦੇ ਹੋ।" ਸਟੀਵ ਫਿਰ ਹੱਸ ਪਿਆ।

"ਅਸੀਂ ਸਸਕੈਚਵਨ ਵਿੱਚ ਇੱਕ ਦੋਸਤ ਦੇ ਘਰ ਮਿਲੇ ਸੀ, ਇੱਕ ਜੁਆਇੰਟ ਪਾਰਟੀ ਚੱਲ ਰਹੀ ਸੀ, ਇੱਕ ਸ਼ਰਤ ਲੱਗੀ ਸੀ ਕਿ ਸਭ ਤੋਂ ਲੰਬਾ ਸੂਟਾ, ਕੌਣ ਖਿੱਚ ਸਕਦਾ ਹੈ; ਉਸ ਵਿੱਚ ਮੈਰੀ ਜਿੱਤ ਗਈ।"

ਇਹ ਪੂਰੀ ਟੱਲੀ ਸੀ, ਜਦੋਂ ਮੈਂ ਇਸਨੂੰ ਪੁੱਛਿਆ ਕਿ ਕੀ ਮੇਰੇ ਨਾਲ ਟੋਰਾਂਟੋ ਜਾਵੇਗੀ?"ਇਸ ਨੇ ਹਾਂ ਕਿਹਾ, ਇਹ ਵੀ ਨਹੀਂ ਜਾਣਦੀ ਸੀ ਕਿ ਕੌਣ ਪੁੱਛ ਰਿਹਾ ਹੈ।"

"ਉਏ ਝੂਠਾਂ ਦੀ ਪੰਡੇ, ਬਦਮਾਸ਼, ਮੈਂ ਤੈਨੂੰ ਪੁੱਛਿਆ ਸੀ?ਸ਼ਕਲ ਵੇਖੀ ਹੈ ਆਪਣੀ? ਤੂੰ ਤੇ ਪਹਿਲਾਂ ਹੀ ਉੱਥੇ ਸੂਟੇ ਖਿਚ ਰਿਹਾ ਸੀ, ਮੈਨੂੰ ਤੇ ਸਹੀ ਢੰਗ ਨਾਲ ਸੂਟਾ ਕਿਵੇਂ ਖਿੱਚਣਾ ਹੈ ਇਹ ਵੀ ਨਹੀਂ ਪਤਾ ਸੀ।"

"ਹੇ ਮੇਰਿਆ ਰੱਬਾ, ਤੂੰ ਸੁਣ ਰਹੀ ਹੈਂ, ਤੂੰ ਕਿਚਨ ਵਿੱਚ ਕੌਫੀ ਬਣਾ ਰਹੀ ਹੈ ਕਿ ਸਾਡੀਆਂ ਗੱਲਾਂ ਸੁਣ ਰਹੀ ਹੈਂ!"

"ਅੰਕਲ, ਇਹ ਦੋਵੇਂ ਝੂਠੇ ਹਨ, ਬਹੁਤ ਝੂਠੇ; ਜਦੋਂ ਕੋਈ ਨਵਾਂ ਦੋਸਤ ਸਾਡੇ ਘਰ ਆਉਂਦਾ ਹੈ, ਤਾਂ ਇਹ ਇਹੀ ਪੁਰਾਣੀ ਕਹਾਣੀ ਸੁਣਾਉਂਦੇ ਹਨ, ਇਨ੍ਹਾਂ 'ਤੇ ਵਿਸ਼ਵਾਸ ਨਾ ਕਰਿਉ।" ਹਾਕੀ ਵੇਖਦੇ, ਮੁੰਡੇ ਨੇ ਕਿਹਾ।

"ਮੈਂ ਤੁਹਾਨੂੰ ਸੱਚ ਦੱਸਦੀ ਹਾਂ, ਜਾਰਜ, ਸਟੀਵ ਦੀ ਕਹਾਣੀ ਸੱਚ ਹੈ, ਪਰ ਇਸਨੇ ਇਸਨੂੰ ਦਿਲਚਸਪ ਬਣਾ ਲਿਆ ਹੈ; ਹਾਂ, ਅਸੀਂ ਸਸਕੈਚਵਨ ਵਿੱਚ ਹੀ ਮਿਲੇ ਸੀ। ਇੱਕ ਦੋਸਤ ਦੇ ਘਰ ਇੱਕ ਪਾਰਟੀ ਚਲ ਰਹੀ ਸੀ। ਜਦੋਂ ਸਟੀਵ ਸਵੇਰੇ ਉੱਠਿਆ,

ਤਾਂ ਇਸਨੂੰ ਯਾਦ ਆਇਆ ਕਿ ਸੌਂਦੇ ਸਮੇਂ ਇਸਨੇ ਆਪਣੀ ਪੈਂਟ ਲਾਹ ਦਿੱਤੀ ਸੀ,ਕਿਉਂ ਲਾਹੀ,ਮੈਨੂੰ ਨਹੀ ਪਤਾ। ਕਿਸੇ ਨੇ ਇਸਦੀ ਪੈਂਟ ਚੋਰੀ ਕਰ ਲਈ। ਇਸ ਕੋਲ ਸਿਰਫ ਉਹੋ ਜੀਨ ਦੀ ਪੈਂਟ ਸੀ। ਜੇਬ ਵਿੱਚ ਫੁੱਟੀ ਕੌਡੀ ਨਹੀ, ਦੂਜੀ ਖਰੀਦਣ ਦੀ ਔਕਾਤ ਨਹੀ; ਮੈਨੂੰ ਇਸ 'ਤੇ ਤਰਸ ਆ ਗਿਆ ਤੇ ਮੈਂ ਇਸ ਵਾਸਤੇ ਦਸ ਡਾਲਰ ਦੀ ਪੈਂਟ ਖਰੀਦ ਲਿਆਈ। ਇਹ ਪਹਿਲਾ ਤੋਹਫ਼ਾ ਸੀ ਜੋ ਮੈਂ ਸਟੀਵ ਨੂੰ ਦਿੱਤਾ ਸੀ।"

ਮੈਰੀ ਨੇ ਬੋਲਣਾ ਖਤਮ ਨਹੀਂ ਕੀਤਾ ਸੀ ਜਦੋਂ ਸਟੀਵ ਨੇ ਸੋਫੇ 'ਤੇ ਪਈ ਗੱਦੀ ਚੁੱਕੀ ਅਤੇ ਮੈਰੀ ਵਲ ਵਗਾਹ ਕੇ ਮਾਰੀ; ਸਾਰਾ ਪਰਿਵਾਰ ਹੱਸ ਪਿਆ ਪਰ ਅਸੀਂ ਬੇਆਰਾਮ ਹੋ ਗਏ। ਸਾਨੂੰ ਸਮਝ ਨਹੀਂ ਆ ਰਿਹਾ ਸੀ ਕਿ ਸਾਨੂੰ ਚੁੱਪ ਰਹਿਣਾ ਚਾਹੀਦਾ ਹੈ ਜਾਂ ਪਰਿਵਾਰ ਦੇ ਹਾਸੇ ਵਿੱਚ ਸ਼ਾਮਲ ਚਾਹੀਦਾ ਹੈ। ਮੇਰੇ ਸਮੇਤ ਸਾਰੇ ਮੀਟਿੰਗ-ਕਮਰੇ ਵਿੱਚ ਚੁੱਪ ਪਸਰੀ ਹੋਈ ਸੀ। ਹੈਰੀ ਵੀ ਹੈਰਾਨ ਸੀ।

ਜਾਰਜ ਅੱਗੇ ਬੋਲਿਆ, "ਹੁਣ ਮੈਂ ਇਸ ਮਾਮਲੇ ਨੂੰ ਸੰਖੇਪ ਵਿੱਚ ਦੱਸਦਾ ਹਾਂ, ਜਿਸ ਕਾਰਨ ਮੇਰਾ ਅਤੇ ਲੂਸੀ ਵਿਚਕਾਰ ਝਗੜਾ ਹੋਇਆ।"

"ਗੱਲਾਂ ਹੋਰ ਵੀ ਕਹੀਆਂ ਗਈਆਂ। ਮੈਰੀ ਅਤੇ ਸਟੀਵ ਇਕੱਠੇ ਰਹਿਣ ਲੱਗ ਪਏ ਅਤੇ ਉਨ੍ਹਾਂ ਦੇ ਦੋ ਬੱਚੇ ਵੀ ਹੋਏ ਪਰ ਕਦੇ ਵਿਆਹ ਨਹੀਂ ਹੋਇਆ।"

ਮੈਰੀ ਤੇ ਸਟੀਵ ਦੀ ਮੌਮ ਨੇ ਕੁਝ ਸਲਾਹ ਮਸ਼ਵਰਾ ਕੀਤਾ ਤੇ ਇੱਕ ਬਿਜ਼ਨਿਸ ਖਰੀਦ ਲਿਆ। ਬਿਜ਼ਨਿਸ ਵਿੱਚ ਸਟੀਵ ਨੂੰ ਪਾਰਟਨਰ ਦੇ ਤੌਰ ਤੇ ਸ਼ਾਮਲ ਕਰ ਲਿਆ ਗਿਆ।

ਰੈਵੇਨਿਊ ਕੈਨੇਡਾ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਇੱਕ ਬਿਜ਼ਨਿਸ ਡੀਲ ਐਗਰੀਮੈਂਟ ਬਨਾਉਣ, ਨਹੀਂ ਤਾਂ, ਉਨ੍ਹਾਂ ਦੀ ਪਰਿਵਾਰਕ ਆਮਦਨ ਨੂੰ ਸਮੂਹਿਕ ਤੌਰ 'ਤੇ ਨਹੀਂ ਮੰਨਿਆ ਜਾਵੇਗਾ। ਡੀਡ ਦੀ ਪਰੇਸ਼ਾਨੀ ਤੋਂ ਬਚਣ ਲਈ, ਉਨ੍ਹਾਂ ਨੇ ਵਿਆਹ ਕਰਵਾ ਲਿਆ ਅਤੇ ਵਿਆਹ ਤੋਂ ਬਾਅਦ ਇਸ ਛੋਟੇ ਬੱਚੇ ਦਾ ਜਨਮ ਹੋਇਆ। ਜਿਵੇਂ ਹੀ ਅਸੀਂ ਕੌਫੀ ਖਤਮ ਕਰਕੇ ਜਾਣ ਲੱਗੇ ਤਾਂ ਮੈਂ ਮੈਰੀ ਦਾ ਹੱਥ ਗਰਮਜੋਸ਼ੀ ਨਾਲ ਘੁਟਿਆ ਅਤੇ ਸਟੀਵ ਨੂੰ ਕਿਹਾ, "ਤੁਸੀਂ ਲੋਕ ਗਰੇਟ ਹੋ, ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਤੁਸੀਂ ਸਿਰਫ਼ ਇੱਕ ਹਫ਼ਤੇ ਲਈ ਵੱਖ ਰਹੇ ਹੋ; ਇਹ ਇਸ ਤਰ੍ਹਾਂ ਹੈ ਜਿਵੇਂ ਤੁਸੀਂ ਇੱਕ ਜੰਗ ਤੋਂ ਆਏ ਹੋ ਜਿੱਥੇ ਤੁਹਾਡੇ ਬਚਣ ਦੀ ਕੋਈ ਉਮੀਦ ਨਹੀਂ ਸੀ ਅਤੇ ਪਰਿਵਾਰ ਤੁਹਾਨੂੰ ਜਿੰਦਾ ਦੇਖ ਕੇ ਬਹੁਤ ਖੁਸ਼ ਹੈ।"

"ਧੰਨਵਾਦ! ਜਾਰਜ, ਇਹੀ ਸਾਡਾ ਸੱਚ ਹੈ; ਮੈਂ ਤੁਹਾਨੂੰ ਦੋਵਾਂ ਨੂੰ ਸ਼ੁਭ-ਕਾਮਨਾਵਾਂ ਦਿੰਦਾ ਹਾਂ," ਸਟੀਵ ਨੇ ਕਿਹਾ।

"ਮੈਨੂੰ ਉਮੀਦ ਹੈ ਸਟੀਵ ਕਿ ਸੋਲਾਂ ਸਾਲਾਂ ਬਾਅਦ, ਸਾਡਾ ਵਿਆਹ ਵੀ ਤੁਹਾਡੇ ਜਿਤਨਾ ਹੀ ਨਿੱਘਾ ਹੋ ਜਾਵੇਗਾ, ਸਿਰਫ ਕੁਝ ਛੁਟਪੁਟ ਗੱਲਾਂ ਦਾ ਧਿਆਨ ਰਖਣਾ ਪਵੇਗਾ।"

ਸਟੀਵ ਨੇ ਅਚਾਨਕ ਹੱਸਣਾ ਬੰਦ ਕਰ ਦਿੱਤਾ; ਉਸਨੇ ਸਿੱਧਾ ਮੇਰੀਆਂ ਅੱਖਾਂ



ਵਿੱਚ ਦੇਖਿਆ। ਉਸਦੀ ਦ੍ਰਿਸ਼ਟੀ ਦੀ ਸ਼ਕਤੀ ਮੇਰੀ ਆਤਮਾ ਤੱਕ ਪਹੁੰਚ ਗਈ।

ਸਾਰੇ ਸਾਹ ਰੋਕੀ, ਬੇਚੈਨੀ ਨਾਲ ਜਾਰਜ ਦੀ ਗੱਲ ਸੁਣ ਰਹੇ ਸੀ। ਜਾਰਜ ਵੀ ਚੁੱਪ ਹੋ ਗਿਆ ਅਤੇ ਸਾਰਿਆਂ ਦੀਆਂ ਅੱਖਾਂ ਵਿੱਚ ਦੇਖਣ ਲੱਗਾ; ਉਸਨੂੰ ਲੱਗਾ ਕਿ ਉਸਨੇ ਸਟੀਵ ਦੀਆਂ ਗੱਲਾਂ ਬਹੁਤ ਵਧੀਆ ਢੰਗ ਨਾਲ ਕਹੀਆਂ ਹਨ।

ਥੋੜ੍ਹੀ ਜਿਹੀ ਚੁੱਪ ਰਹਿਣ ਤੋਂ ਬਾਅਦ, ਜਾਰਜ ਨੇ ਕਿਹਾ, "ਸਟੀਵ ਬੋਲਿਆ, ਮੇਰੇ ਦੋਸਤ, ਉਮੀਦ ਨਾ ਕਰੋ, ਸਿਰਫ਼ ਵਿਸ਼ਵਾਸ ਰੱਖੋ। ਵਿਸ਼ਵਾਸ ਤੋਂ ਬਿਨਾਂ, ਕੋਈ ਉਮੀਦ ਨਹੀਂ ਹੈ; ਦਰਅਸਲ, ਉਮੀਦ ਦਾ ਤੇ ਕੋਈ ਵਜੂਦ ਹੀ ਨਹੀਂ ਹੈ। ਸਿਰਫ਼ ਵਿਸ਼ਵਾਸ ਹੀ ਹੈ ਜੋ ਕਦੇ ਨਹੀਂ ਡਗਮਗਾਉਂਦਾ।" ਸਟੀਵ ਨੇ ਅੱਗੇ ਕਿਹਾ, "ਕੀ ਤੁਸੀਂ ਰੱਬ ਵਿੱਚ ਵਿਸ਼ਵਾਸ ਕਰਦੇ ਹੋ? ਜਦੋਂ ਮੈਂ ਕਿਹਾ ਹਾਂ, ਤਾਂ ਸਟੀਵ ਬੋਲਿਆ, ਰੱਬ ਸਿਰਫ਼ ਵਿਸ਼ਵਾਸ ਵਿੱਚ ਵਿਸ਼ਵਾਸ ਕਰਦਾ ਹੈ।

"ਠੀਕ ਹੈ, ਦੋ ਸ਼ਬਦ ਹੀ ਸਮਝਣ ਲਈ ਕਾਫੀ ਸਨ" ਤੇ ਅਸੀਂ ਆਪਣੇ ਅਪਾਰਟਮੈਂਟ ਵੱਲ ਤੁਰ ਪਏ।

ਰਸਤੇ ਵਿੱਚ ਹੀ ਮੈਨੂੰ ਅਹਿਸਾਸ ਹੋਇਆ ਕਿ ਲੂਸੀ ਦੇ ਸਾਹਮਣੇ ਇਹ ਕਹਿਣਾ ਸ਼ਾਇਦ ਉਚਿਤ ਨਹੀਂ ਸੀ।

ਮੈਂ ਸਮਝ ਗਿਆ, ਕਿ ਮੇਰੀ ਗੱਲ ਸੁਣ ਕੇ ਲੂਸੀ ਬਹੁਤ ਤਣਾਅ ਵਿੱਚ ਸੀ। ਇਹ ਇਸ ਤਰ੍ਹਾਂ ਸੀ ਜਿਵੇਂ ਮੈਂ ਕਹਿ ਆਇਆ ਹਾਂ ਕਿ ਅਸੀਂ ਇਸ ਤਰ੍ਹਾਂ ਦੇ ਨਹੀਂ ਹਾਂ; ਅਸੀਂ ਇੰਨੇ ਪਿਆਰ ਕਰਨ ਵਾਲੇ ਨਹੀਂ ਹਾਂ, ਅਸੀਂ ਆਪਣੇ ਪਰਿਵਾਰ ਦੀ ਇੰਨੀ ਦੇਖਭਾਲ ਨਹੀਂ ਕਰ ਰਹੇ ਹਾਂ।

ਸਾਨੂੰ ਸਿਰਫ਼ ਇੱਕ ਪਰਿਵਾਰ ਦੇ ਵਜੂਦ ਦੇ ਪ੍ਰਤੀਕ ਦੀ ਲੋੜ ਹੈ। ਸਾਨੂੰ ਤੁਹਾਡੇ ਕੋਲੋਂ ਕੁਝ ਸਿਖਣਾ ਚਾਹੀਦਾ ਹੈ।

ਸਟੀਵ ਅਤੇ ਉਸਦੇ ਪਰਿਵਾਰ ਨੇ ਕੁਝ ਅਜਿਹਾ ਕੀਤਾ ਤੇ ਕਿਹਾ ਜੋ ਸਾਡੇ ਲਈ ਓਵਰਡੋਜ਼ ਸਾਬਤ ਹੋਇਆ।

ਮੈਂ ਅਤੇ ਲੂਸੀ ਘਰ ਆਏ; ਸਾਨੂੰ ਨਹੀਂ ਪਤਾ ਸੀ ਕਿ ਕੀ ਕਰਨਾ ਹੈ। ਉਸ ਦਿਨ ਤੋਂ ਬਾਅਦ, ਅਸੀਂ ਇੱਕ ਦੂਜੇ ਨਾਲ ਨਾਟਕੀ ਢੰਗ ਨਾਲ ਪੇਸ਼ ਆਉਣਾ ਸ਼ੁਰੂ ਕਰ ਦਿੱਤਾ। ਅਸੀਂ ਐਸੀ ਬਰਫ਼ ਪਿਘਲਾਉਣ ਤੁਰ ਪਏ ਜੋ ਸਾਡੇ ਕੋਲ ਹੈ ਹੀ ਨਹੀ ਸੀ। ਅਸੀਂ ਇੱਕ ਨਕਲੀ ਜ਼ਿੰਦਗੀ ਸ਼ੁਰੂ ਕਰ ਦਿੱਤੀ ਸੀ; ਮੈਰੀ ਵੀ ਦੇਖ ਰਹੀ ਸੀ ਅਤੇ ਚੁੱਪ ਰਹੀ। ਸਾਨੂੰ ਵੇਖਕੇ ਉਸਦੇ ਚੇਹਰੇ ਤੇ ਤਣਾਅ ਆ ਜਾਂਦਾ ਸੀ। ਸਾਡੀ ਦੋਸਤ ਤੇ ਹਮਦਰਦ ਹੋਣ ਦੇ ਨਾਤੇ, ਉਸਨੂੰ ਸਾਡਾ ਫਿਕਰ ਸੀ।

ਉਸੇ ਰਾਤ, ਅਸੀਂ ਅਜੀਬ ਕੰਮ ਕੀਤੇ। ਮੈਂ ਸਟੀਵ ਬਣ ਗਿਆ ਅਤੇ ਲੂਸੀ ਨੇ ਮੈਰੀ ਵਾਂਗ ਕੱਪੜੇ ਪਾਏ ਅਤੇ ਉਤਾਰ ਦਿੱਤੇ। ਸਾਡੀ ਜ਼ਿੰਦਗੀ ਨਕਲ ਵਾਂਗ ਸ਼ੁਰੂ ਹੋਈ, ਪਰ ਕਿਤੇ ਨਾ ਕਿਤੇ, ਨਾਟਕ ਵੀ ਸ਼ਾਮਲ ਹੋ ਗਿਆ। ਮੈਂ ਗੁੱਸੇ ਵਿੱਚ ਆ ਕੇ ਕਹਿ ਦਿੰਦਾ ਕਿ ਜੇ ਇੰਨੀ ਔਖੀ ਹੈ ਤਾਂ ਸਟੀਵ ਨੂੰ ਕਾਲ ਕਰ ਲਵੇ। ਲਹੂ ਭਿਜੀਆਂ

ਭਾਵਨਾਵਾਂ ਨਾਲ, ਮੈਰੀ ਡਾਹਢੀ ਪ੍ਰੇਸ਼ਾਨ ਹੋ ਗਈ।

ਨਕਲ ਕਰਦੇ ਹੋਏ, ਅਸੀਂ ਹੋਰ ਵੀ ਕੌੜੇ ਢੰਗ ਨਾਲ ਜੀਣਾ ਸ਼ੁਰੂ ਕਰ ਦਿੱਤਾ, ਅਤੇ ਫਿਰ, ਇੱਕ ਦਿਨ, ਮੈਂ ਗੱਦੀ ਚੁੱਕ ਕੇ ਸੁੱਟ ਦਿੱਤੀ। ਮੈਂ ਇਸਨੂੰ ਸਟੀਵ ਵਾਂਗ ਉਸ ’ਤੇ ਸੁੱਟਿਆ ਸੀ, ਪਰ ਲੂਸੀ ਨੇ ਸੋਚਿਆ ਕਿ ਮੈਂ ਇਸਨੂੰ ਗੁੱਸੇ ਵਿੱਚ ਸੁੱਟਿਆ ਹੈ।

ਉਸ ਦਿਨ, ਮੈਂ ਸਿਰਫ਼ ਸੋਫ਼ੇ ਦੀ ਗੱਦੀ, ਲੂਸੀ ’ਤੇ ਸੁੱਟੀ ਸੀ, ਪਰ ਇਹ ਉਛਾਲ ਸਟੀਵ ਦਾ ਨਹੀਂ ਸੀ।

“ਤੂੰ ਕੌਣ ਹੈਂ? ਸਟੀਵ ਜਾਂ ਜਾਰਜ?” ਲੂਸੀ ਨੇ ਪੁੱਛਿਆ।

“ਆਪਣੇ ਚਿਹਰੇ ਵੱਲ ਦੇਖ; ਤੂੰ ਬਿਲਕੁਲ ਵੀ ਮੈਰੀ ਵਰਗੀ ਨਹੀਂ ਲੱਗਦੀ।”

ਮੇਰੇ ਕਹੇ ਵਿੱਚ ਗੁੱਸਾ ਸੀ, ਉਹ ਇਨਕਾਰ ਜੋ ਲੂਸੀ ਨੇ ਕੀਤਾ ਸੀ, ਉਹ ਤੇ ਹੈ ਹੀ ਨਹੀਂ ਸੀ। ਲੂਸੀ ਨੇ ਤੁਰੰਤ ਮੈਰੀ ਨੂੰ ਬੁਲਾਇਆ।

ਇਹ ਸਿਰਫ਼ ਮੈਰੀ ਦੀ ਸੋਚ ਕਾਰਨ ਹੀ ਹੈ ਕਿ ਮੈਂ ਇੱਥੇ ਹਾਂ; ਮੈਨੂੰ ਨਹੀਂ ਪਤਾ ਕਿ ਇਹ ਸਹੀ ਹੈ ਜਾਂ ਗਲਤ।

ਕਿਸੇ ਕਿਸਮ ਦੀ ਪੁਲੀਸ ਸ਼ਾਮਲ ਨਹੀ, ਕੋਈ ਡਾਕਟਰ ਵੀ ਸ਼ਾਮਲ ਨਹੀਂ। ਐਂਗਰ ਟਰੀਟਮੈਂਟ ਵਾਸਤੇ, ਫੋਨ ਵੀ ਮੈ ਤੇ ਲੂਸੀ ਨੇ ਨਹੀਂ ਕੀਤਾ, ਸਗੋਂ ਮੈਰੀ ਤੇ ਸਟੀਵ ਨੇ ਕੀਤਾ।

ਪਰ ਇਹ ਪੱਕਾ ਹੈ ਕਿ ਮੈਰੀ ਕਦੇ ਵੀ ਗਲਤੀ ਨਹੀਂ ਕਰ ਸਕਦੀ। ਸਟੀਵ ਉਸਨੂੰ ਕਦੇ ਵੀ ਗਲਤੀ ਨਹੀਂ ਕਰਨ ਦੇਵੇਗਾ। ਹਾਵ ਭਾਵ ਵੀ ਐਸੇ ਹਨ ਕਿ ਮੈਨੂੰ ਕੁਝ ਵੀ ਅਮਰ ਨੂੰ ਇੰਟਰਪਰੈਟ ਕਰਕੇ ਦਸਣਾ ਨਹੀਂ ਪਿਆ।


*ਤ੍ਰੈਮਾਸਿਕ ‘ਪ੍ਰਵਚਨ’ ਪਿਛਲੇ 24 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 2000 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar




**ਕਹਾਣੀ**

## ਕਿੰਨੇ ਦਸਵੰਧ ਹੋਰ?

**-ਹਰਪ੍ਰੀਤ ਸਿੰਘ ਚੰਨੂੰ**

ਲੋਹੜੀ ਤੋਂ ਦੋ ਦਿਨ ਪਹਿਲਾਂ ਚੰਗਾ ਮੀਂਹ ਪੈ ਹਟਿਆ ਸੀ। ਦੋ ਤਿੰਨ ਦਿਨ ਧੁੰਦ ਦਾ ਜ਼ੋਰ ਰਿਹਾ, ਪਰ ਅੱਜ ਦਸ ਕੁ ਵਜਦੇ ਨੂੰ ਚੰਗੀ ਧੁੱਪ ਖਿੜ ਪਈ ਸੀ... ਬੇਸ਼ਕ ਹਲਕੀ ਹਵਾ ਕਰਕੇ ਸੀਤ ਕੰਬਣੀ ਵੀ ਛੇੜ ਦਿੰਦੀ ਸੀ।

ਪਿਛਲੀ ਸਰਕਾਰ ਦਾ ਵੀ.ਆਈ-ਪੀ ਹਲਕਾ ਹੋਣ ਕਰਕੇ ਵੱਡੀ ਸੱਥ ਦਾ ਲੰਮਾ-ਚੌੜਾ ਖੁਲ੍ਹਾ ਚੌਕ, ਕੰਕਰੀਟ ਦੀ ਮੋਟੀ ਸਲੈਬ ਪਾ ਕੇ... ਗਲੀਆਂ ਸਮੇਤ ਘਰਾਂ ਦੀਆਂ ਕੰਧਾਂ ਤਕ ਪੱਕਾ ਕੀਤਾ ਹੋਇਆ ਸੀ। ਸੱਥ ਦੇ ਇਕ ਉਚੇ ਪਾਸੇ, ਛੱਪੜ ਦੀ ਚਾਰਦਿਵਾਰੀ ਦੇ ਨਾਲ... ਸੀਮਿੰਟਡ ਚਾਦਰਾਂ ਦਾ ਸ਼ੈੱਡ ਪਾ ਕੇ ਥੱਲੇ ਚਾਰ ਸੀਮਿੰਟ ਦੇ ਬੈਂਚ ਆਹਮੋ-ਸਾਹਮਣੇ ਮੂੰਹ ਕਰਕੇ ਰੱਖੇ ਹੋਏ ਸਨ... ਜਿਨ੍ਹਾਂ ਉਤੇ ਲਿਖਿਆ ਹੋਇਆ ਸੀ... ‘ਰਾਜ ਨਹੀਂ ਸੇਵਾ।’

ਮੈਂ ਵੇਖਿਆ ਬੈਂਚਾਂ ਉਤੇ ਮੇਰਾ ਜਾਣਿਆ-ਪਛਾਣਿਆ, ਚਾਚਾ ਜਿੰਦਰ ਤੇ ਚਾਰ ਪੰਜ ਛੋਟੀ ਉਮਰ ਦੇ ਗਭਰੂ ਬੈਠੇ ਸਨ। ਛੱਪੜ ਵਿਚੋਂ ਬੱਤਖਾਂ ਦਾ ਝੁੰਡ ਨਿਕਲ ਕੇ ਕੈਂਅ-ਕੁਆਂ ਦਾ ਸ਼ੋਰ ਮਚਾ ਰਿਹਾ ਸੀ... ਜਿਹੜੀਆਂ ਸਵੇਰ ਵੇਲੇ ਚੋਗਾ ਮੰਗ ਰਹੀਆਂ ਸਨ... ਉਥੇ ਬੈਠਿਆਂ ’ਚੋਂ ਇਕ ਮੁੰਡਾ ਬੇਹੀਆਂ ਰੋਟੀਆਂ ਭੋਰ ਕੇ, ਦਾਣਿਆਂ ਵਿਚ ਰਲਾ ਕੇ ਓਹਨਾਂ ਮੂਹਰੇ ਸੁੱਟ ਰਿਹਾ ਸੀ। “ਜਾਹ ਯਾਰ ਪਰ੍ਹਾਂ ਹੋ ਕੇ ਪਾ ਏਹਨਾਂ ਨੂੰ ਖਾਣਾ ਦਾਣਾ... ਕੰਨ ਖਾਈ ਜਾਂਦੀਆਂ... ਨਾ ਗੱਲ ਸੁਨਣ ਦਿੰਦੀਆਂ ਨਾ ਕਰਨ ਦਿੰਦੀਆਂ...

ਮੈਨੂੰ ਵੇਖ ਕੇ ਚਾਚੇ ਜਿੰਦਰ ਨੇ ਮੁੰਡੇ ਨੂੰ ਝਿੜਕਿਆ... ਓਹ ਉੱਠ ਕੇ ਪਰ੍ਹਾਂ ਛੱਪੜ ਵੱਲ ਚਲਾ ਗਿਆ ਤੇ ਮਗਰੇ ਬੱਤਖਾਂ ਦਾ ਝੁੰਡ ਵੀ।

“ਓ ਆ ਭਤੀਜ ਪ੍ਰੋਫੈਸਰ ਸਾਹਬ... ਕਿੰਨੇ ਕੁ ਦਿਨ ਹੋ ਗਏ ਆਏ ਨੂੰ?

“ਆਏ ਨੂੰ ਤਾਂ ਚਾਚਾ ਬਸ ਪੰਜ ਚਾਰ ਦਿਨ ਹੀ ਹੋਏ ਐ... ਓਹ ਵੀ ਮੀਂਹ ਧੁੰਦ-ਠੰਡ ਦੀ ਭੇਂਟ ਚੜ੍ਹ ਗਏ... ਪੰਜ ਸੱਤ ਦਿਨ ਹੋਰ ਲਾ ਲਵਾਂਗੇ...।

“ਹੋਰ ਰਟੈਰ ਹੋਣ ’ਚ ਕਿੰਨਾ ਕੁ ਚਿਰ ਰਹਿ ਗਿਆ? ਤੂੰ ਵੀ ਖਾਸੀ ਦਾਹੜੀ ਚਿੱਟੀ ਕਰੀ ਫਿਰਦੈਂ...।

“ਬਸ ਅਗਲੇ ਦਸੰਬਰ ਦੀ ਅਖੀਰਲੀ ਤਾਰੀਖ ਨੂੰ ਬੰਨ੍ਹਿਆ ਜਾਊ ਸਰਕਾਰੀ ਬੋਰੀਆ-ਬਿਸਤਰਾ।

“ਚੱਲ ਭਾਈ... ਸਰਕਾਰੀ ਨੌਕਰੀ ਦੀ ਕੀ ਰੀਸ ਐ! ਬਥੇਰਾ ਚਿਰ ਇੱਜ਼ਤ ਮਾਣ ਨਾਲ ਕਰ ਲਈ... ਅਨੰਦ ਲੈ ਲਿਆ...।

ਮੈਂ ਵੇਖਿਆ, ਚਾਚੇ ਨੇ ਪੈਰਾਂ ਵਿੱਚ ਨਵੇਂ ਲਿਸ਼ਕਦੇ ਦੂਧੀਆ ਚਿੱਟੇ... ਐਡੀਡਾਸ ਕੰਪਨੀ ਦੇ ਨਕਲੀ ਲੋਗੋ ਵਾਲੇ ਬੂਟ ਪਾਏ ਹੋਏ ਹਨ ਤੇ ਉਹ ਪੈਰਾਂ ਨੂੰ ਅਗਾਂਹ ਵਧਾ ਕੇ

ਜਿਵੇਂ ਓਹਨਾਂ ਨੂੰ ਵਿਖਾ ਰਿਹਾ ਹੋਵੇ। ਤੇੜ ਓਹਦੇ ਓਹੀ ਡੱਬੀਆਂ ਵਾਲਾ ਚਾਦਰਾ… ਕੁੜਤਾ… ਜਰਸੀ… ਲੋਈ ਦੀ ਬੁਕਲ ਤੇ ਸਿਰ ਉਤੇ ਘਸਮੈਲੀ ਜਿਹੀ ਬਦਾਮੀ ਪੱਗ ਦੇ ਵਲ੍ਹੇਟੇ…।

"ਆਹ ਹੋਈ ਨਾ ਗੱਲ! ਹੁਣ ਠੀਕ ਐ ਚਾਚਾ… ਬੂਟ ਤੇਰੇ ਸੋਹਣੇ ਵੀ ਲਗਦੇ ਐ… ਜੁਰਾਬਾਂ ਦੇ ਨਿੱਘ ਕਰਕੇ ਪੈਰਾਂ ਨੂੰ ਠੰਡ ਵੀ ਨ੍ਹੀਂ ਲਗਦੀ… ਦੇਸੀ ਜੋੜਾ ਜੁੱਤੀ ਤਾਂ ਠੰਡ ਕਰਕੇ ਪੈਰਾਂ ਨੂੰ ਬਿਆਈਆਂ ਨਾਲ ਪਾੜ ਦਿੰਦਾ ਐ… ਹੋਰ ਸੁਣਾ ਸਰੀਰ ਤੰਦਰੁਸਤ… ਤਕੜਾ ਰਹਿੰਦਾ ਐਂ?"

"ਏਹ ਭਤੀਜ ਸਾਹਿਬ… ਤੇਰਾ ਭਰਾ ਬੂਟਾ ਗਿਆ ਸੀ ਮੇਰੀ ਪੋਤਰੀ ਨੂੰ ਦਿੱਲੀ ਹਵਾਈ ਅੱਡੇ ਉਤੇ ਜਹਾਜ਼ ਚੜ੍ਹਾਉਣ… ਓਹ ਓਥੋਂ ਲੈ ਕੇ ਆਇਆ ਸੀ… ਰਾਮਦਾਰੀ ਬੜੀ ਐ… ਹੌਲੇ ਫੁੱਲ ਵਰਗੇ, ਤੁਰਦਿਆਂ ਨੂੰ ਪਤਾ ਈ ਨ੍ਹੀਂ ਲਗਦਾ… ਅੱਗੇ ਐਵੇਂ ਠਿੱਬੇ ਛਿੱਤਰ ਘੜੀਸ ਦੇ ਫਿਰਦੇ ਸੀ… ਪੈਰ ਵੱਢੇ ਜਾਂਦੇ ਸੀ… ਬਾਹਰਲੇ ਮੁਲਖਾਂ ਵਾਲਿਆਂ ਦੇ ਪੈਰ ਤਾਂ ਹੀ ਤਾਂ ਕੂਲੇ ਪੱਟ ਵਰਗੇ ਲਿਸ਼ ਲਿਸ਼ ਕਰਦੇ ਪਏ ਹੁੰਦੇ ਐ… ਦੱਸ ਠੀਕ ਐ ਕਿ ਨਹੀਂ?" ਚਾਚੇ ਦੀ ਗੱਲ ਸੁਣਕੇ ਸਾਰੇ ਖੁਸ਼ ਹੋ ਗਏ।

"ਅੱਛਾ ਤਾਂ ਪੋਤਰੀ ਬਾਹਰ ਘੱਲ 'ਤੀ?

"ਹਾਂ-ਜੀ ਚੌਧਵੀਂ ਪਾਸ ਕਰਕੇ ਕਨੇਡਾ ਦੀ ਫੈਲ ਲਾਤੀ ਸੀ… ਹੁਣ ਦੂਜੀ… ਮੇਰੇ ਭਤੀਜੇ ਸਿਮਰੇ ਦੀ ਗੁੱਡੀ ਦੀ ਵੀ ਬਸ ਤਿਆਰੀ ਐ… ਬਾਹਰ ਜਾਣ ਦਾ ਕੋਰਸ ਪੂਰਾ ਕਰੀ ਜਾਂਦੀ ਐ।

"ਠੀਕ ਐ ਆਈਲੈਟਸ ਕਰਦੀ ਹੋਣੀ ਐ।

"ਹਾਹੋ-ਆਹੋ… ਆਂਹਦੇ ਐ ਜੇ ਬੈਂਡ ਪੂਰੇ ਹੋ ਗਏ… ਫੇਰ ਤਿੰਨਾਂ ਕੁ ਮਹੀਨਿਆਂ ਤੱਕ ਉਹਦਾ ਵੀ ਕੰਮ ਬਣਜੂ… ਆਪਣੇ ਪਿੰਡੋਂ ਬਹੁਤ ਮੁੰਡੇ ਕੁੜੀਆਂ ਬਗ ਗਏ ਕਨੇਡਾ ਨੂੰ…।

"ਬਹੁਤ ਵਧੀਆ ਚੰਗੀ ਗੱਲ ਐ ਚਾਚਾ… ਪਰ ਓਧਰ ਕਿਹੜੇ ਕਾਲਜ-ਯੂਨੀਵਰਸਿਟੀ ਵਿਚ ਜਾਊਗੀ… ਕਿ ਜਾਂ ਕਿਸੇ ਸਕਾਲਰਸ਼ਿਪ ਵਗੈਰਾ 'ਤੇ ਜਾਊਗੀ… ਇਹ ਪਤਾ ਕਰ ਲੈਣਾ ਸੀ।

"ਗੱਲ ਸੁਣ ਮੇਰੀ ਭਤੀਜ ਸਾਹਿਬ… ਇਹ ਤਾਂ ਕੁੜੀ ਦੇ ਮਾਂ-ਪਿਉ ਜਾਨਣ ਓਹਨਾਂ ਨੂੰ ਪੱਕਾ ਪਤਾ ਹੋਊ… ਵੀ ਕਿਮੇ-ਕੁਛ ਹੈ। ਪਰ ਜਿਹੜੀ ਗੱਲ ਮੇਰੇ ਚਿੱਤ ਨੂੰ ਲੱਗੀ… ਓਹ ਇਉਂ ਐ… ਅਸੀਂ ਏਧਰ ਓਹਦੇ ਵਾਸਤੇ ਦੇਖਦੇ ਭਾਲਦੇ ਸੀ, ਕੋਈ ਚੰਗਾ ਸਾਕ-ਰਿਸ਼ਤਾ… ਦੱਸਾਂ ਵੀ ਪੈਂਦੀਆਂ… ਅਸੀਂ ਪੁੱਛ ਪੜਤਾਲ ਕਰਦੇ… ਹੁਣ ਜਾਂ ਤਾਂ ਭਾਈ ਮੁੰਡਾ ਕੋਈ ਤੇਰੇ ਵਾਂਗੂੰ ਸਰਕਾਰੀ ਨੌਕਰੀ ਲਗਿਆ ਥਿਆਵੇ… ਜੇ ਜ਼ਮੀਨ ਜੈਦਾਤ-ਕਿਲਿਆਂ ਵੰਨੀਂ ਵੇਖੀਏ ਤਾਂ ਹੁਣ ਦੋ ਲੱਖ ਰੁੱਪੀਆ ਕਿੱਲੇ ਦਾ ਦਾਜ ਦਹੇਜ਼ ਦਾ ਰੇਟ ਹੋਇਆ ਪਿਆ… ਜੇ ਮੁੰਡੇ ਨੂੰ ਦਸ ਕਿੱਲੇ ਪੈਲੀ ਆਉਂਦੀ ਹੈ ਤਾਂ ਅਗਲੇ ਵੀਹ ਲੱਖ ਗਿਣ ਕੇ ਲਵੌਂਦੇ ਐ… ਮਗਰੋਂ ਜਿਹੜਾ ਦਿਨ ਦਿਹਾਰਾਂ 'ਤੇ ਦੇਣਾ ਪਊ… ਵੱਖਰਾ…।



"ਤੇ ਹੋਰ ਸੁਣ ਲੈ… ਮੁੰਡਾ ਅਖੇ ਬੀ.ਏ. ਪਾਸ ਐ… ਪਿਉ ਖੇਤੀ ਵਾਹੀ ਕਰਦਾ ਸੀ… ਮੁੰਡਾ ਆਂਹਦਾ… ਬਾਪੂ ਠੇਕੇ ਉਤੇ ਦੇ ਦੇ ਮੈਥੋਂ ਨ੍ਹੀਂ ਖਲਜਗਨ ਹੁੰਦਾ… ਮੋਟਰ ਸਾਇਕਲ ਥੱਲੇ ਐ… ਚਿੱਟ-ਕੱਪੜੀਏ ਕਦੇ ਐਸ ਅੱਡੇ ਖੜ੍ਹੇ ਐ… ਕਦੇ ਔਥੇ… ਫੇਰ ਭਾਈ ਪੋਤਰੀ ਆਂਹਦੀ… ÷ਏਥੇ ਵੀਹ ਪੱਚੀ ਲੱਖ ਜ਼ਰੂਰ ਲਾਉਣਾ ਐਂ… ਤੁਸੀਂ ਏਹੀ ਪੈਸੇ ਮੈਨੂੰ ਕਨੇਡਾ ਪੜ੍ਹਨ ਭੇਜਣ ਉਤੇ ਲਾਓ…। ਮੈਂ ਨਾਲੇ ਓਥੇ ਹੋਰ ਪੜ੍ਹੂੰ… ਕੁਛ ਬਣੂੰ… ਨਾਲੇ ਵਰਕ ਪਰਮਿਟ ਮਿਲਣ ਕਰਕੇ ਕਮਾਊਂ… ਥੋੜਾ ਵੀ ਸਹਾਰਾ ਬਣੂੰ… ਆਵਦੇ ਵਿਆਹ ਜੋਗਰੇ ਪੈਸੇ ਮੈਂ ਆਪੇ ਕਮਾ ਲਊਂਗੀ।

"ਮੈਨੂੰ ਖਿਆਲ ਆਇਆ, ਮਨਾਂ ਤੈਨੂੰ ਮਜਬੂਰੀਆਂ 'ਚ ਦਸਵੀਂ 'ਚੋਂ ਹਟਣਾ ਪਿਆ… ਮੁੰਡਾ ਬੂਟਾ ਬਾਰ੍ਹਵੀਂ 'ਚ ਅੜ ਗਿਆ… 'ਕੱਲਾ ਸੀ, ਕੁਛ ਤਾਂ ਤੇਰੀ ਚਾਚੀ ਦੇ ਲਾਡ ਨੇ ਵਿਗਾੜ ਤਾ… ਕੁਛ ਟਰੈਕਟਰ ਲੈ ਕੇ ਵਾਹੀ ਕਰਨ ਦਾ ਸ਼ੌਂਕ ਸਿਰ ਨੂੰ ਧਤੂਰੇ ਵਾਂਗ ਚੜ੍ਹ ਗਿਆ… ਖੈਰ ਓਹਨੀਂ ਵੇਲੀਂ ਨਰਮੇ ਕਪਾਹ… ਸਪਰੇਆਂ ਰੇਹਾਂ ਬਿਨਾਂ ਚੰਗੇ ਹੁੰਦੇ ਸੀ… ਵਾਹੀ 'ਚ ਮਿਹਨਤੀ ਨਿਕਲਿਆ… ਕੰਮ ਚੱਲ ਗਿਆ… ਪਰ 'ਗਾਂਹ ਨੂੰ ਪੜ੍ਹਾਈ ਬਿਨਾਂ ਕੁਛ ਨ੍ਹੀਂ ਬਣਦਾ… ਏਹੀ ਸਭ ਤੋਂ ਕੀਮਤੀ ਐ…। ਸੋ ਭਾਈ ਸਾਡੇ ਤਾਂ ਕੁੜੀ ਦੀ ਗੱਲ ਜਚ ਗਈ… ਚਿਟ ਕਪੜੀਏ ਮੁੰਡਿਆਂ ਦਾ ਕੀ ਭੇਤ ਐ… ਵਿਹਲੇ ਫਿਰਦੇ… ਚਿਟੇ ਦੀ ਸੂਈਆਂ ਲਾ-ਲਾ ਕੇ ਜ਼ਿੰਦਗੀਆਂ ਬਰਬਾਦ ਕਰੀ ਜਾਂਦੇ ਐ… ਅਸੀਂ ਤਾਂ ਜੀ ਵਿਚਾਰੀ ਤੋਰਤੀ, ਜਿਵੇਂ ਆਂਹਦੇ ਹੁੰਦੇ ਐ… 'ਅੱਗੇ ਤੇਰੇ ਭਾਗ ਲੱਛੀਏ'…। ਹਾਂ ਪੋਤਰਾ ਮੁੰਡਾ ਏਥੇ ਪੜ੍ਹਦਾ ਐ… ਜੇ ਲੋਟ ਆ ਗਿਆ ਕੁੜੀਆਂ ਲੈ ਜਾਣਗੀਆਂ ਨਹੀਂ ਸਾਡੇ ਕੋਲ ਵੀ ਕੋਈ ਤਾਂ ਹੋਣਾ ਚਾਹੀਦਾ ਐ… ਹੈਂਅ ਕਿ ਨਹੀਂ ਠੀਕ ਕਿ ਝੂਠ ਐ।

"ਨਹੀਂ ਚਾਚਾ, ਤੁਸੀਂ ਬਿਲਕੁਲ ਠੀਕ ਕੀਤਾ… ਕੁੜੀਆਂ ਪੜ੍ਹਣਗੀਆਂ… ਕੰਮ ਕਰਨਗੀਆਂ… ਬਗਾਨੇ ਮੁਲਕ 'ਚ ਪੈਰਾਂ ਸਿਰ ਖੜ੍ਹੀਆਂ ਹੋਣਗੀਆਂ… ਓਹ ਜ਼ਿੰਦਗੀ 'ਚ ਕਦੇ ਮਾਰ ਨ੍ਹੀਂ ਖਾਣਗੀਆਂ…।

"ਵੇਖੋ ਜੀ… ਜੇ ਏਥੇ ਵਿਆਉਂਦੇ ਫੇਰ ਵੀ ਚਾਰ ਛਿਲੜ ਕੁਛ ਨਾ ਕੁਛ ਵੇਚ ਵੱਟ ਕੇ ਜਾਂ ਆੜ੍ਹਤੀਏ ਤੋਂ ਫੜ੍ਹ ਕੇ 'ਕੱਠੇ ਕਰਕੇ ਲਾਉਣੇ ਪੈਣੇ ਸੀ ਹੁਣ ਚੱਲ ਜੇ ਕੋਈ ਵੇਚੀ-ਵੱਟੀ ਵੀ ਐ… ਤਾਂ ਉਹ ਅਰਥ ਤਾਂ ਲਗ ਗਈ… ਕੁੜੀਆਂ ਤਾਂ ਸੁਖ ਮਾਨਣਗੀਆਂ… ਮੁੰਡੇ ਨੂੰ ਏਥੇ ਕਿਤੇ ਚੰਗਾ-ਮੰਦਾ ਸਾਕ ਜੁੜ ਜਾਊ… ਹੈ ਕਿ ਠੀਕ ਕਿ ਨਹੀਂ?

ਚਾਚੇ ਦਾ ਪੂਰਾ ਨਾਂ ਜੁਗਿੰਦਰ ਸਿੰਘੁ ਸੀ… ਉਹ ਹੈ ਤਾਂ ਮੈਥੋਂ ਸੱਤ-ਅੱਠ ਵਰ੍ਹੇ ਵੱਡਾ ਹੀ ਪਰ ਅਧੇੜ ਉਮਰ 'ਚ ਹੀ ਉਸਦੀ ਦਾਹੜੀ ਮੁੱਛਾਂ ਤੇ ਅੱਖਾਂ ਦੇ ਭਰਵੱਟੇ ਸਫੈਦ ਹੋਣ ਕਰਕੇ ਸਾਰੇ ਉਸਨੂੰ ਜਿੰਦਰ ਬੁੜ੍ਹਾ ਹੀ ਕਹਿਣ ਲਗ ਪਏ ਸਨ। ਨਾਲ ਦੇ ਪਿੰਡ ਸਕੂਲ ਵਿਚੋਂ ਛੁਟੀ ਹੋਣ ਵੇਲੇ ਓਹ ਮੈਨੂੰ ਆਵਦੇ ਸਾਇਕਲ ਦੇ ਪਿਛੇ ਬਿਠਾ ਲੈਂਦਾ… "ਐਵੇਂ ਬੱਸਾਂ ਟੈਂਪੂਆਂ ਵਿਚ ਮਧੋਲਿਆ ਜਾਵੇਗਾ… ਬਹਿ ਜਾ ਪਿਛੇ ਤੈਨੂੰ ਘਰੇ ਅਪੜਾਵਾਂ।"…ਓਹਨਾਂ ਦਾ ਖੇਤ ਵੀ, ਸਾਡੇ ਖੇਤ ਵਾਲੇ ਰਾਹ ਉਤੇ ਅਗਾਂਹ ਪੈਂਦਾ ਸੀ ਉਦੋਂ ਵੀ ਬਹੁਤੀ ਵਾਰੀ ਓਹ ਮੈਨੂੰ ਸਾਇਕਲ ਜਾਂ ਗੱਡੇ ਉਤੇ ਚੜ੍ਹਾ ਕੇ ਖੁਸ਼ ਹੁੰਦਾ ਸੀ।

ਓਹਦੇ ਬਾਪ ਦਾਦੇ ਦੀ ਸਾਡੇ ਬਜ਼ੁਰਗਾਂ ਨਾਲ ਲਿਹਾਜ਼ਦਾਰੀ ਤੇ ਦਾਰੂ ਪਿਆਲਾ ਸਾਂਝਾ ਸੀ। ਏਸ ਕਰਕੇ ਸਾਡੇ ਵਿਚ ਹੁਣ ਤੱਕ ਅਪਣੱਤ ਵਾਲਾ ਰਿਸ਼ਤਾ ਕਾਇਮ ਸੀ। ਉਂਝ ਵੀ ਵਿਰਾਸਤੀ ਓਹ ਸਾਡੇ ਗੋਤ-ਖਾਨਦਾਨ ਕਬੀਲੇ ਵਿਚੋਂ ਹੀ ਸੀ... ਖਾਨਗੀ ਵੰਡ-ਵੰਡੇਰੇ ਤੇ ਔਲਾਦਾਂ ਦੇ ਵਧਣ ਘਟਣ ਕਰਕੇ ਜ਼ਮੀਨ ਜਾਇਦਾਤੀ ਢੇਰੀਆਂ ਛੋਟੀਆਂ ਵੱਡੀਆਂ ਹੋ ਗਈਆਂ ਤਾਂ ਓਹਨਾਂ ਦੇ ਵਡੇਰਿਆਂ ਨੇ ਯਥਾ-ਵਥ ਨਾਲ ਲਗਦੀ ਬੀਕਾਨੇਰ ਰਿਆਸਤ ਵਿਚ ਕੁਛ ਜ਼ਮੀਨਾਂ ਬਣਾ ਲਈਆਂ ਤੇ ਭਾਈਚਾਰੇ ਵਿਚ ਕੁਛ ਬਰਾਬਰ ਹੋਣ ਦਾ ਮਾਣ-ਸਨਮਾਣ ਬਹਾਲ ਕੀਤਾ ਸੀ। ਪਰ ਖੇਤੀ ਕਰਮਾਂ ਸੇਤੀ... ਕਦੇ ਓਧਰ ਸਮਾਂ ਲਗ ਜਾਂਦਾ ਕਦੇ ਕਾਲ ਪੈ ਜਾਂਦਾ... ਪਰ ਦੋਂਹ ਪਿੰਡੀ ਜ਼ਮੀਨ ਦਾ ਹੌਸਲਾ ਓਹਨਾਂ ਨੂੰ ਭਾਈਚਾਰੇ ਵਿਚ ਖੜ੍ਹਾ ਰੱਖਣ ਦਾ ਠੁਮ੍ਹਣਾ ਦੇਈ ਰਖਦਾ...।

ਰਿਟਾਇਰ ਹੋਣ ਪਿਛੋਂ, ਜਿਵੇਂ ਅਕਸਰ ਮੈਂ ਦਸੰਬਰ ਦੇ ਪਿਛਲੇ ਹਫ਼ਤੇ ਤੋਂ ਲੈ ਕੇ ਲੋਹੜੀ ਤੇ ਮੇਲਾ ਮਾਘੀ ਤਕ ਪਿੰਡ ਜਾਂਦਾ ਹੁੰਦਾ ਹਾਂ, ਜਿਥੇ ਸਾਡਾ ਕਾਫੀ ਭਾਈਚਾਰਾ ਤਾਂ ਭਾਵੇਂ ਮੇਰੇ ਵਾਂਗੂੰ ਸ਼ਹਿਰੀਂ ਜਾ ਵਸਿਆ ਪਰ ਫੇਰ ਵੀ ਮੇਰੀ ਤਾਂਘ ਹੁੰਦੀ ਐ ਕਿ ਪਿੰਡ ਪੁਰਾਣੇ ਜਾਣ ਪਛਾਣ ਵਾਲੇ ਹਰ ਭਾਈਚਾਰੇ ਦੇ ਲੋਕਾਂ ਨੂੰ ਮਿਲ ਕੇ ਓਹਨਾਂ ਦੇ ਦੁਖ-ਸੁਖ ਪੁਛਾਂ ਤੇ ਯਾਦਾਂ ਤਾਜ਼ੀਆਂ ਕਰਾਂ... ਜਿਸ ਕਰਕੇ ਮੈਂ ਪਿੰਡ ਦਾ ਭਲਵਾਨੀ ਗੇੜਾ ਲਾਉਣ ਨਿਕਲ ਜਾਂਦਾ ਹਾਂ... ਜਿਥੇ ਮੇਰੀ ਪਿੰਡ 'ਚ ਵਾਪਰੀਆਂ ਚੰਗੀਆਂ-ਮਾੜੀਆਂ ਘਟਨਾਵਾਂ ਨੂੰ ਜਾਨਣ-ਸਮਝਣ ਦੀ ਇਛਾ ਪੂਰੀ ਹੋ ਜਾਂਦੀ ਹੈ।

"ਚਾਚਾ ਜਿੰਦਰ ਨ੍ਹੀਂ ਅੱਜ ਦਿਸਦਾ?

ਮੈਂ ਬੈਂਚਾਂ ਉਤੇ ਖਿੜੀ ਧੁੱਪ ਦਾ ਨਿੱਘ ਮਾਣ ਰਹੇ ਬੰਦਿਆਂ ਨੂੰ ਪੁਛਿਆ।

"ਸਾ ਸਰੀ 'ਕਾਲ ਬਾਈ ਜੀ। ਹੁਣੇ ਏਥੇ ਹੀ ਬੈਠਾ ਯੂ ਟਿਊਬ ਦੀਆਂ ਖਬਰਾਂ ਸੁਣੀ ਜਾਂਦਾ ਸੀ... ਚੁਪ ਕਰਕੇ ਘਰ ਨੂੰ ਖਿਸਕ ਗਿਆ। ਘਾਊਂ-ਮਾਊਂ ਜਾ ਹੋਇਆ ਫਿਰਦੈ... ਕੁੜੀਆਂ ਕਨੇਡਾ ਘੱਲ 'ਤੀਆਂ ਬੂਟਾ ਖੇਤ ਬੰਨੇ ਕੰਮ ਉਤੇ ਨਿਕਲ ਜਾਂਦਾ... ਪੋਤਰਾ ਪੜ੍ਹਨ ਵਗ ਜਾਂਦਾ ਐ... ਦੋਹੇਂ ਬੁੜ੍ਹਾ-ਬੁੜ੍ਹੀ ਬੈਠੇ ਕਲਪੀ ਜਾਂਦੇ ਐ... ਨੋਂਹ ਵਿਚਾਰੀ ਕੰਮ ਧੰਦੇ... ਮਾਲ ਡੰਗਰ ਵਿਚ ਫਸੀ ਰਹਿੰਦੀ ਐ,"ਚਾਚੇ ਦੇ ਗੁਆਂਢੀ ਚੰਦ ਸਿੰਹੁ ਮਿਸਤਰੀ ਨੇ ਗੱਲ ਮੁਕਾਈ।

"ਅੱਛਾ ਪਰਾਰ ਤਾਂ ਏਥੇ ਹੀ ਬੈਠਾ ਬੜਾ ਖੁਸ਼ ਹੋ ਕੇ ਬੱਚੀਆਂ ਨੂੰ ਕਨੇਡਾ ਪੜ੍ਹਾਉਣ ਦੀ ਮੈਨੂੰ ਖਬਰ ਸੁਣਾ ਰਿਹਾ ਸੀ।

"ਪਤਾ ਈ ਨ੍ਹੀਂ ਜੀ ਅੱਜ ਕੱਲ ਤਾਂ ਲੋਕ ਬਾਹਲੀ-ਖਿੱਝ-ਕਾਹਲ-ਬੇਚੈਨੀ ਜੇਹੀ ਵਿਚ ਉਲਝੇ ਰਹਿੰਦੇ ਐ... ਜਾਂ ਬੋਲੀ ਜਾਂਦੇ ਐ ਜਾਂ ਜਮਾਂ ਈ ਚੁੱਪ ਕਰ ਜਾਂਦੇ ਐ... ਸਮਝੋਂ ਬਾਹਰ ਐ।"ਮੇਘਵਾਲਾਂ ਦਾ ਕੁਰੜਾ ਰਾਮ ਛੱਪੜ ਦੀ ਕੰਧ ਉਤੇ ਪੈਰਾਂ ਭਾਰ ਬੈਠਾ... ਬੀੜੀ ਦਾ ਸੂਟਾ ਲਾਉਂਦਾ ਹੋਇਆ ਬੋਲਿਆ।

ਵੀਹ ਕੁ ਮਿੰਟ ਬੈਂਚਾਂ ਉਪਰ ਬੈਠ ਕੇ ਮੈਂ ਸੋਚਿਆ... ਚੱਲ ਮਨਾ ਚਾਚੇ ਦੇ ਘਾਊਂ-ਮਾਊਂ ਹੋਣ ਦਾ ਸਬੱਬ ਤਾਂ ਜਾਣੀਏ। ਲੋਹੇ ਦਾ ਗੇਟ ਖੜਕਾ ਕੇ ਮੈਂ ਅਵਾਜ਼ ਮਾਰੀ...



"ਚਾਚਾ ਘਰੇ ਈ ਐਂ? ਕੋਈ ਕੁੱਤਾ ਤਾਂ ਖੁਲ੍ਹਾ ਨਹੀਂ ਛੱਡ ਰਖਿਆ?

"ਕਿਹੜਾ ਐ ਭਾਈ... ਅੰਦਰ ਆ ਜਾ... ਕੁਛ ਨ੍ਹੀਂ ਖੁਲ੍ਹਾ ਛੱਡ ਰੱਖਿਆ ਰੋਟੀਆਂ ਤਾਂ ਬੰਦਿਆਂ ਲਈ ਮਸਾਂ ਪੂਰੀਆਂ ਪੱਕਦੀਆਂ... ਕੁਤਿਆਂ ਨੂੰ ਕੌਣ ਲੰਗਰ ਛਕਾਵੇ।"...ਤੇ ਜਦੋਂ ਮੈਂ ਗੇਟ ਦੇ ਵਿਚੋਂ ਅਗਾਂਹ ਵਧਾ ਕੇ ਆਵਦਾ ਚਿਹਰਾ ਵਿਖਾਇਆ ਤਾਂ ਚਾਚਾ ਖੁਸ਼ ਹੋ ਕੇ ਖਿੜ ਗਿਆ।

"ਓ ਆਹ ਸੁਹਣਿਆ... ਸਦਕੇ ਜਾਈਏ ਭਾਈ ਤੂੰ ਸਾਡੇ ਵਿਹੜੇ ਚਰਨ ਪਾਏ...। ਹੈਥੋਂ ਕੋਈ ਕੁਰਸੀ ਲਿਆਓ ਚੁੱਕ ਕੇ... ਪਰੋਫ਼ੈਸਰ ਸਾਹਬ ਆਇਆ।

ਮੈਂ ਚਾਚੇ ਦੇ ਮੰਜੇ ਦੀ ਪੁਆਂਦੀ ਬਹਿੰਦੇ ਹੋਏ ਕਿਹਾ, "ਚਾਚਾ ਕੁਰਸੀ ਤੇ ਬੈਠ ਕੇ ਥੱਕੇ ਪਏ ਹਾਂ... ਵਾਣ ਦੇ ਮੰਜੇ ਦੀ ਰੀਸ ਨਹੀਂ।

ਚਾਚੀ ਵਿਚਾਰੀ ਫੇਰ ਵੀ ਖਰਾਬ ਗੋਡੇ ਕਰਕੇ ਲੰਗੜਾਉਂਦੀ ਹੋਈ ਪਲਾਸਟਿਕ ਦੀ ਕੁਰਸੀ ਚੁੱਕੀ ਆਉਂਦੀ ਸੀ... ਮੇਰਾ ਮੋਢਾ ਪਲੂਸ ਕੇ ਅਸੀਸਾਂ ਦੇ ਕੇ ਕਹਿੰਦੀ... "ਪੁੱਤ ਉਠ ਕੇ ਸੌਖਾ ਹੋ ਕੇ ਕੁਰਸੀ ਉਤੇ ਬੈਠ... ਨਹੀਂ ਚਾਚੀ ਤੁਸੀਂ ਬੈਠੋ ਮੈਂ ਏਥੇ ਈ ਸੌਖਾ ਹਾਂ।

ਮੇਰੇ ਪ੍ਰੀਵਾਰ ਦੀ ਖੈਰ-ਸੁੱਖ ਪੁੱਛ ਕੇ ਓਹਨੇ ਪਸ਼ੂਆਂ ਵਾਲੇ ਪਾਸੇ ਬਹੁਕਰ ਮਾਰਦੀ ਆਵਦੀ ਨੋਂਹ ਨੂੰ ਅਵਾਜ਼ ਦਿੱਤੀ... "ਨੀਂ ਕੁੜੇ ਨਸੀਬ ਕੁਰੇ... ਛੱਡ ਬਹੁਕਰ ਦਾ ਖਹਿੜਾ... ਕਾਕਾ ਆਇਆ... ਦੁੱਧ ਤੱਤਾ ਕਰਕੇ ਲਿਆ ਮੇਰੀ ਧੀ... ਵਿਚ ਲੈਚੀਆਂ ਪਾ ਲਵੀ...।

"ਬਸ ਚਾਚੀ ਕਾਸੇ ਦੀ ਲੋੜ ਨਹੀਂ, ਮੈਂ ਤਾਂ ਚਾਚੇ ਦੀਆਂ ਗੱਲਾਂ ਨਾਲ ਹੀ ਰੱਜ ਜਾਊਂਗਾ।

"ਹੇ-ਖਾਂ ਪੁੱਤ ਘਰੇ ਸੁਖ ਨਾਲ ਦੋ-ਦੋ ਲਵੇਰੇ ਹੋਣ... ਕੀ ਗੱਲ ਕਰਦੈਂ... ਜੇ ਮੈਨੂੰ ਪਤਾ ਹੁੰਦਾ ਵੀ ਤੂੰ ਅੱਜ ਚਾਚੇ ਕੋਲ ਆਵੇਂਗਾ... ਮੈਂ ਖੀਰ ਰਿੰਨ੍ਹ ਕੇ ਰਖਦੀ।

ਚਾਚੀ ਦੀ ਏਨੀ ਅਪਣੱਤ ਤੇ ਮੋਹ ਵੇਖ ਕੇ ਮੇਰਾ ਮਨ ਭਰ ਆਇਆ... ਕਿਥੇ ਸ਼ਹਿਰ ਦੀ ਜ਼ਿੰਦਗੀ, ਜਿਥੇ ਨਾ ਗੁਆਂਢੀ ਨੂੰ ਗੁਆਂਢੀ ਦਾ... ਨਾ ਉਪਰਲੀ ਮੰਜ਼ਲ ਵਾਲੇ ਦਾ ਹੇਠਲੀ ਮੰਜ਼ਿਲ ਵਾਲੇ ਨਾਲ ਕੋਈ ਬਹੁਤਾ ਸਰੋਕਾਰ ਜਾਂ ਦਿਲੀ ਮੋਹ ਮੁਹੱਬਤ ਹੁੰਦੀ ਐ... ਬਸ ਸਰਸਰੀ ਮਿਣੀ ਤੋਲੀ ਲਫ਼ਾਜ਼ੀ ਹੁੰਦੀ ਐ।

"ਹੋਰ ਚਾਚਾ ਸਿਆਂ... ਵਾਹੀ-ਖੇਤੀ-ਫਸਲਬਾੜੀ ਠੀਕ ਐ? ਬੂਟਾ ਬਾਈ ਤਾਂ ਖੇਤ ਗਿਆ ਹੋਣੈ... ਪੋਤਰੇ ਗੁਡੀਆਂ ਦੀ ਪੜ੍ਹਾਈ ਠੀਕ ਚੱਲੀ ਜਾਂਦੀ ਐ?"ਮੈਂ ਕਈ ਸਧਾਰਣ ਸਵਾਲ ਚਾਚੇ ਨੂੰ ਰੁਟੀਨ ਵਿਚ ਕਰ ਦਿੱਤੇ।

"ਦਸਦੈਂ ਭਾਈ ਸਭ ਕੁਝ ਦਸਦਾ ਹਾਂ...।

ਚਾਚੇ ਜਿੰਦਰ ਨੇ ਪਹਿਲਾਂ ਖੜ੍ਹਾ ਹੋ ਕੇ ਸਿਰ ਉਤੋਂ ਢਿਲਕੀ ਜਿਹੀ ਪੱਗ ਲਾਹ ਕੇ... ਝਟਕਾ ਕੇ... ਵਲ-ਵੱਟ ਸਿੱਧੇ ਕਰਕੇ ਮੰਜੇ ਉਤੇ ਰੱਖ ਦਿੱਤੀ... ਫੇਰ ਅੱਧ ਗੰਜੇ ਸਿਰ ਉਤੇ ਕੰਨਾਂ ਕੋਲ ਬਚੇ ਵਾਲਾਂ ਨੂੰ ਉਂਗਲਾਂ ਨਾਲ ਸੁਲਝਾ ਕੇ ਨਿਕੀ ਜੇਹੀ ਜੂੜੀ ਕੀਤੀ...

ਦਾਹੜੀ ਵਿਚ ਉਂਗਲਾਂ ਨਾਲ ਕੰਘਾ ਕੀਤਾ... ਮੁੱਛਾਂ ਸਵਾਰੀਆਂ... ਪੱਗ ਕੱਸ ਕੇ ਸਿਰ ਉਤੇ ਬੰਨ੍ਹੀਂ... ਲੋਈ ਝਾੜ ਕੇ ਬੁਕਲ ਮਾਰੀ ਤੇ ਮੰਜੇ ਉਤੇ ਚੌਂਕੜੀ ਮਾਰ ਕੇ ਬੈਠ ਗਿਆ।

ਮੈਂ ਏਸ ਸਾਰੇ ਸਮੇਂ ਵਿਚ, ਚਾਚੇ ਦੇ ਘਰ ਦੀ ਓਪਰੀ ਜਿਹੀ ਤਫਤੀਸ਼ ਕਰਦਾ ਰਿਹਾ... ਸੁਹਣੀ ਸਾਂਭੀ ਹੋਈ ਕੁੰਢੇ ਸਿੰਗਾਂ ਵਾਲੀ ਸੱਜਰ ਸੂਈ ਕਾਲੀ ਮੱਝ... ਇਕ ਧੁੰਨਲ ਸਾਹੀਵਾਲ ਨਸਲ ਦੀ ਗਾਂ... ਗੱਡੀ ਜੁੜਦਾ ਸਾਵਾ ਵਹਿੜਕਾ... ਰੱਜ ਪੁਜ ਕੇ ਬੈਠੇ ਜੁਗਾਲੀ ਕਰੀ ਜਾਂਦੇ ਸਨ। ਜਿਮੀਦਾਰਾ ਘਰ ਚੁੱਲ੍ਹਾ ਚੌਂਕਾ... ਕੰਧੋਲੀਆਂ ਦੇ ਅੱਗੇ ਥੋਹੜਾ ਪੱਕਾ ਤੇ 'ਗਾਂਹ ਕੱਚਾ ਵਿਹੜਾ। ਪਸ਼ੂਆਂ ਵਾਲੇ ਬਰਾਂਡੇ ਦੇ ਨਾਲ ਇਕ ਹੋਰ ਚਾਦਰਾਂ ਦਾ ਸ਼ੈੱਡ... ਉਸ ਵਿਚ ਕਣਕ ਸਾਂਭਣ ਵਾਲੇ ਦੋ ਵੱਡੇ ਡਰੰਮ... ਖਾਦ ਦੇ ਗੱਟੇ... ਕੁਝ ਹੋਰ ਜੌਂਅ-ਸਰੋਂ ਦੀਆਂ ਅੱਧ ਪਾਟੀਆਂ ਜਿਹੀਆਂ ਬੋਰੀਆਂ... ਖਿੰਡਿਆ ਪਿਆ ਅਨਾਜ... ਸ਼ੈੱਡ ਦੇ ਇਕ ਸਿਰੇ ਤੇ ਮਹਿੰਦਰਾ ਕੰਪਨੀ ਦਾ ਲਾਲ ਰੰਗ ਦਾ ਛੋਟਾ ਟਰੈਕਟਰ ਖੜ੍ਹਾ ਸੀ।

ਬਾਹਰਲੇ ਲੋਹੇ ਵਾਲੇ ਗੇਟ ਦੀ ਕੰਧ ਨਾਲ... ਉਫ਼ਨੀ ਪਈ ਪੋਲੀ ਧਰਤੀ ਵਿਚ ਕੀੜਿਆਂ ਦੀਆਂ ਕਈ ਖੁੱਡਾਂ-ਭੌਣ ਅਨਾਜ ਦੇ ਦਾਨਿਆਂ ਨਾਲ ਸ਼ਿੰਗਾਰੇ ਪਏ ਸਨ। ਕੀੜਿਆਂ ਦੀਆਂ ਕਈ ਲਾਰਾਂ ਸ਼ੈੱਡ ਵਿਚਲੀਆਂ ਬੋਰੀਆਂ ਤੋਂ ਭੌਣ ਤਕ ਅਨਾਜ ਢੋਅ ਰਹੀਆਂ ਸਨ... ਸਟੋਰ ਕਰ ਰਹੀਆਂ ਸਨ ਲਗਾਤਾਰ ਚੱਲ ਰਹੀਆਂ ਸਨ।

"ਗੱਲ ਇਉਂ ਐ ਸ਼ੇਰਾ... ਬਈ ਫਸਲ ਤਾਂ ਬੂਟੇ ਦੇ ਐਤਕੀ ਚੰਗੀ ਹੋਈ... ਝੋਨੇ ਦਾ ਭਾਅ ਵੀ ਚੰਗਾ ਸੀ... ਠੇਕਾ ਵੀ ਪੂਰਾ ਹੋ ਗਿਆ... ਕੁੜੀ ਦੀ ਕਨੇਡਾ ਫੀਸ ਵੀ ਭਰੀ ਗਈ... ਬਾਕੀ ਭਾਈ ਆਈ ਚਲਾਈ ਹੀ ਚਲਦੀ ਹੁੰਦੀ ਐ... ਤੈਨੂੰ ਪਤਾ ਐ... ਔਖ ਤਾਂ ਨਾ ਕਦੇ ਜਿਮੀਦਾਰੇ 'ਚੋਂ ਮੁਕੀ ਐ ਨਾ ਕਦੇ ਮੁਕਣੀ ਐ। ਪਰ ਜਿਵੇਂ ਸੁਣਦੇ ਸਾਂ... ਓਹੋ ਜੇਹਾ ਤਾਂ ਭਤੀਜ ਮੈਨੂੰ ਕੁਛ ਲਗਦਾ ਨ੍ਹੀਂ... ਕੁੜੀਆਂ ਵਿਚਾਰੀਆਂ ਪੜ੍ਹੀ ਵੀ ਜਾਂਦੀਆਂ... ਥੋੜ੍ਹਾ ਬਹੁਤਾ ਕੰਮ ਡਿਊਟੀ ਕਰਕੇ ਕਮਾਈ ਵੀ ਜਾਂਦੀਆਂ... ਪਰ ਫੇਰ ਵੀ ਏਧਰੋਂ ਪੈਸਾ-ਧੇਲਾ ਭੇਜਣਾ ਪੈਂਦਾ... ਸਿਮਰੇ ਵਿਚਾਰੇ ਨੂੰ ਤਾਂ ਐਤਕੀ ਆੜ੍ਹਤੀ ਤੋਂ ਚੱਕ ਕੇ ਭੇਜਣਾ ਪਿਆ... ਇਕ ਆਪਣੇ ਪੈਸੇ ਦਾ ਬਣਦਾ ਕੁਛ ਨਹੀਂ... ਡਾਲਰ ਮਹਿੰਗਾ ਈ ਬਹੁਤ ਹੋਈ ਜਾਂਦੈ। ਹੁਣ ਐਧਰ ਦੀ ਸੁਣ ਲੈ... ਪੋਤਰਾ ਪ੍ਰਾਈਵੇਟ ਬਾਬੇ ਫਰੀਦ ਵਾਲਿਆਂ ਦੇ ਸਕੂਲ ਵਿਚ ਪੜ੍ਹਦਾ ਐ... ਫੀਸ ਵਾਲੇ ਓਹ ਵੀ ਆਏ ਸਾਲ ਚੌਂਹਦੇ ਚੱਕੀ ਜਾਂਦੇ ਐ।...ਤੁਸੀਂ ਤਾਂ ਸਾਡੇ ਤੋਂ ਵੱਧ ਸਮਝਦਾਰ ਹੋ... ਵੱਧ ਜਾਣਦੇ ਬੁਝਦੇ ਹੋ... ਓਧਰ ਆਂਹਦੇ ਕਨੇਡਾ ਵਿਚ ਵੀ ਉਥਲ-ਪੁਥਲ ਹੋਈ ਜਾਂਦੀ ਐ...।

"ਉਥਲ ਪੁਥਲ ਤਾਂ ਸਾਰੀ ਦੁਨੀਆ ਵਿਚ ਹੀ ਹੋਈ ਜਾਂਦੀ ਐ।"ਮੇਰੀ ਗੱਲ ਕੱਟ ਕੇ ਕੁਰਸੀ ਉਤੇ ਬੈਠੀ ਚਾਚੀ ਬੋਲੀ...

"ਛੇੜ ਲਈ ਫੇਰ ਓਹੀ ਗੱਲ... ਇਹ ਪੁੱਤ ਸੱਥ 'ਚੋਂ ਲੋਕਾਂ ਦੀਆਂ ਪੁਠੀਆਂ ਸਿਧੀਆਂ ਸੁਣ ਕੇ ਨਾਲੇ ਆਪ ਭੰਬਲਭੂਸੇ ਵਿਚ ਪਿਆ ਫਿਰਦੈ ਨਾਲੇ ਸਾਨੂੰ ਸਾਰੇ ਟੱਬਰ ਨੂੰ ਉਲਝਾ ਰਖਿਆ... ਪਤਾ ਨ੍ਹੀਂ ਆਹ ਮੁਬੈਲ ਫੋਨਾਂ 'ਤੇ ਕਿਥੋਂ ਖਵਰੇ ਸਾਖੀਆਂ ਸੁਣ



ਆਉਂਦਾ ਐ। ਸੱਥ 'ਚ ਬੈਠੇ ਮਹਿਲੇ ਗਿੱਲ ਦਾ ਆਵਦਾ ਛੋਕਰਾ ਤਾਂ ਬਾਹਰ ਜਾਣ ਦੇ ਕੋਰਸ ਵਿਚੋਂ ਚਾਰ ਵਾਰੀ ਰਹਿ ਗਿਆ... ਹੁਣ ਦੂਜਿਆਂ ਨੂੰ ਜਿਨ੍ਹਾਂ ਦੇ ਕਨੇਡਾ ਵਗ ਗਏ... ਓਹਨਾਂ ਨੂੰ ਓਥੋਂ ਦੀਆਂ ਤਸਵੀਰਾਂ ਕਹਾਣੀਆਂ ਵਿਖਾ ਕੇ ਹੈਰਾਨ ਕਰਦਾ ਹੈ... ਮੈਂ ਤੈਨੂੰ ਦੱਸਾਂ।

"ਕਿਉਂ! 'ਨਾਮ ਕੁਰੇ... ਵਿਚਾਰੇ ਗਿੱਲ ਦੇ ਖ਼ਤ ਪਈ ਹੈ... ਜਦੋਂ ਉਹ ਆਵਦੇ ਫੋਨ ਉਤੇ ਪ੍ਰਤੱਖ ਵਿਖਾ ਦਿੰਦਾ ਹੈ... ਸੁਣਾ ਦਿੰਦਾ ਹੈ... ਬਈ ਜੁਆਕਾਂ ਦੀਆਂ ਵਹੀਰਾਂ ਨੇ ਓਥੋਂ ਦੀਆਂ ਸਰਕਾਰਾਂ ਦੇ ਵੀ ਤਖਤ-ਤਾਜ ਡੋਲਣ ਲਾ 'ਤੇ... ਬਹੁਤਿਆਂ ਨੂੰ ਕੰਮ ਮਿਲਦਾ ਨਹੀਂ... ਪੜ੍ਹਾਈਆਂ ਰਹਿਣ-ਖਾਣ ਪੀਣ ਦੇ ਖਰਚੇ... ਬੇ ਰੁਜ਼ਗਾਰੀ ਕਰਕੇ ਕਈ ਤਾਂ ਪੁਲਾਂ ਥਲੇ ਮੰਗਤੇ ਬਣੇ ਬੈਠੇ ਐ... ਕਈ ਨਸ਼ਿਆਂ ਲੁਟਾਂ ਖਸੁਟਾਂ ਦਾ ਰਾਹ ਫੜੀ ਫਿਰਦੇ ਐ... ਕਈ ਹੋਰ ਪੁਠੇ ਕੰਮਾਂ ਵਿਚ ਪੈ ਗਏ... ਤੂੰ ਵੀ ਤਾਂ ਕਾਕਾ ਇਹ ਸਾਰਾ ਕੁਝ ਵੇਖਦਾ ਹੀ ਹੋਏਗਾ।

"ਦਰ-ਅਸਲ ਚਾਚਾ ਜਿਹੜੇ ਏਧਰ ਨਿਕੰਮੇ ਨਿੱਠਲੂ ਸੀ... ਮਾਂ ਬਾਪ ਨੇ ਬੰਨ੍ਹ-ਸ਼ੁਭ ਕਰਕੇ ਓਧਰ ਤੋਰ ਦਿੱਤੇ... ਬਈ ਕੰਮ ਕਿੱਤੇ ਲੱਗ ਕੇ ਸੁਧਰ ਜਾਣਗੇ... ਖਵਰੇ ਅਕਲ ਆ ਹੀ ਜਾਵੇ... ਵੇਖੋ ਵੇਖੀ। ਪਰ ਜਿਵੇਂ ਕਹਿੰਦੇ ਹੁੰਦੇ ਐ... ਜਿਹੜਾ ਲਾਹੌਰ ਮਲੰਗ ਓਹ ਪਸ਼ੌਰ ਵੀ ਮਲੰਗ। ਉਥੇ ਸਟੋਰਾਂ ਵਿਚ ਸਮਾਨ ਚੀਜ਼ ਵਸਤਾਂ 'ਤੇ ਕੀਮਤ ਲਿਖੀ ਹੁੰਦੀ ਐ... ਤੁਸੀਂ ਬਗੈਰ ਪੁਛੇ ਪੈਸੇ ਰੱਖੋ ਤੇ ਚੀਜ਼ ਲੈ ਜਾਵੋ... ਏਹ ਨਿਕੰਮੇ ਚੀਜ਼ ਵੀ ਲੈ ਜਾਂਦੇ ਐ... ਤੇ ਪੈਸੇ ਦੇਣੇ ਤਾਂ ਕੀ ਸੀ... ਜਿਹੜੇ ਓਥੇ ਪਏ ਹੁੰਦੇ ਐ... ਉਹ ਵੀ ਚੁੱਕ ਲਿਜਾਂਦੇ ਐ...।

ਲੌਂਗ ਲੈਚੀਆਂ ਵਾਲੇ ਕੜ੍ਹੇ ਹੋਏ ਦੁਧ ਦੇ ਸੁੜ੍ਹਾਕੇ ਮਾਰਦੇ ਹੋਏ ਅਸੀਂ ਤਿੰਨੇ ਕਨੇਡਾ ਦੇ ਹਾਲਾਤ ਉਤੇ ਰੁੱਝੇ ਹੋਏ ਸਾਂ। ਚਾਚੀ ਹਰਨਾਮ ਕੁਰ ਨੇ ਮੂੰਹ ਨੂੰ ਬਣਾ ਸੰਵਾਰ ਕੇ... ਉਂਗਲ ਚਾਚੇ ਵੱਲ ਸਿਧੀ ਕਰਕੇ, ਮੁਖਾਤਬ ਮੈਨੂੰ ਹੋਈ... "ਵੇਖ ਪੁੱਤ ਮੈਂ ਏਹਨੂੰ ਕਿਹਾ... ਪੰਜੇ ਉਂਗਲਾਂ ਇਕੋ ਜੇਹੀਆਂ ਨ੍ਹੀਂ ਹੁੰਦੀਆਂ... ਖਲਕਤ ਹਰ ਥਾਂ ਹਰ ਰੰਗ ਸੁਭਾਅ ਦੀ ਹੁੰਦੀ ਐ... ਜਦੋਂ ਆਪਣੇ ਬੱਚੇ ਪੜ੍ਹੀ ਲਿਖੀ ਜਾਂਦੇ ਐ... ਵੱਸ ਲਗਦੇ ਕੰਮ ਕਰਕੇ ਕਮਾਈ ਵੀ ਜਾਂਦੇ ਐ। ਫੇਰ ਤੂੰ ਨਾ ਝੋਰਾ ਕਰਿਆ ਕਰ ਐਮੇਂ ਡਮਾਕ 'ਤੇ ਬੋਝ ਪਾਈ ਰੱਖਦੈਂ... ਮਖਿਆ ਅਧਰੰਗ ਦਾ ਦੌਰਾ ਪੈ ਜਾਊ... ਅੱਗੇ ਵੀਹਾਂ ਨੂੰ ਪਿਆ... ਫੇਰ ਕਿੱਧਰ ਨੂੰ ਜਾਮਾਂਗੇ। ...ਦੱਸ ਹੁਣ ਦੁਨੀਆਂ ਦੇ ਨਾਲ ਹੀ ਹਾਂ।

"ਭਤੀਜ-ਯਾਰ ਏਹ ਤਾਂ ਅਨਪੜ੍ਹਾਂ ਵਾਲੀ ਗੱਲ ਕਰਦੀ ਹੈ... ਤੂੰ ਸੋਚ ਵੀ ਜੇ ਓਧਰ ਕੁੜੀਆਂ ਨੂੰ ਪੀ-ਆਰ ਨਾ ਮਿਲੀ... ਜੇ ਓਹਨਾਂ ਨੂੰ ਨੌਕਰੀ-ਕੰਮ-ਵਰਕ ਪਰਮਿਟ ਨਾ ਮਿਲਿਆ... ਜੇ ਓਹਨਾਂ ਨੇ ਕਾਨੂੰਨ ਪਾਸ ਕਰਕੇ ਪੁੱਠੇ ਏਧਰ ਨੂੰ ਜਹਾਜ਼ ਚੜ੍ਹਾ ਦਿੱਤੇ... ਫੇਰ ਕੀ ਬਣੂੰ... ਨਾ ਹੰਸਾਂ 'ਚ ਨਾ ਕਾਵਾਂ 'ਚ। ...ਕਾਕਾ ਮੈਂ ਤੈਨੂੰ ਪਰਾਰ ਦੱਸਿਆ ਤਾਂ ਸੀ... ਬਈ ਕੁੜੀਆਂ ਪੜ੍ਹ ਲਿਖ ਕੇ ਸੁਖੀ ਵਸਣਗੀਆਂ... ਅਸੀਂ ਤਾਂ ਸੁਰਖੁਰੂ ਹੋ ਗਏ... ਪਰ ਹੁਣ ਭਾਈ ਵੇਖੋ ਕੀ ਬਣਦੈ... ਮੇਰੀ ਤਾਂ ਸਮਝੋਂ ਬਾਹਰ ਐ... ਵਿੱਚੇ

ਓਧਰ ਨਿੱਝਰ ਪੰਨੂੰ ਦਾ ਰੌਲਾ-ਗੌਲਾ ਪਿਆ ਫਿਰਦੈ... ਆਪਣੀ ਏਧਰਲੀ ਸਰਕਾਰ ਦਾ ਤੇ ਟਰੂਡੋ ਸਰਕਾਰ ਗੁਥਮ-ਗੁਥਾ ਹੋਈ ਫਿਰਦੀ ਐ... ਵੀਜੇ-ਬੂਜੇ ਮਿਲਦੇ ਨਹੀਂ ਲੋਕਾਂ ਦੇ ਲੱਖਾਂ ਰੁਪਈਏ ਡੁਬ ਗਏ ਨਾ ਘਰ ਦੇ ਨਾ ਘਾਟ ਦੇ...।

"ਨਹੀਂ... ਨਹੀਂ ਚਾਚਾ ਸਿਆਂ ਘਬਰਾ ਨਾ... ਮਿਹਨਤ ਨਾਲ ਪੜ੍ਹੇ ਲਿਖੇ ਬੱਚਿਆਂ ਦਾ ਕੁਛ ਨ੍ਹੀਂ ਵਿਗੜਦਾ... ਓਹ ਉਥੇ ਹੀ ਕਾਮਯਾਬ ਹੋਣਗੇ... ਤੁਸੀਂ ਆਵਦੇ ਵਿਸ਼ਵਾਸ 'ਤੇ ਪੱਕੇ ਰਹੋ... ਤੁਹਾਡੀ ਸੋਚੀ ਸਮਝੀ ਸਕੀਮ ਸਹੀ ਨੇਪਰੇ ਚੜ੍ਹੂ... ਬਸ ਮਨ ਨੂੰ ਸ਼ਾਂਤ ਰੱਖਿਆ ਕਰੋ...।

"ਬੂਟੇ ਦੇ ਬਾਪੂ ਨੂੰ ਸਮਝਾਓ ਰੱਬ... ਸੱਚੇ ਪਾਤਸ਼ਾਹ... ਗੁਰੂ...। ਲੈ ਪੁੱਤ ਮੈਂ ਏਹਨੂੰ ਬਥੇਰਾ ਆਖਦੀ ਹਾਂ... ਬਈ ਭਲਿਆ ਗੁਰੂ-ਮਾਹਰਾਜ... ਬਾਬੇ ਉਤੇ ਟੇਕ ਰੱਖ... ਨਿਹਚਾ ਰੱਖ... ਓਹਦੀ ਸ਼ਰਨ ਲੈ ਓਹੀ ਸਭ ਕੰਮ ਸੰਵਾਰੂ। ਲੈ ਪੁੱਤ ਬਹੁਤ ਚਿਰ ਪਹਿਲਾਂ ਮੈਂ 'ਖੰਡ ਪਾਠ ਸੁਖਿਆ ਸੀ। ...ਅੰਤਰਾ ਕਦੇ ਕੋਈ ਅੜਿਕਾ ਕਦੇ ਕੋਈ... ਖਵਰਨੀ ਗੁਰੂ ਓਸੇ ਕਰਕੇ ਹੀ ਸਾਡੇ 'ਤੇ ਮਿਹਰ ਦੀ ਨਿਗ੍ਹਾ ਨ੍ਹੀਂ ਕਰਦਾ। ਹੁਣ ਪੁਤ ਸੁਖ ਨਾਲ ਦੋ ਹਲਾਵੇ ਐ... ਦੁਧ ਘਿਉ ਘਰ ਦਾ ਬਥੇਰਾ ਐ। ਸਾਡੀ ਬਹੂ ਵੀ ਵਿਚਾਰੀ ਕਦੋਂ ਦੀ ਆਖਦੀ ਫਿਰਦੀ ਐ ਨਾਲੇ ਏਹਦੀ ਭਤੀਜ ਨੋਂਹ... ਸਿਮਰੇ ਦੀ ਬਹੂ... ਬਈ ਮਾਂਜੀ ਕੀ ਥੋਡੇ ਕੀ ਸਾਡੇ ਇਕੋ ਗੱਲ ਐ... ਮਾਹਰਾਜ ਦੇ ਘਰੇ ਚਰਨ ਪੁਆਈਏ... ਕੁੜੀਆਂ ਕੱਤਰੀਆਂ ਪ੍ਰਦੇਸੀ ਗਈਆਂ... ਵਾਹਿਗੁਰੂ ਭਲੀ ਕਰੇ...। ਵਿਚਾਰੀਆਂ, ਪਾਠੀਆਂ ਦੇ ਰਹਿਣ-ਸੌਣ... ਸਾਕ-ਸਕੀਰੀਆਂ ਦੇ ਸੱਦਣ ਸਦਾਉਣ... ਲੰਗਰ-ਪਾਣੀ ਸਭ ਕਾਸੇ ਦੀ ਵਿਉਂਤ ਬਣਾਈ ਬੈਠੀਆਂ... ਪੋਤਰਾ ਵੀ ਆਖਦਾ ਸੀ ਬਈ ਮੈਂ ਤਾਂ ਸਾਰਾ ਵਿਹੜਾ ਝੰਡੀਆਂ ਬੰਨ੍ਹ ਕੇ ਭਰ ਦਿਊਂ... ਰੰਗ ਬਰੰਗੀਆਂ ਫਰ-ਫਰ ਕਰਨਗੀਆਂ... ਆਵਦੇ ਭਾਪੇ ਨੂੰ ਕਹਿੰਦਾ, ਵੱਡੇ ਗੇਟ ਦੇ ਕੌਲਿਆਂ ਨਾਲ ਖੜ੍ਹੇ ਕਰਨ ਲਈ ਕੇਲੇ ਦੇ ਬੂਟੇ ਲੰਬੜਦਾਰਾਂ ਦੇ ਟਿਊਬਵੈਲ ਤੋਂ ਵੱਢ ਲਿਆਈਂ ਓਥੇ ਬਥੇਰੇ ਖੜ੍ਹੇ ਐ... ਹੁਣ ਤਾਂ ਪੁੱਤ ਤੇਰੇ ਚਾਚੇ ਦੇ ਹਾਮੀ ਭਰਨ ਦੀ ਲੋੜ ਐ... ਨਾਲੇ ਸਿਆਣੇ ਆਖਦੇ ਐ... ਬਈ ਗੁਰੂ ਦਸਵੰਧ ਤਾਂ ਮੰਗਦਾ ਹੀ ਹੈ।

ਚਾਚੀ ਹਰਨਾਮ ਕੁਰ ਨੇ ਅਖੰਡ ਪਾਠ ਦੀ ਸਾਰੀ ਵਿਉਂਤਬੰਦੀ ਦਾ ਖੁਲਾਸਾ ਕਰ ਦਿੱਤਾ। ਚਾਚੇ ਨੇ ਹੌਲੀ ਦੇਣੇ ਮੂੰਹ 'ਚ ਕਿਹਾ, ਜੋ ਚਾਚੀ ਨੂੰ ਪਰ੍ਹੇ ਬੈਠੀ ਨੂੰ ਤਾਂ ਪਤਾ ਨਹੀਂ ਸੁਣਿਆ ਕੇ ਨਾਂਹ... ਪਰ ਮੇਰੇ ਕੰਨੀ ਵਲੇਲ ਪੈ ਗਈ...'ਹੂੰਹ... ਝੰਡੀਆਂ, ਕੇਲਿਆਂ ਨਾਲ 'ਖੰਡ ਪਾਠ ਹੁੰਦੇ ਐ ਕਿਤੇ?'

"ਠੀਕ ਐ ਭਤੀਜ... ਕੋਈ ਸ਼ੱਕ-ਸ਼ੁਬ੍ਹਾ ਨ੍ਹੀਂ... ਤੇਰੀ ਚਾਚੀ ਬਹੁਤ ਚਿਰ ਤੋਂ ਮੈਨੂੰ ਅਖੰਡ ਪਾਠ ਕਰਾਉਣ ਲਈ ਵਾਸਤੇ ਪਾ ਰਹੀ ਐ। ਚਾਚੀ ਕੀ ਸਾਡਾ ਸਾਰਾ ਟੱਬਰ ਹੀ ਸਮਝ... ਸਣੇ ਮੇਰੇ ਭਤੀਜੇ ਸਿਮਰੇ ਕੇ ਵੀ... ਮੇਰੀ ਵੀ ਦਿਲੀ ਇੱਛਾ ਹੈ... ਬਈ ਜੇ ਸਾਰੇ ਟੱਬਰ ਦੀ ਕਹੀ ਮੰਨ ਲਵੇ ਤਾਂ ਖਵਰੇ... ਗੁਰੂ ਭਲੀ ਕਰੇ... ਟੱਬਰ ਦੀ ਸੁਖ 'ਤੇ ਫੁਲ ਚੜ੍ਹਾ ਮਨਾ।



..."ਮੈਂ ਗੁਰਦਵਾਰੇ ਗਿਆ, ਵੱਡੇ ਮਹੰਤ ਬਾਬੇ ਕੋਲੇ... ਬਈ ਬਾਬਾ ਜੀ ਆਹ ਸਮੱਸਿਆ ਹੈ... ਘਰਦਿਆਂ ਨੇ ਅਖੰਡ ਪਾਠ ਸੁਖਿਆ ਸੀ ਪਰ ਅਜੇ ਤਕ ਕੋਈ ਸਬੱਬ ਨਹੀਂ ਬਣਿਆ...।

"ਕੋਈ ਨਹੀਂ ਭਾਈ ਜੁਗਿੰਦਰ ਸਿਆਂ... ਮਾਹਰਾਜ ਦੀ ਸਭ ਪਾਸੇ ਨਿਗ੍ਹਾ-ਦ੍ਰਿਸ਼ਟੀ ਐ... ਖਵਰੇ ਤੁਹਾਡੇ ਘਰ ਉਤੇ ਹੁਣ ਸਵੱਲੀ ਹੋਵੇ।

"ਠੀਕ ਐ... ਠੀਕ ਐ ਬਾਬਾ ਜੀ ਪਾਤਸ਼ਾਹ ਦੀ ਨਜ਼ਰ ਮਿਹਰ ਹੋਣੀ ਚਾਹੀਦੀ ਐ... ਬਾਬਾ ਜੀ ਕੋਈ ਮਾਇਆ ਦਾ ਖਰਚੇ ਵਰਚੇ ਦਾ ਮਾੜ੍ਹਾ ਜਿਹਾ ਅੰਦਾਜ਼ਾ ਦੇ ਦਿੰਦੇ... ਥੋਡੀ ਮਿਹਰਬਾਨੀ ਹੋਊ।

"ਵੇਖ ਭਾਈ ਜੁਗਿੰਦਰ ਸਿਆਂ... ਗੁਰਬਾਣੀ ਦੀ ਕੋਈ ਕੀਮਤ ਐ... ਕੋਈ ਮੋਲ ਤੋਲ ਕਰ ਸਕਦੈ... ਏਹ ਤਾਂ ਭਾਈ ਅਣਮੁੱਲੀ ਐ। ਜੀਹਦੇ ਹਿਰਦੇ ਵਿਚ ਵਸ ਰਚ ਗਈ ਓਹਦੀਆਂ ਪੌਂ ਬਾਰਾਂ... ਤੇ ਜਿਹੜਾ ਭਾਈ ਵਿਖਾਵਾ ਕਰੇ... ਸ਼ਰਧਾ ਦਾ ਪਖੰਡ ਕਰੇ... ਓਹਦਾ ਫੇਰ ਤੂੰ ਜਾਣਦੈਂ ਬਈ ਕੀ ਭਲਾ ਹੋਣਾ ਐ।

"ਠੀਕ ਐ ਬਾਬਾ ਜੀ... ਸ਼ਰਧਾ ਤਾਂ ਸੱਚੇ ਦਿਲੋਂ ਹੀ ਹੈ... ਪਰ ਏਸ ਯੱਗ ਦਾ ਕੰਮ ਵੱਡਾ ਹੁੰਦਾ ਐ... ਤਾਂਹੀ ਪੁਛਿਆ ਸੀ ਜੀ।

"ਬਿਲਕੁਲ ਠੀਕ ਐ ਜੁਗਿੰਦਰ ਸਿਆਂ... ਚੰਗੀ ਗੱਲ ਕੀਤੀ, ਹਰ ਬੰਦੇ ਦੀ ਆਵਦੀ ਸਮਰੱਥਾ-ਪਹੁੰਚ ਹੁੰਦੀ ਐ... ਵੇਖ ਭਾਈ ਮਾਘ ਮਹੀਨਾ ਤੂੰ ਸੁਣਿਆ ਹੋਣਾ ਐ... ਬਾਣੀ 'ਚ ਲਿਖਿਆ ਐ... ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰ ਇਸਨਾਨੁ। ਹਰ ਕਾ ਨਾਮੁ ਧਿਆਇਐ ਸੁਣਿ ਸਭਨਾ ਨੋ ਕਰਿ ਦਾਨ... ਸਚੇ ਮਾਰਗਿ ਚਲਦਿਆਂ ਉਸਤਤ ਕਰੇ ਜਹਾਨ।। ...ਏਸ ਮਹੀਨੇ ਅਖੰਡ ਪਾਠਾਂ ਦਾ ਪੂਰਾ ਜ਼ੋਰ ਹੁੰਦਾ ਹੈ। ਮਾਘ ਦੀ ਦਸਵੀਂ ਤੋਂ ਅਖੰਡ ਪਾਠਾਂ ਦੀ ਲੜੀ ਚੱਲ ਪਊ... ਪਾਠ ਬੁੱਕ ਹੋਈ ਜਾਂਦੇ ਐ... ਇਕ ਦਾ ਭੋਗ ਪਊ... ਦੂਜੇ ਦਾ ਨਾਲ ਦੀ ਨਾਲ ਪ੍ਰਕਾਸ਼ ਹੋਊ... ਜੇ ਤਾਂ ਤੁਸੀਂ ਓਸ ਲੜੀ 'ਚ ਬੁਕ ਕਰਵਾਉਣਾ ਐ, ਫੇਰ ਤਾਂ ਭਾਈ ਪੰਦਰਾਂ ਕੁ ਹਜ਼ਾਰ ਨਾਲ ਸਰ ਜਾਊ... ਵਿਚੇ ਦਾਲ ਰੋਟੀ-ਸਬਜ਼ੀ-ਖੀਰ ਦੇਗ ਦਾ ਪ੍ਰਬੰਧ ਹੋ ਜਾਊ... ਨਾ ਪਾਠੀਆਂ ਦੀ ਸਾਂਭਾ ਸੰਭਾਲੀ ਨਾ ਲਾਗੀਆਂ ਦੀ ਭਾਂਡੇ ਖੜਕਾਈ...। ਤੇ ਜੇ ਭਾਈ ਮਾਹਰਾਜ ਹਜ਼ੂਰ ਨੂੰ ਆਵਦੇ ਘਰ ਦੇ ਦਰਸ਼ਨ-ਦੀਦਾਰੇ ਸੇਵਾ-ਸੰਭਾਲ੍ਹ ਕਰਨ ਦੀ ਇਛਾ ਹੈ... ਫੇਰ ਜਿੰਨਾ ਤੇਰਾ ਜੀਅ ਕਰੇ ਗੁੜ ਪਾ ਕੇ ਮਿਠਾ ਕਰ ਲਵੀਂ... ਫੇਰ ਤਾਂ ਭਾਈ ਸਾਕ ਸਕੀਰੀਆਂ ਪਿੰਡ-ਭਾਈਚਾਰੇ ਦੀ ਸੰਗਤ... ਪਾਠੀ ਸਿੰਘਾਂ ਦੀ ਸੇਵਾ ਪਾਣੀ, ਓਹਨਾਂ ਦੇ ਬਸਤਰ ਵਗੈਰਾ, ਕੀਰਤਨੀਏ ਜੱਥੇ ਦੀ ਸੇਵਾ... ਸਪੀਕਰ-ਮਿਊਜ਼ਕ ਸਿਸਟਮ, ਰਾਤ ਨੂੰ ਰੌਸ਼ਨੀ ਦੇ ਪ੍ਰਬੰਧ ਵਾਸਤੇ ਜਨਰੇਟਰ ਵਗੈਰਾ ਬਥੇਰਾ ਬਹੁਤ ਕੁਛ ਜੁੜ ਜਾਂਦਾ ਹੈ।

"ਫੇਰ ਇਹ ਲੜੀ ਵਾਲੇ ਖੰਡ ਪਾਠ ਨਾਲੋਂ ਤਾਂ ਕਈ ਗੁਣਾ ਵਧ ਜਾਊ। ਸਮਝ ਗਿਆ ਜੀ... ਵੇਖੋ ਜੇ ਘਰਦੇ ਮਨ ਜਾਣ ਤਾਂ!

"ਪਰ ਸਿੰਘਾ... ਇਕ ਗੱਲ ਹੋਰ ਐ... ਜਾਂ ਤਾਂ ਮਾਘ ਦੀ ਦਸਵੀਂ ਤੋਂ ਪਹਿਲਾਂ

ਅਖੰਡ ਪਾਠ ਹੋ ਸਕਦੈ... ਜਾਂ ਫੇਰ ਲੜੀ ਖਤਮ ਹੋਏ ਤੋਂ... ਅੱਜ ਕੱਲ ਪਾਠਾਂ ਦਾ ਸੀਜ਼ਨ ਚੱਲ ਪੈਂਦਾ ਐ... ਪਾਠੀ ਭਾਲਣੇ ਮੁਸ਼ਕਲ ਹੋ ਜਾਂਦੇ ਐ... ਟੱਬਰ ਨਾਲ ਵਿਚਾਰ ਕਰਕੇ ਜਲਦੀ ਦੱਸ ਜਾਵੀਂ... ਗੁਰੂ ਤੇਰਾ ਭਲਾ ਕਰੇ।

"ਲੈ ਭਤੀਜ ਬੜੇ ਮੌਕੇ ਉਤੇ ਆਇਆ ਹੈਂ... ਹੁਣ ਪੁੱਛ ਲੈ ਤੇਰੀ ਚਾਚੀ ਨੂੰ... ਬੀ ਕਿਮੇ ਕਰਨਾ ਹੈ... ਭੱਜੀ ਨਾਂ, ਸਾਡੀ ਏਨੀ ਕੁ ਮੱਦਤ ਤਾਂ ਕਰ ਜਾਹ।

"ਥੋੜੇ ਘਰ ਦੀ ਅੰਦਰਲੀ ਗੱਲ ਐ... ਮੈਂ ਹੁਣ ਕੀ ਸਲਾਹ ਦੇ ਸਕਦਾ ਹਾਂ... ਉਂਅ ਮੈਂ ਤੇਰੇ ਢਿੱਡ ਅੰਦਰਲੀ ਗੱਲ ਸਮਝ ਤਾਂ ਗਿਆ ਪਰ ਹੋਊ ਓਵੇਂ ਜਿਵੇਂ ਸਾਰੇ ਪ੍ਰੀਵਾਰ ਦੀ ਰਜ਼ਾਮੰਦੀ ਹੋਊ। ਮੈਂ ਤਾਂ ਜੇ ਏਥੇ ਪਿੰਡ ਹੋਇਆ, ਤਿੰਨੇ ਦਿਨ ਤੁਹਾਡੇ ਘਰ ਹਾਜ਼ਰ ਜ਼ਰੂਰ ਹੋਇਆ ਕਰੂੰਗਾ।

"ਤੁਸੀਂ ਚਾਚਾ ਭਤੀਜਾ ਦਸ ਮਿੰਟ ਬੈਠ ਕੇ ਗੱਲਾਂ ਬਾਤਾਂ ਕਰੋ... ਸੋਚੋ ਵਿਚਾਰੋ... ਮੈਂ ਹੁਣੇ ਨਸੀਬ ਕੁਰ ਨਾਲ ਸਲਾਹ ਮਸ਼ਵਰਾ ਕਰਕੇ ਆਈ।

ਚਾਚੀ ਦੇ ਜਾਣ ਪਿੱਛੋਂ ਮੈਂ ਤੇ ਚਾਚਾ ਜਿੰਦਰ, ਅਖੰਡ ਪਾਠ ਦੇ ਖਰਚਿਆਂ ਤੋਂ ਲੈ ਕੇ ਸ਼ੋਸ਼ਲ ਮੀਡੀਆ... ਮੁਬਾਈਲ ਫੋਨਾਂ ਦੇ ਗੁਣ ਔਗੁਣ ਵਿਚਾਰਨ ਲਗ ਪਏ।

"ਅੱਗੇ ਕਦੇ ਭਤੀਜ ਜੇ ਕੋਈ ਚਿਠੀ ਖ਼ਤ ਆਉਂਦਾ ਸੀ ਪੜ੍ਹ ਕੇ ਸੋਚ ਵਿਚਾਰ ਕੇ ਜਵਾਬ ਦਿੱਤਾ ਜਾਂਦਾ ਸੀ ਹੁਣ ਤਾਂ ਪਲੋ ਪਲ ਖ਼ਬਰ ਦੁਨੀਆ ਵਿਚ ਫੈਲ ਜਾਂਦੀ ਹੈ ਚੰਗੀ ਹੋਵੇ-ਮਾੜੀ ਹੋਵੇ। ਅੱਗੇ ਮਾੜੀ ਖਬਰ ਨੂੰ ਸਿਆਣੇ ਹੌਲੀ ਹੌਲੀ ਹੌਂਸਲੇ ਨਾਲ ਬੰਨ੍ਹ ਤੋਲ ਕੇ ਨਸ਼ਰ ਕਰਦੇ ਸੀ। ਹੁਣ ਤਾਂ ਵੱਢੇ-ਟੁਕੇ, ਐਕਸੀਡੈਂਟਾਂ 'ਚ ਕੁਚਲੇ-ਵਿਚਾਰੇ ਹਸਪਤਾਲ ਮਗਰੋਂ ਅਪੜਦੇ ਐ ਤਸਵੀਰਾਂ-ਖ਼ਬਰਾਂ ਵੀਡੀਓ ਪਹਿਲਾਂ ਨਸ਼ਰ ਹੋਣ ਲੱਗ ਪੈਂਦੀ ਐ। ਜਦੋਂ ਮੈਂ ਸੱਥ ਵਿਚ ਬੈਠਾ ਕਨੇਡਾ ਵਿਚਲੀਆਂ ਚੰਗੀਆਂ ਚੀਜ਼ਾਂ ਗੱਲਾਂ ਵੇਖਦਾ ਹਾਂ ਜੀਅ ਅਸ਼-ਅਸ਼ ਕਰ ਉਠਦਾ ਹੈ ਤੇ ਜਦੋਂ ਕਦੇ ਕੁੜੀਆਂ-ਮੁੰਡਿਆਂ ਦੇ ਐਬਾਂ ਦੀਆਂ ਨਸ਼ੇ ਨਾਲ ਜਾਂ ਦਿਲ ਦੇ ਦੌਰੇ ਪੈਣ ਨਾਲ ਮੌਤਾਂ ਵਰਗੀਆਂ ਬੁਰੀਆਂ ਖਬਰਾਂ ਵੇਖਦਾ ਹਾਂ, ਸੁਣਦਾ ਹਾਂ ਤਾਂ ਦਿਲ ਨੂੰ ਡੋਬ ਪੈਣ ਲੱਗ ਜਾਂਦੇ ਐ। ਸ਼ੇਰਾ ਕੀ ਕਰੀਏ 'ਸੂਰਜ ਦਾ ਨਿੱਘ ਵੀ ਤੇ ਸੂਰਜ ਦਾ ਸੇਕ ਵੀ ਏਸੇ ਸਰੀਰ ਨੂੰ ਝੱਲਣਾ ਪੈਂਦਾ ਹੈ।' ਤੇਰੀ ਚਾਚੀ ਤਾਂ ਕਮਲ ਮਾਰਦੀ ਐ ਸਿਧੀ ਐ ਵਿਚਾਰੀ ਏਹਨੂੰ ਕੀ ਪਤਾ ਐ ਮੈਨੂੰ ਦਿਨ ਵਿਚ ਸੋਚਾਂ ਦੇ ਕਿੰਨੇ ਮਸਲਿਆਂ ਨਾਲ ਜੂਝਣਾ ਪੈਂਦਾ ਹੈ।

ਮੈਨੂੰ ਉਸ ਕੋਲ ਬੈਠੇ ਨੂੰ ਇੰਜ ਜਾਪਿਆ... ਜਿਵੇਂ ਇਹ ਕੋਈ ਸਿੱਧਾ-ਸਾਦਾ ਜਿੰਦਰ ਬੁੜ੍ਹਾ ਨਹੀਂ... ਇਹ ਤਾਂ ਕੋਈ ਸਾਗਰ ਹੈ ਜਿਹੜਾ ਕਿੰਨਾ ਕੁਝ ਆਪਣੇ ਅੰਦਰ ਸਮੋਈ ਬੈਠਾ ਹੈ।

ਚੁੱਪ ਦੇ ਲੰਮੇ ਵਕਫ਼ੇ ਤੋਂ ਬਾਅਦ ਚਾਚੇ ਨੇ ਗੱਲਾਂ ਦਾ ਰੁਖ ਤੇ ਅਵਾਜ਼ ਨੂੰ ਇਕ ਨਵਾਂ ਰੂਪ ਦੇ ਕੇ ਅੱਖਾਂ 'ਚ ਸਵਾਲੀਆ ਨਿਗ?ਹਾ 'ਚ ਉਤਸੁਕਤਾ ਭਰ ਕੇ ਮੇਰੇ ਵੱਲ ਵੇਖਦੇ ਹੋਏ ਪੁਛਿਆ, "ਭਲਾ ਸੱਚ ਕਾਕਾ, ਓਧਰ ਬਹੁਲਾਂ ਵਾਲੇ ਪਾਸੇ ਥੋੜੇ ਤਿੰਨ ਚਾਰ ਕਿਲੇ ਸੇਮ ਮਾਰੇ ਬੇ-ਅਬਾਦ ਜੇਹੇ ਪਏ ਐ... ਮੈਨੂੰ ਲੱਗਦੈ ਕੋਈ ਹਿੱਸੇ-ਠੇਕੇ 'ਤੇ ਵੀ ਨਹੀਂ



ਵਾਹੁੰਦਾ... ਵੇਚ ਵੱਟ ਲਓ ਰਕਮ ਕਿਤੇ ਹੋਰ ਥਾਂ ਟਿਕਾਣੇ ਲਗਾਓ... ਜਿਥੋਂ ਕਮਾਈ ਹੋਵੇ... ਕਿਉਂ ਕਾਠ ਮਾਰੀ ਐ... ਆਪਣਾ-ਸਾਡਾ ਬੂਟਾ ਕਹਿੰਦਾ ਸੀ ਬਾਈ ਨੂੰ ਪੁੱਛ ਕੇ ਵੇਖ ਲਵੀਂ ਆਪਣੇ 'ਰਾਜ' ਵਾਲੇ ਬਚਦੇ ਵਿੱਘੇ ਵੇਚ ਕੇ ਏਥੇ ਬਾਈ ਕਿਆਂ ਵਾਲੀ ਲੈ ਲਵਾਂਗੇ... ਤਿੰਨ ਨਹਿਰੀ ਜੱਦੀ... ਤਿੰਨ ਚਾਰ ਬਾਈ ਕਿਆਂ ਵਾਲੀ... ਫਰਦ ਸੱਤ ਕਿਲਿਆਂ ਦੀ ਬਣ ਜਾਊ...'ਗਾਂਹ ਨੂੰ ਮੁੰਡਾ ਵਿਆਹਿਆ ਜਾਊ।

"ਕੋਈ ਨ੍ਹੀਂ ਚਾਚਾ... ਸਾਡੀ ਭਰਾਵਾਂ ਦੀ ਸਾਂਝੀ ਐ, ਜੇ ਕੋਈ ਰੈਅ-ਮਰਜ਼ੀ ਬਣਗੀ... ਤੈਨੂੰ ਦੱਸ ਦੇਵਾਂਗੇ।

ਫੇਰ ਚਾਚੀ ਵਿਚਾਰੀ... ਜਿਵੇਂ ਟਰਾਲੀ ਦੇ ਇਕ ਟਾਇਰ ਵਿਚ ਗੈਸਕਟ ਪਾਇਆ ਹੋਵੇ... ਢਿਚਕੂ ਢਿਚਕੂ ਲੰਗੜਾਉਂਦੀ, ਗੋਡੇ ਨੂੰ ਦੋਸ਼ ਦਿੰਦੀ ਸਾਡੇ ਕੋਲ ਆ ਬੈਠੀ।

"ਵੇਖ ਭਾਈ ਮਖਿਆ! ਬੂਟੇ ਦੇ ਬਾਪੂ ਜੀ ਤੇ ਨਾਲੇ ਪੁੱਤ ਤੂੰ... ਅਸੀਂ ਤਾਂ ਨੋਂਹ ਸੱਸ ਨੇ ਪੱਕੀ ਸਲਾਹ ਬਣਾ ਲਈ... ਬੀ ਪਾਠ ਤਾਂ ਘਰੇ ਹੀ ਕਰਾਵਾਂਗੇ।

ਪੋਤਰਾ ਕਰਮਨ ਵੀ ਗੱਭਰੂ ਐ ਸੁਖ ਨਾਲ, ਕੁੜੀਆਂ ਆਪਣੀਆਂ ਕਨੇਡੇ ਪੜ੍ਹਦੀਆਂ... ਇਹ ਕੋਈ ਛੋਟੀ ਗੱਲ ਐ... ਪਾਠ ਕਰਾਵਾਂਗੇ, ਘਰ ਵਿਚ ਰੌਣਕ ਮੇਲਾ ਹੋਊ... ਸਾਕ ਸਬੰਧੀ ਆਉਣਗੇ... ਘਰ ਬਾਰ ਵੇਖਣਗੇ... ਕੁੜੀਆਂ ਮੁੰਡਿਆਂ ਦੀ ਪੁੱਛ ਪੜਤਾਲ ਹੋਊ... ਸੌ ਕੁਛ ਸੋਚਣਾ ਪੈਂਦਾ ਐ... ਫੇਰ ਕਿਤੇ ਜਾ ਕੇ ਧੀਆਂ ਪੁਤ ਸਿਰੇ ਲੱਗਦੇ ਐ। ਤੇ ਬਾਕੀ ਨਾਲੇ ਸੁੱਖ ਲਹਿ ਜਾਊ... ਨਾਲੇ ਦਸਵੰਧ ਨਿਕਲ ਜਾਊ।

ਚਾਚਾ ਆਵਦੀਆਂ ਉਲਝੀਆਂ ਮੁੱਛਾਂ ਵਿਚੋਂ ਦੀ ਹਲਕਾ ਜਿਹਾ ਮੁਸਕਰਾਇਆ... "ਪਤਾ ਨਹੀਂ ਤੇਰੀ ਚਾਚੀ ਕਿਹੜੇ ਦਸਵੰਧ ਦੀ ਗੱਲ ਕਰਦੀ ਐਂ?

"ਲੈ ਵੇਖ! ਹਾਏ ਨ੍ਹੀਂ ਮੈਂ ਮਰਗੀ... ਭਰਨੇ ਐ ਏਹਨੇ ਕਿਤੇ ਦਸਵੰਧਾਂ ਦੇ ਗੱਡੇ... ਆਹੀ ਤਿੰਨ ਭਤੀਜੀਆਂ ਮੇਰੀਆਂ... ਚਾਰ ਭਾਣਜੀਆਂ ਤੇਰੀਆਂ... ਕੁੜੀਆਂ ਕੱਤਰੀਆਂ ਨੂੰ ਚਾਰ-ਚਾਰ ਗਜ਼ ਲੀੜਾ ਕਪੜਾ ਦਿੱਤਾ ਜਾਊ... ਸੰਗਤ ਨੂੰ ਲੰਗਰ ਪ੍ਰਛਾਦਾ ਛਕਾਇਆ ਜਾਊ... ਲਾਗੀ ਵੀ ਤਰਸਦੇ ਰਹਿੰਦੇ ਐ... ਬਈ ਜਜ਼ਮਾਨਾਂ ਦੇ ਘਰੇ ਕੋਈ ਦਿਨ ਦਿਹਾੜਾ ਆਊ... ਓਹਨਾਂ ਦੀ ਬਣਦੀ ਸਰਦੀ ਲਾਗ ਵੀ ਦਿੱਤੀ ਜਾਊ। ਫੇਰ ਵੀ ਲਗਨਾ-ਸ਼ਗਨਾਂ 'ਤੇ ਸਦਣੇ ਪੈਂਦੇ ਐ... ਬਥੇਰੇ ਅਜੇ ਕਾਰਜ ਕਰਨ ਵਾਲੇ ਪਏ ਐ... ਥੋਨੂੰ ਮੈਂ ਦੱਸਾਂ।

ਚਾਚੇ ਨੇ ਥੋਹੜਾ ਜਿਹਾ ਹੱਸ ਕੇ ਸਿਰ ਮਾਰਿਆ...

"ਭੋਲੀਏ ਤੂੰ ਵੀ ਨਾ ਬੱਸ! ...ਚਲ ਕੁੜੀਆਂ ਕੱਤਰੀਆਂ ਦੇ ਪਾਠੀਆਂ ਲਾਗੀਆਂ ਦੇ, ਗੁਰੂ ਮਾਹਰਾਜ ਦੇ ਬਸਤਰ ਰੁਮਾਲੇ ਤਾਂ ਠੀਕ ਐ। ਪਰ ਜਦੋਂ ਪੰਸਾਰੀ ਦੀ ਦੁਕਾਨ ਉਤੇ ਜਾ ਕੇ ਅਖੰਡ ਪਾਠ ਦਾ ਸਮਾਨ ਮੰਗੇਗੀ... ਫੇਰ ਪਤਾ ਲਗੂ... ਦਾਲਾਂ-ਮਸਾਲੇ... ਧੂਫ਼ ਕੁਟਣ ਦੀ ਸਮੱਗਰੀ... ਸੁਕੇ ਮੇਵੇ ਮਿਸ਼ਰੀਆਂ... ਡੂਢ ਹੱਥ ਦੀ ਲਿਸਟ ਵਿਖਾ ਦੇਣਗੇ... ਫੇਰ ਦਸਵੰਧ ਨਿਕਲਦਾ ਐ। ... ਤੇ ਆਹ ਜਿਹੜੀ ਕੁੜੀਆਂ ਦੀ ਫੀਸ... ਕਰਮਨ ਦੀ ਪੜ੍ਹਾਈ ਦਾ ਖਰਚਾ... ਗੁਰੂ ਘਰ... ਮੰਦਰਾਂ ਦੀਆਂ ਵਾਸ਼ ਵਗਾਰਾਂ, ਏਹ

ਕਿਤੇ ਦਸਵੰਧ ਵਿਚ ਨਹੀਂ ਆਉਂਦਾ... ਤੇ ਆਹ ਵੇਖ... ਏਧਰ ਝਾਕ ਘਰੇ ਕੀੜਿਆਂ ਦੇ ਕਿੰਨੇ ਭੌਣ ਐ... ਇਕ ਥਾਂ ਤੋਂ ਬੰਦ ਕਰਦੇ ਹਾਂ ਦੂਜੇ ਥਾਂ 'ਤੇ ਨਿਕਲ ਆਉਂਦਾ... ਬਾਰਾਂ ਮਹੀਨੇ ਤੀਹ ਦਿਨ ਔਹ ਕਣਕ ਵਾਲੇ ਢੋਲਾਂ... ਬੋਰੀਆਂ ਕੋਲੋਂ ਅਨਾਜ ਢੋਈ ਜਾਂਦੇ ਐ... ਦੱਸ ਮੈਨੂੰ ਏਦੂੰ ਵੱਡਾ ਦਸਵੰਧ ਹੋਰ ਕਿਹੜਾ ਹੋਊ।

"ਮੈਂ ਤਾਂ ਔਂਤਰਿਆਂ ਦੇ ਭੌਣਾ ਉਤੇ ਵਸਾਰ ਸਿੱਟ ਸਿੱਟ ਕੇ ਲੂਣਦਾਨੀ ਖਾਲੀ ਕਰ ਦਿੰਦੀ ਹਾਂ... ਮਖਿਆ ਵਿਚਾਰੇ ਰੱਬ ਦੇ ਜੀਅ ਐ... ਜ਼ਹਿਰ ਕਿਉਂ ਛਿੜਕਣਾ ਐ... ਵਸਾਰ ਦੇ ਮੁਸ਼ਕ ਨਾਲ ਅੱਗੇ ਤਾਂ ਹਟ ਜਾਂਦੇ ਸੀ... ਹੁਣ ਭਾਈ ਪਤਾ ਨ੍ਹੀਂ ਤਾਂ ਹਲਦੀ ਵਿਚ ਦਮ ਨਹੀਂ ਰਿਹਾ... ਜਾਂ ਕੀੜੇ ਹੀ ਬੇ-ਸ਼ਰਮ ਹੋ ਗਏ। ...ਦਸ ਡੇਰੇ ਜਾ ਕੇ ਨੂਣ ਤੇ ਬਹੁਕਰ ਵੀ ਚੜ੍ਹਾ ਆਈ... ਸਤਨਾਜਾ ਬਥੇਰਾ ਭੌਣ ਉਤੇ ਸੁਟਿਆ... ਪਰ ਜਾਏ ਵੱਡੀ ਦੇ ਹਟਦੇ ਈ ਨਹੀਂ... ਪਤਾ ਨ੍ਹੀਂ ਕਦੋਂ ਏਹਨਾਂ ਦੀ ਭੁਖ ਨਿਕਲੂ।

"ਬਥੇਰੇ ਹਰਨਾਮ ਕੁਰੇ ਦਸਵੰਧ ਕੱਢੀਦੇ ਐ... ਪਤਾ ਨਹੀਂ ਹੋਰ ਕਿੰਨੇ ਕੁ ਕੱਢਣੇ ਪੈਣਗੇ... ਪਰ ਤੂੰ ਬੂਟੇ ਦੀ ਮਾਂ ਨਿਰਾਸ਼ ਨਾ ਹੋ... ਏਹ ਥੋਡਾ 'ਖੰਡ ਪਾਠ ਵਾਲਾ ਵੀ ਕੱਢ ਦਿੰਦੇ ਹਾਂ। ...ਪਰ ਇਕ ਗੱਲ ਤੈਨੂੰ ਮੇਰੀ ਮੰਨਣੀ ਪਊ... ਬਈ ਪਾਠ ਥੋਨੂੰ ਬੈਠ ਕੇ ਸਾਰਾ ਸੁਨਣਾ ਪਊ... ਮਹੰਤ ਆਖਦੇ ਸੀ... ਬਈ ਗੁਰਬਾਣੀ ਹਿਰਦੇ ਵਿਚ ਵਸਣੀ ਚਾਹੀਦੀ ਹੈ... ਜ਼ਿੰਦਗੀ ਦੇ ਅਮਲ ਵਿਚ ਆਉਣੀ ਚਾਹੀਦੀ ਹੈ... ਫੇਰ ਕਿਤੇ ਬੰਦੇ ਦਾ ਭਲਾ ਹੁੰਦੈ।

"ਸੁਣ ਤੂੰ ਮੇਰੀ ਲਾਣੇਦਾਰਾ... ਆਹ ਜਦੋਂ ਬਿਜਲੀ ਦਾ ਲਾਟੂ ਜਗਦੈ... ਸਾਰੇ ਘਰ, ਵਿਹੜੇ ਵਿਚ ਪ੍ਰਕਾਸ਼-ਚਾਨਣ ਕਰਕੇ ਦਿਨ ਚੜ੍ਹਾ ਦਿੰਦਾ ਐ... ਕਿ 'ਕੱਲੇ ਲਾਟੂ ਵੱਲ ਵੇਖਣ-ਝਾਕਣ ਨਾਲ ਹੀ ਬੰਦੇ ਨੂੰ ਦਿਸਦਾ ਹੈ? ਪਾਠ ਸੁਣਿਓ ਤੁਸੀਂ ਵਿਹਲੜ... ਲਛਮਣ ਸਿੰਹੁ ਮੇਰਾ ਭਰਾ ਤੇ ਤੂੰ ਸਰਦਾਰਾ... ਦੋਹੇਂ ਸਾਲਾ-ਭਣੋਈਆ... ਰਜ਼ਾਈਆਂ ਦੀ ਬੁੱਕਲ ਮਾਰ ਕੇ ਬੈਠੇ ਨਾਲੇ ਧੂਫ਼ ਬੱਤੀ ਕਰੀ ਗਏ ਨਾਲੇ ਪਾਠ ਸੁਣੀ ਗਏ... ਟੈਮ ਸਿਰ ਰੌਲ ਵਾਲੇ ਪਾਠੀ ਨੂੰ ਜਗਾ ਕੇ ਤਿਆਰ ਕਰਤਾ... ਬਸ ਆਹੀ ਤਾਂ ਥੋਡਾ ਕੰਮ ਐ। ...ਕੋਈ ਨ੍ਹੀਂ ਜੇ ਸਾਡਾ ਚੁਲ੍ਹਾ ਚੌਕਾ... ਕੰਮ ਧੰਦਾ ਖਹਿੜਾ ਛਡੂ ਤਾਂ ਅਸੀਂ ਵੀ ਸੁਣਾਂਗੀਆਂ... ਗੁਰੂ ਦੇ ਲੜ ਲਗਾਂਗੀਆਂ। ...ਹੁਣ ਤੂੰ ਜਾ ਕੇ ਮਹੰਤਾਂ ਨਾਲ ਤਾਰੀਕ ਪੱਕੀ ਕਰ ਆ... ਸਾਕ ਸਕੀਰੀਆਂ ਵਿਚ ਫੋਨ ਕਰਨ ਵਾਲੇ ਬਣੀਏ...।

ਹੁਣ ਚਾਚਾ ਖੁੱਲ੍ਹ ਕੇ ਹੱਸਿਆ... "ਵਖਿਆਣ ਕਰਕੇ ਵੇਖ ਅੱਜ ਤਾਂ ਮਸਕੀਨ ਨੂੰ ਮਾਤ ਕਰੀ ਜਾਂਦੀ ਐ... ਵੇਖ ਕਿਵੇਂ ਚਾਅ ਚੜ੍ਹਿ ਆ ਪਿਆ।

ਤੇ ਮੈਨੂੰ ਅੱਜ ਅਹਿਸਾਸ ਹੋਇਆ ਕਿ ਚਾਚੇ ਜਿੰਦਰ ਦੇ ਸਾਰੇ ਵਾਲ ਉਮਰੋਂ ਪਹਿਲਾਂ ਕਿਉਂ ਚਿੱਟੇ ਹੋ ਗਏ।



**ਕਹਾਣੀ**

## ਸੁਰਖਰੂ

**-ਲਖਵਿੰਦਰ ਵਿਰਕ**

ਨਿਮਰਤ ਜਦੋਂ ਸਵੇਰੇ ਡਿਪਾਰਟਮੈਂਟ 'ਚ ਆਈ ਤਾਂ ਦੋਵੇਂ ਸੇਵਾਦਾਰ ਅੰਦਰ ਵੜ ਆਈ ਲਾਲ੍ਹੀ ਨੂੰ ਬਾਹਰ ਕੱਢਣ ਲਈ ਸਾਹੋ ਸਾਹੀ ਹੋਏ ਪਏ ਸਨ।

"ਮੈਡਮ ਜੀ ਵੇਖੋ ਨਾ ਪਤਾ ਨਹੀਂ ਕਿੱਥੋਂ ਆ ਗਈ। ਕਦੋਂ ਦੇ ਲੱਗੇ ਹੋਏ ਆਂ ਕੱਢਣ। ਝੱਲੀ ਹੋ ਗਈ ਏ, ਨਾਲੇ ਸਾਨੂੰ ਹਫਾ ਛੱਡਿਆ ਸੂ।" ਨਿਮਰਤ ਨੂੰ ਵੇਖ ਕੇ ਪ੍ਰੇਮ ਕਹਿਣ ਲੱਗਾ।

ਲਾਲ੍ਹੀ ਰੌਸ ਤੋਂ ਉੱਠਦੀ ਤੇ ਪੱਖੇ ਤੇ ਬਹਿ ਜਾਂਦੀ, ਪੱਖੇ ਤੋਂ ਉੱਠਦੀ ਤੇ ਰੌਸ ਤੇ ਬਹਿ ਜਾਂਦੀ। ਉਹ ਬੜੀ ਘਬਰਾਈ ਹੋਈ ਸੀ।

"ਕੁਝ ਨਾ ਕਰੋ ਪ੍ਰੇਮ ਜੀ ਛੱਡ ਦਿਓ ਇਹਨੂੰ, ਖੁੰਝ ਗਈ ਏ ਵਿਚਾਰੀ। ਥੋੜ੍ਹੀ ਦੇਰ ਬਾਅਦ ਜਦੋਂ ਸ਼ਾਂਤ ਹੋਈ ਆਪੇ ਹੀ ਰਾਹ ਲੱਭ ਜਾਣਾ ਏ"ਨਿਮਰਤ ਨੇ ਉਹਨਾਂ ਨੂੰ ਵਰਜਿਆ।

ਇਹੀ ਤੇ ਸਿਖਾਇਆ ਸੀ ਮਾਂ ਨੇ ਉਸ ਨੂੰ, "ਪੁੱਤ ਰਾਹ ਆਪਣੇ ਆਪ ਹੀ ਲੱਭ ਜਾਂਦੇ ਨੇ ਪਰ ਉਹਦੇ ਲਈ ਦਿਮਾਗ ਦਾ ਸ਼ਾਂਤ ਹੋਣਾ ਬਹੁਤ ਜਰੂਰੀ ਹੈ। ਗਰਮ ਦਿਮਾਗ ਨਾਲ ਕਦੀ ਮਸਲੇ ਹੱਲ ਨਹੀਂ ਹੁੰਦੇ।"

"ਮਾਂ, ਆਹ ! ਨਾ ਹੋ ਕੇ ਵੀ ਮਾਂ ਹਰ ਵੇਲੇ ਨਾਲ ਕਿਵੇਂ ਰਹਿਦੀ ਏ? "ਉਹ ਸੋਚਦੀ ਏ। "ਮਾਂ ਨੂੰ ਕੋਈ ਆਪਣੇ ਵਿਚੋਂ ਮਨਫ਼ੀ ਕਿਵੇਂ ਕਰ ਸਕਦਾ ਏ? ਮਾਂ ਤੇ ਹੱਡੀਂ ਰਚੀ ਏ। ਮਰ ਕੇ ਵੀ ਤੁਹਾਡੇ ਅੰਦਰੋਂ ਕਦੀ ਮਰਦੀ ਨਹੀਂ, ਤੁਹਾਡੇ ਨਾਲ -ਨਾਲ ਤੁਰਦੀ ਰਹਿੰਦੀ ਏ ਤਾਉਮਰ।

"ਤਰੁਣ ਬੇਟਾ, ਨਿਮਰਤ ਨੂੰ ਭੇਜ ਦਿਓ ਜਲਦੀ। ਉਹਦੀ ਮੰਮੀ ਬਹੁਤ ਬੀਮਾਰ ਹੈ। ਆਈ ਸੀ ਯੂ ਵਿੱਚ ਹੈ। ਸ਼ਾਇਦ ਕੁਝ ਦਿਨਾਂ ਦਾ ਹੀ ਸਾਥ ਹੈ। ਮਾਂ ਨੂੰ ਆਖਰੀ ਵਾਰ ਵੇਖ ਲਵੇਗੀ।"ਉਸ ਦਿਨ ਆਏ ਪਾਪਾ ਦੇ ਫੋਨ ਨੇ ਤਰੁਣ ਨੂੰ ਵੀ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।

ਨਿਮਰਤ ਦੀਆਂ ਅੱਖਾਂ 'ਚੋਂ ਨਿਕਲ ਕੇ ਦੋ ਹੰਝੂ ਚੁੱਪ ਚਪੀਤੇ ਸਾਹਮਣੇ ਪਈ ਕਿਤਾਬ ਦੇ ਵਰਕੇ ਨੂੰ ਭਿਉਂ ਦਿੰਦੇ ਹਨ।

ਉਹਨੂੰ ਯਾਦ ਆਉਂਦਾ ਹੈ ਕਿ ਅੱਜ ਐਮ ਏ ਦੀ ਕਲਾਸ ਵਿੱਚ ਉਹਦਾ ਲੈਕਚਰ ਏ।

ਘੜੀ ਵਿੱਚ ਵੇਖਦੀ ਹੈ। ਸਮਾਂ ਪੰਜ ਮਿੰਟ ਉੱਤੇ ਹੋ ਗਿਆ ਸੀ। ਉਸ ਨੂੰ ਧਿਆਨ ਹੀ ਨਹੀਂ ਰਿਹਾ। ਫਟਾਫਟ ਕਿਤਾਬਾਂ ਸਮੇਟ ਕੇ ਬਾਹਰ ਨਿਕਲ ਜਾਂਦੀ ਹੈ।

ਫਸਟ ਸਮੈਸਟਰ ਦਾ ਇਹ ਪਹਿਲਾ ਲੈਕਚਰ ਸੀ ਉਸਦਾ। ਕਲਾਸ ਵਿੱਚ ਪੱਚੀ

-ਤੀਹ ਵਿਦਿਆਰਥੀ ਬੈਠੇ ਸਨ।

ਅੱਜ ਉਸਨੇ 'ਰਿਸ਼ਤਾ ਨਾਤਾ ਪ੍ਰਬੰਧ' ਦਾ ਹੀ ਵਿਸ਼ਾ ਚੁਣਿਆ ਸੀ। ਇਹ ਹਲਕਾ-ਫੁਲਕਾ ਜਿਹਾ ਵਿਸ਼ਾ ਸੀ। ਇਹਦੇ 'ਤੇ ਵਿਚਾਰ ਕਰਦਿਆਂ ਵਿਦਿਆਰਥੀ ਖੁੱਲ੍ਹ ਵੀ ਜਾਂਦੇ ਸੀ ਤੇ ਆਪਸ ਵਿੱਚ ਥੋੜ੍ਹਾ ਬਹੁਤ ਘੁਲ-ਮਿਲ ਵੀ ਜਾਂਦੇ ਸੀ। ਲੈਕਚਰ ਸ਼ੁਰੂ ਹੋਇਆ ਤਾਂ ਸਾਰੇ ਆਪਣੇ ਆਪਣੇ ਅਨੁਭਵ ਦੱਸਣ ਲੱਗੇ। ਨਿਮਰਤ ਬੜੇ ਧਿਆਨ ਨਾਲ ਸੁਣ ਰਹੀ ਸੀ। ਉਸ ਨੂੰ ਵਿਦਿਆਰਥੀਆਂ ਨੂੰ ਗੱਲਬਾਤ ਰਾਹੀਂ ਪੜ੍ਹਾਉਣਾ ਹੀ ਚੰਗਾ ਲੱਗਦਾ ਸੀ।

"ਮੇਰੀ ਤੇ ਬਸ ਇੱਕੋ ਤਮੰਨਾ ਏ ਮੇਰਾ ਸਾਥੀ ਬਹੁਤ ਖ਼ੂਬਸੂਰਤ ਹੋਏ। ਪਿਆਰ ਤੇ ਫਿਰ ਆਪੇ ਹੀ ਹੋ ਜਾਏਗਾ।" ਸ਼ਰਾਰਤੀ ਜਿਹੇ ਮੁੰਡੇ ਨੇ ਹੱਸ ਕੇ ਕਿਹਾ।

"ਖ਼ੂਬਸੂਰਤ ਹੋਣਾ ਕਾਫੀ ਨਹੀਂ ਹੁੰਦਾ। ਕਿਸੇ ਰਿਸ਼ਤੇ ਨੂੰ ਨਿਭਾਉਣ ਲਈ ਸਰੀਰ ਤੋਂ ਜ਼ਿਆਦਾ ਦਿਲ ਦਾ ਖ਼ੂਬਸੂਰਤ ਹੋਣਾ ਜ਼ਰੂਰੀ ਹੈ" ਨਿਮਰਤ ਨੇ ਕਿਹਾ।

"ਮੈਮ ਇਸ਼ਕ ਮੁਹੱਬਤ ਤੇ ਹੁਣ ਗਏ ਜ਼ਮਾਨੇ ਦੀਆਂ ਗੱਲਾਂ ਰਹਿ ਗਈਆਂ।" ਇਕ ਹੋਰ ਨੇ ਕਿਹਾ।

"ਹੁਣ ਤਾਂ ਫਰੈਂਡ ਵਿਦ ਬੈਨੇਫਿਟਸ ਬਣਾਏ ਜਾਂਦੇ ਆ।"ਕਿਸੇ ਨੇ ਕਿਹਾ ਤੇ ਸਭ ਹੱਸਣ ਲੱਗੇ।

ਚਰਚਾ ਗਰਮ ਹੋ ਗਈ ਸੀ। ਸਭ ਆਪਣੇ ਆਪਣੇ ਵਿਚਾਰ ਰੱਖ ਰਹੇ ਸਨ ਤੇ ਆਪਸ ਵਿੱਚ ਹੀ ਘੁਲ ਮਿਲ ਰਹੇ ਸਨ।

ਇਹ ਚਰਚਾ ਨਿਮਰਤ ਨੂੰ ਓਥੇ ਲੈ ਗਈ, ਉਮਰ ਦੇ ਜਿਸ ਪੜਾਅ 'ਤੇ ਅੱਜ ਇਹ ਸਾਰੇ ਖੜੇ ਸਨ।

"ਹਾਏ! ਕਿੰਨੀ ਸੋਹਣੀ ਜੋੜੀ

"ਇੰਝ ਲੱਗਦਾ ਹੈ ਜਿਵੇਂ ਦੋਵੇਂ ਪਰੀਆਂ ਦੇ ਦੇਸ਼ ਚੋਂ ਆਏ ਹੋਣ

"ਜਮਾਂ ਰਾਜ ਕੁਮਾਰ ਲੱਗਦਾ।

ਨਿਮਰਤ ਦੇ ਕੰਨਾਂ ਵਿੱਚ ਅਤੀਤ ਦੀਆਂ ਇਹ ਆਵਾਜ਼ਾਂ ਫਿਰ ਉੱਚੀਆਂ ਹੋਣ ਲੱਗੀਆਂ।

ਉਹ ਦੋਵੇਂ ਇਕ ਡੇਟਿੰਗ ਐਪ 'ਤੇ ਮਿਲੇ ਸਨ। ਉਸ ਦਿਨ ਨਿਮਰਤ ਸਨੌਪਸਿਜ਼ ਸਬਮਿਟ ਕਰਕੇ ਆਈ ਸੀ। ਕਈ ਚਿਰਾਂ ਤੋਂ ਪੜ੍ਹਾਈ ਵਿੱਚ ਖੁੱਭੀ ਹੋਈ ਸੀ ਤੇ ਅੱਜ ਕੁਝ ਵਿਹਲ ਮਿਲਣ ਕਾਰਨ 'ਚਿੱਲ' ਕਰਨ ਦੇ ਮੂਡ ਵਿੱਚ ਸੀ। ਕਈ ਦੋਸਤਾਂ ਨੂੰ ਫੋਨ ਕਰਕੇ ਬਾਹਰ ਜਾਣ ਲਈ ਕਿਹਾ ਪਰ ਸਭ ਰੁੱਝੇ ਸਨ। ਅੰਤ ਉਹ ਸੋਸ਼ਲ ਮੀਡੀਆ 'ਤੇ ਸਕਰੋਲ ਕਰਨ ਲੱਗੀ। ਉਸ ਨੇ ਇੱਕ ਡੇਟਿੰਗ ਐਪ ਦੀ ਮਸ਼ਹੂਰੀ ਵੇਖੀ ਅਤੇ ਐਵੇਂ ਹੀ ਉਸ ਨੂੰ ਡਾਊਨਲੋਡ ਕਰ ਲਿਆ। ਐਵੇਂ ਮਸਤੀ ਦੇ ਮੂਡ ਵਿੱਚ ਹੀ ਉਹ ਹੇਠਾਂ ਉੱਤੇ ਸਕਰੋਲ ਕਰਦੀ ਵੇਖਣ ਲੱਗੀ। ਕੁਝ 10 -12 ਫੋਟੋਆਂ ਵੇਖਣ ਤੋਂ ਬਾਅਦ ਉਹਦੇ ਸਾਹਮਣੇ ਤਰੁਣ ਦੀ ਫੋਟੋ ਆਈ। ਉਹ ਉਸ ਨੂੰ ਵੇਖਦੀ ਹੀ ਰਹਿ ਗਈ ਤੇ ਅੱਗੋਂ ਸਕਰੋਲ ਕਰਨਾ



ਹੀ ਭੁੱਲ ਗਈ। ਤਰੁਣ ਦਿੱਲੀ ਦਾ ਰਹਿਣ ਵਾਲਾ ਸੀ। ਉਂਝ ਤਾਂ ਉਹ ਡੇਟਿੰਗ ਐਪ ਨੇੜੇ- ਤੇੜੇ ਦੇ ਥਾਵਾਂ ਤੇ ਰਹਿਣ ਵਾਲੇ ਲੋਕਾਂ ਨੂੰ ਹੀ ਇੱਕ ਦੂਜੇ ਨਾਲ ਦੋਸਤੀ ਕਰਨ ਲਈ ਵਿਖਾਉਂਦੀ ਸੀ ਪਰ ਤਰੁਣ ਉਸ ਰਾਤ ਸ਼ਿਮਲਾ ਜਾਣ ਲਈ ਚੰਡੀਗੜ੍ਹ ਰੁਕਿਆ ਹੋਇਆ ਸੀ। ਇਸ ਲਈ ਨਿਮਰਤ ਦੇ ਅਕਾਊਂਟ ਵਿੱਚ ਦਿਖ ਰਿਹਾ ਸੀ। ਉਸ ਨੇ ਉਸ ਨੂੰ ਦੋਸਤੀ ਲਈ 'ਰਿਕੁਐਸਟ' ਭੇਜੀ। ਤਰੁਣ ਵੀ ਅੱਗੋਂ ਆਨਲਾਈਨ ਹੀ ਬੈਠਾ ਸੀ। ਉਸ ਨੇ ਨਾਲ ਦੀ ਨਾਲ ਪ੍ਰਵਾਨ ਕਰ ਲਈ। ਉਹਨਾਂ ਦਰਮਿਆਨ 'ਚੈਟਿੰਗ' ਸ਼ੁਰੂ ਹੋ ਗਈ ਤੇ ਅਗਲੇ ਹੀ ਦਿਨ ਮਿਲਣ ਦਾ ਪ੍ਰੋਗਰਾਮ ਵੀ ਬਣ ਗਿਆ। ਹੌਲੀ-ਹੌਲੀ ਮੁਲਾਕਾਤਾਂ ਦਾ ਸਿਲਸਿਲਾ ਵਧਦਾ ਗਿਆ। ਤਰੁਣ ਇੱਕ ਮਲਟੀ ਨੈਸ਼ਨਲ ਕੰਪਨੀ ਵਿੱਚ ਕੰਪਿਊਟਰ ਇੰਜੀਨੀਅਰ ਸੀ। ਉਹ ਹਰ ਸ਼ਨੀਚਰਵਾਰ ਚੰਡੀਗੜ੍ਹ ਪਹੁੰਚ ਜਾਂਦਾ ।

ਨਿਮਰਤ ਕਲਾਸ ਖਤਮ ਕਰਕੇ ਜਲਦੀ ਡਿਪਾਰਟਮੈਂਟ ਵਿੱਚ ਵਾਪਸ ਆਈ। ਆਪਣੀ ਕੁਰਸੀ ਨੂੰ ਪਿੱਛੇ ਕਰਕੇ ਆਰਾਮ ਨਾਲ ਬੈਠ ਗਈ। ਅੱਖਾਂ ਬੰਦ ਕਰਕੇ ਮੈਡੀਟੇਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਧਿਆਨ ਕਿਤੇ ਲੱਗ ਹੀ ਨਹੀਂ ਰਿਹਾ ਸੀ।

"ਤੈਨੂੰ ਆਪ ਦੱਸਣਾ ਚਾਹੀਦਾ ਸੀ, ਸਾਨੂੰ ਬਾਹਰੋਂ ਪਤਾ ਲੱਗਾ ਏ। ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ।"ਨਿਮਰਤ ਇੱਕ ਦਿਨ ਜਦੋਂ ਤਰੁਣ ਨੂੰ ਮਿਲ ਕੇ ਘਰ ਵਾਪਸ ਆਈ, ਮੰਮੀ ਗੁੱਸੇ ਵਿੱਚ ਸਨ।

ਨਿਮਰਤ ਦੇ ਚਾਚੇ ਦੇ ਮੁੰਡੇ ਨੇ ਉਹਨਾਂ ਨੂੰ 'ਅਲਾਂਤੇ' ਵਿੱਚ ਕੌਫੀ ਪੀਂਦਿਆਂ ਵੇਖ ਲਿਆ ਸੀ।

ਨਿਮਰਤ ਨੇ ਅਜੇ ਘਰ ਨਹੀਂ ਦੱਸਿਆ ਸੀ। ਉਹ ਇੱਕ ਸੁਹਣੇ ਮੌਕੇ ਦਾ ਇੰਤਜ਼ਾਰ ਕਰ ਰਹੀ ਸੀ। ਉਸਨੂੰ ਡਰ ਸੀ ਕਿ ਪਾਪਾ ਕਿਤੇ ਨਾਂਹ ਹੀ ਨਾ ਕਰ ਦੇਣ। ਨਾਂਹ ਕਰਨ ਦੇ ਵੀ ਦੋ ਕਾਰਨ ਸਨ। ਇੱਕ ਤਾਂ ਤਰੁਣ ਹਿੰਦੂ ਬਾਣੀਆ ਸੀ ਤੇ ਨਿਮਰਤ ਜੱਟ ਸਿੱਖ। ਅੰਤਰਜਾਤੀ ਵਿਆਹ ਲਈ ਭਾਵੇਂ ਲੋਕ ਹੁਣ ਤਿਆਰ ਹੋ ਰਹੇ ਸਨ ਪਰ ਫਿਰ ਵੀ ਉਹਦੇ ਅੰਦਰ ਡਰ ਸੀ। ਦੂਜਾ ਜਿਹੜਾ ਵੱਡਾ ਡਰ ਸੀ ਉਹ ਇਹ ਸੀ ਕਿ ਤਰੁਣ ਦਾ ਵਿਆਹ ਪਹਿਲਾਂ ਹੋ ਚੁੱਕਿਆ ਸੀ ਭਾਵੇਂ ਕਿ ਉਹਦਾ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਤਲਾਕ ਹੋ ਗਿਆ ਸੀ। ਉਸ ਦੇ ਤਲਾਕ ਹੋਏ ਨੂੰ ਦੋ ਸਾਲ ਹੋ ਚੁੱਕੇ ਸਨ। ਉਹ ਉਮਰ ਵਿੱਚ ਵੀ ਨਿਮਰਤ ਤੋਂ ਪੰਜ ਛੇ ਸਾਲ ਵੱਡਾ ਸੀ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ।

ਨਿਮਰਤ ਨੇ ਤਲਾਕ ਦਾ ਕਾਰਨ ਪੁੱਛਿਆ ਤਾਂ ਉਹਨੇ ਆਪਸੀ ਅਣਬਣ ਦੱਸਿਆ। ਉਹਨੇ ਦੱਸਿਆ ਕਿ ਕੁੜੀ 'ਜੋਇੰਟ ਫੈਮਲੀ' ਵਿੱਚ ਨਹੀਂ ਰਹਿਣਾ ਚਾਹੁੰਦੀ ਸੀ। ਨਿਮਰਤ ਨੇ ਜਿਆਦਾ ਪੁੱਛ-ਗਿੱਛ ਨਹੀਂ ਕੀਤੀ। ਉਸ ਲਈ ਬਸ ਏਨਾ ਹੀ ਕਾਫੀ ਸੀ ਕਿ ਤਰੁਣ ਉਸ ਨੂੰ ਬਹੁਤ ਪਿਆਰ ਕਰਦਾ ਸੀ ਤੇ ਉਹ ਬਚਪਨ ਵਿੱਚ ਪੜ੍ਹੀਆਂ ਕਹਾਣੀਆਂ ਦੇ ਰਾਜਕੁਮਾਰ ਜਿਹਾ ਸੁਹਣਾ ਸੀ। ਨਿਮਰਤ ਨੇ ਤਰੁਣ ਬਾਰੇ ਸਾਰਾ ਸੱਚ ਮੰਮੀ ਨੂੰ ਦੱਸ ਦਿੱਤਾ। ਘਰ ਵਿੱਚ ਤੂਫਾਨ ਆ ਗਿਆ।

ਪਾਪਾ ਕਿਸੇ ਤਰ੍ਹਾਂ ਵੀ ਮੰਨਣ ਲਈ ਤਿਆਰ ਨਹੀਂ ਸਨ।

"ਚਲੋ ਇੰਟਰ ਕਾਸਟ ਤਾਂ ਕੋਈ ਗੱਲ ਨਹੀਂ, ਅੱਜ ਕੱਲ੍ਹ ਕਰਵਾਈ ਫਿਰਦੇ ਨੇ ਲੋਕ ਪਰ ਡਿਵੋਰਸੀ! ਲੋਕਾਂ ਨੂੰ ਕੀ ਕਹਾਂਗੇ? ਮੰਮੀ ਕਲਪ ਰਹੇ ਸਨ।

ਸਭ ਤੋਂ ਪਹਿਲਾਂ ਉਸ ਨੇ ਮੰਮੀ ਨੂੰ ਹੀ ਤਰੁਣ ਨਾਲ ਮਿਲਵਾਇਆ। ਤਰੁਣ ਨੂੰ ਮਿਲ ਕੇ ਮੰਮੀ ਦੀ ਤਸੱਲੀ ਹੋ ਗਈ। ਉਹ ਰਾਜ਼ੀ ਹੋ ਗਏ ਪਰ ਪਾਪਾ ਅਜੇ ਵੀ ਨਹੀਂ ਮੰਨ ਰਹੇ ਸਨ। ਪਾਪਾ ਨੂੰ ਮਨਾਉਂਦਿਆਂ ਬਹੁਤ ਸਮਾਂ ਲੱਗਾ ਸੀ। ਉਹ ਜ਼ਿਦ ਫੜੀ ਬੈਠੇ ਸਨ ਪਰ ਨਿਮਰਤ ਵੀ ਤੇ ਉਹਨਾਂ ਦੀ ਹੀ ਧੀ ਸੀ।

"ਮੈਂ ਨਹੀਂ ਰਹਿ ਸਕਦੀ ਤਰੁਣ ਤੋਂ ਬਿਨ੍ਹਾਂ, ਤੁਸੀਂ ਨਾ ਵਿਆਹ ਕੀਤਾ ਤੇ ਮੈਂ ਆਪੇ ਕਰਾ ਲੈਣਾ। ਫੇਰ ਨਾ ਕਿਹੋ ਦੱਸਿਆ ਨਹੀਂ।" ਗੱਲ ਕਿਸੇ ਪਾਸੇ ਨਾ ਲੱਗਦੀ ਦੇਖ ਕੇ ਨਿਮਰਤ ਨੂੰ ਉਸ ਦਿਨ ਬੜਾ ਗੁੱਸਾ ਚੜਿ ਆ ਸੀ। ਕਈ ਦਿਨਾਂ ਤੋਂ ਪਾਪਾ ਨੇ ਮੂੰਹ ਵੱਟਿਆ ਹੋਇਆ ਸੀ।

"ਉਹ ਠਹਿਰ ਮੋਈਏ, ਤੱਤੀ ਖੀਰ ਨਹੀਂ ਖਾਈਦੀ ਮੇਰਾ ਪੁੱਤ।"ਮਾਂ ਨੇ ਹੱਸ ਕੇ ਜੱਫੀ 'ਚ ਲੈ ਲਿਆ ਸੀ।

"ਸਮਝਾ ਲਓ ਪਾਪਾ ਨੂੰ ਫਿਰ ਨਾ ਕਿਹੋ ਬਸ। ਤੁਹਾਡੇ ਘਰ ਜਨਮ ਲੈ ਲਿਆ ਤੇ ਕਿ ਤੁਸੀਂ ਮੇਰੇ ਮਾਲਕ ਹੀ ਬਣ ਗਏ ਓ। ਮੈਂ ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਦਾ ਫੈਸਲਾ ਵੀ ਨਹੀਂ ਲੈ ਸਕਦੀ।"ਨਿਮਰਤ ਮਾਂ ਨਾਲ ਹਰਖ ਰਹੀ ਸੀ।

"ਥੋੜ੍ਹਾ ਵਕਤ ਤੇ ਦੇ ਪਾਪਾ ਨੂੰ" ਮਾਂ ਨੇ ਸਮਝਾਇਆ ਸੀ।

"ਡਾ ਸਾਹਿਬ ਇਕੱਲੇ ਬੈਠੇ ਕੀ ਸੋਚੀ ਜਾਂਦੇ ਹੋ? ਚਲੋ ਆਓ ਨਿਕਲੋ ਆਪਣੀ ਗੁਫਾ 'ਚੋਂ ਬਾਹਰ, ਚਾਹ ਪੀ ਕੇ ਆਉਂਦੇ ਆਂ।" ਡਾ ਰਵੀਸ਼ ਦੀ ਆਵਾਜ਼ ਨਾਲ ਉਹ ਇੰਝ ਤ੍ਰਭਕੀ ਜਿਵੇਂ ਸਦੀਆਂ ਤੋਂ ਸੁੱਤੀ ਪਈ ਜਾਗੀ ਹੋਵੇ।

ਉਹਨੇ ਹੈਂਡ ਬੈਗ ਚੁੱਕਿਆ ਤੇ ਡਾ ਰਵੀਸ਼ ਦੇ ਨਾਲ ਚਾਹ ਪੀਣ ਚਲੀ ਗਈ। ਡਾ ਨਿਕਿਤਾ ਅਤੇ ਜਯਾ ਸਿੰਗਲਾ ਵੀ ਉਹਨਾਂ ਨੂੰ ਮਿਲ ਗਈਆਂ।

ਕੈਫੇਟੇਰੀਆ ਵਿੱਚ ਕੁਝ ਵਿਦਿਆਰਥੀ ਵੀ ਬੈਠੇ ਸਨ, ਜਿਹਨਾਂ ਦਾ ਖਾਣ-ਪੀਣ ਨਾਲੋਂ ਜਿਆਦਾ ਧਿਆਨ ਰੀਲਾਂ ਬਣਾਉਣ ਵਿੱਚ ਸੀ।

"ਬਸ ਆਹੀ ਕੁਝ ਰਹਿ ਗਿਆ ਹੁਣ ਤਾਂ। ਮੈਨੂੰ ਤਾਂ ਸੋਚ ਸੋਚ ਕੇ ਹੈਰਾਨੀ ਹੁੰਦੀ ਏ ਬਣੂਗਾ ਕੀ ਸਾਡੇ ਦੇਸ਼ ਦਾ? " ਨਿਕਿਤਾ ਵਿਦਿਆਰਥੀਆਂ ਵੱਲ ਵੇਖਦੇ ਹੋਏ ਬੋਲੀ।

"ਸਿੱਖਿਆ ਤਾਂ ਖਤਮ ਹੀ ਹੋ ਗਈ। ਚਿੱਟੇ ਨਾਲੋਂ ਵੀ ਜਿਆਦਾ ਖਤਰਨਾਕ ਜ਼ਹਿਰ ਲੱਗ ਗਿਆ ਇਹਨਾਂ ਨੂੰ। ਹੁਣ ਨਹੀਂ ਬਚਦੇ, ਦਿਮਾਗ ਹੀ ਖੋਖਲੇ ਹੋ ਗਏ।"ਜਯਾ ਨੇ ਵੀ ਆਪਣੀ ਚਿੰਤਾ ਵਿਖਾਈ।

"ਸਿੱਖਿਆ ਚਾਹੀਦੀ ਕਿਹਨੂੰ ਆ, ਸਾਰੀ ਖੇਡ ਤਾਂ ਵੋਟਾਂ ਦੀ ਹੈ। ਪਕੌੜੇ ਤਲਣ ਲਈ ਪੜ੍ਹਾਈ ਦੀ ਲੋੜ ਹੀ ਕੀ ਏ? " ਨਿਮਰਤ ਨੇ ਵੀ ਆਪਣਾ ਵਿਚਾਰ ਰੱਖਿਆ।

"ਕੁਝ ਬਾਰ੍ਹਵੀਂ ਤੋਂ ਬਾਅਦ ਬਾਹਰਲੇ ਦੇਸ਼ਾਂ ਨੂੰ ਜਾਈ ਜਾਂਦੇ ਆ। ਜਿਹੜੇ ਨਹੀਂ ਜਾ ਸਕਦੇ ਉਹ ਰੀਲਾਂ 'ਚ ਉਲਝ ਗਏ"ਨਿਕਿਤਾ ਬੋਲੀ।



"ਤੁਸੀਂ ਕੀ ਭੈਣਾਂ ਦਾ ਪ੍ਰੋਗਰਾਮ ਸ਼ੁਰੂ ਕਰ ਲਿਆ ਯਾਰ। ਆਪਾਂ ਚਾਹ ਪੀਣ ਆਏ ਸੀ। ਨਾਲੇ ਸੱਚ ਬਾਹਰ ਤੋਂ ਯਾਦ ਆਇਆ, ਇੰਟਰਨੈਸ਼ਨਲ ਕਾਨਫਰੰਸ ਆ ਰਹੀ ਏ। ਕਨੇਡਾ ਜਾਣਾ ਕਿਸੇ ਨੇ? " ਡਾ ਰਵੀਸ਼ ਨੇ ਕਿਹਾ।

ਕੈਨੇਡਾ! ਨਿਮਰਤ ਦੇ ਦਿਮਾਗ ਵਿੱਚ ਇਹ ਸ਼ਬਦ ਗੂੰਜਣ ਲੱਗਿਆ।

ਵਿਆਹ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਤਰੁਣ ਦੀ ਕੰਪਨੀ ਨੇ ਉਸ ਨੂੰ ਟਰੇਨਿੰਗ ਲਈ ਕੈਨੇਡਾ ਭੇਜ ਦਿੱਤਾ ਸੀ ਤੇ ਨਿਮਰਤ ਵੀ ਸਭ ਕੁਝ ਛੱਡ ਛੁਡਾ ਕੇ ਉਸ ਦੇ ਨਾਲ ਹੀ ਚਲੀ ਗਈ ਸੀ।

"ਤੂੰ ਆਪਣੀ ਪੀ ਐਚ ਡੀ ਤਾਂ ਕੰਪਲੀਟ ਕਰ ਲੈ।"ਉਹਦੀ ਸਹੇਲੀ ਨੇ ਜਦ ਕਿਹਾ ਤਾਂ ਉਹਦਾ ਜਵਾਬ ਸੀ "ਯਾਰ ਵੇਖੀ ਜਾਊਗੀ । ਮੈਥੋਂ ਨਹੀਂ ਤਰੁਣ ਤੋਂ ਵੱਖ ਰਿਹਾ ਜਾਣਾ। ਕਰ ਲੂੰਗੀ ਕੰਪਲੀਟ ਆਪੇ।

"ਇਹ ਉਹੀ ਨਿਮਰਤ ਏ ਕਰੀਅਰ ਓਰੀਐਂਟਿਡ, ਸੈਲਫ ਡਿਪੈਂਡੈਂਟ, ਕਿੱਥੇ ਗਈਆਂ ਤੇਰੀਆਂ ਗੱਲਾਂ?

ਨਿਮਰਤ ਨੇ ਅੱਗੋਂ ਬਸ ਹੱਸ ਛੱਡਿਆ ਸੀ।

ਕਨੇਡਾ ਉਹਨਾਂ ਨੇ ਇੱਕ ਕੋਂਡੋ ਕਿਰਾਏ ਤੇ ਲਿਆ ਜਿਸ ਵਿੱਚ ਇੱਕ ਕਮਰਾ, ਹਾਲ ਤੇ ਕਿਚਨ ਸੀ। ਨਿਮਰਤ ਸਾਰਾ ਦਿਨ ਬੈਠੀ ਇਸ ਘਰ ਦੀਆਂ ਦੀਵਾਰਾਂ ਨੂੰ ਘੂਰਦੀ ਰਹਿੰਦੀ। ਨਿਮਰਤ ਨੂੰ ਲੱਗਦਾ ਜਿਵੇਂ ਉਸ ਨੂੰ ਕਿਸੇ ਨੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਹੋਵੇ। ਇੱਕ ਦਿਨ ਜਦ ਤਰੁਣ ਘਰ ਨਹੀਂ ਸੀ ਉਹ ਬੇਸਮੈਂਟ ਵਿੱਚ ਬਣੇ ਸਾਂਝੇ ਵਾਸ਼ਰ ਵਿੱਚ ਲਾਂਡਰੀ ਕਰਨ ਚਲੀ ਗਈ। ਜਦੋਂ ਵਾਪਸ ਆਈ ਤਾਂ ਘਰ ਦਾ ਦਰਵਾਜ਼ਾ ਬੰਦ ਹੋ ਚੁੱਕਿਆ ਸੀ ਉਸ ਕੋਲ ਘਰ ਦੀ ਚਾਬੀ ਵੀ ਨਹੀਂ ਸੀ। ਉਸਨੇ ਤਰੁਣ ਨੂੰ ਫੋਨ ਕੀਤਾ ਪਰ ਤਰੁਣ ਕਿਸੇ ਮੀਟਿੰਗ ਵਿੱਚ ਹੋਣ ਕਾਰਨ ਉਸ ਦਾ ਫੋਨ ਨਹੀਂ ਚੁੱਕ ਸਕਿਆ। ਉਸ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਕੀ ਕਰੇ। ਉਸ ਨੂੰ ਕੋਈ ਮਦਦ ਲਈ ਵੀ ਨਜ਼ਰ ਨਹੀਂ ਆ ਰਿਹਾ ਸੀ। ਸਭ ਲੋਕ ਕੰਮਾਂ 'ਤੇ ਗਏ ਹੋਏ ਸਨ। ਉਹ ਹਾਰ ਕੇ ਘਰ ਦੇ ਬਾਹਰ ਦਰਵਾਜ਼ੇ ਦੇ ਅੱਗੇ ਢੋਅ ਲਾ ਕੇ ਬੈਠ ਗਈ।

ਮੀਟਿੰਗ ਖਤਮ ਹੋਣ ਤੋਂ ਬਾਅਦ ਦੋ ਤਿੰਨ ਘੰਟੇ ਹੋਰ ਗੁਜ਼ਰ ਗਏ ਜਦੋਂ ਤਰੁਣ ਨੂੰ ਯਾਦ ਆਇਆ ਤੇ ਉਹਨੇ ਨਿਮਰਤ ਨੂੰ ਫੋਨ ਕੀਤਾ। ਪਹਿਲਾਂ ਤਾਂ ਸਾਰੀ ਗੱਲ ਸੁਣ ਕੇ ਤਰੁਣ ਨੇ ਉਸ ਨੂੰ ਬਹੁਤ ਝਿੜਕਿਆ।

"ਮੂਰਖ ਏਂ ਤੂੰ? ਕਰਨ ਕੀ ਗਈ ਸੀ ਬਾਹਰ? ਵੇਟ ਨਹੀਂ ਕਰ ਸਕਦੀ ਸੀ ਮੇਰੀ? ਇੰਡੀਆ ਨਹੀਂ ਬੈਠੀ ਤੂੰ।

ਨਿਮਰਤ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਉਹਨੇ ਸੋਚਿਆ ਸੀ ਕਿ ਸਾਰੀ ਗੱਲ ਸੁਣ ਕੇ ਤਰੁਣ ਘਰ ਭੱਜਿਆ ਆਏਗਾ ਤੇ ਉਹਨੂੰ ਘੁੱਟ ਕੇ ਗਲ ਨਾਲ ਲਾ ਲਵੇਗਾ। ਉਹਨੂੰ ਉਸ ਤੋਂ ਏਨੀ ਸਖਤੀ ਦੀ ਆਸ ਨਹੀਂ ਸੀ।

ਅਖੀਰ ਉਹ ਉੱਠੀ ਤੇ ਅੱਥਰੂ ਪੂੰਝ ਕੇ ਤਰੁਣ ਦੇ ਦੱਸੇ ਬਿਲਡਿੰਗ ਵਿੱਚ ਹੀ ਬਣੇ

ਸਕਿਉਰਟੀ ਰੂਮ ਵਿੱਚ ਮਦਦ ਲਈ ਗਈ। ਤਿੰਨ ਚਾਰ ਘੰਟੇ ਬਾਹਰ ਰਹਿ ਕੇ ਉਹਨੂੰ ਪਤਾ ਚੱਲਿਆ ਕਿ ਘਰ ਕੀ ਹੁੰਦਾ ਏ।

ਉਸ ਤੋਂ ਬਾਅਦ ਤਰੁਣ ਨੇ ਉਸਨੂੰ ਸਖਤ ਹਦਾਇਤ ਦਿੱਤੀ ਸੀ ਕਿ ਘਰ ਤੋਂ ਬਾਹਰ ਨਹੀਂ ਜਾਣਾ। ਉਸ ਨੇ ਹੁਣ ਰਸੋਈ ਵਿੱਚ ਵੀ ਕੈਮਰਾ ਲਵਾ ਦਿੱਤਾ।

"ਖਤਮ ਹੋ ਗਈ ਚਾਹ ਮੈਡਮ, ਚਲੋ ਚੱਲੀਏ। ਕੀ ਖਾਲੀ ਕੱਪ ਨੂੰ ਹੀ ਮੂੰਹ ਮਾਰੀ ਜਾਂਦੇ ਹੋ? "ਨਿਕਿਤਾ ਦੀ ਆਵਾਜ਼ ਨੇ ਉਹਨੂੰ ਅਤੀਤ ਦੇ ਡੂੰਘੇ ਖੂਹ ਵਿੱਚੋਂ ਕਿਤੋਂ ਬਾਹਰ ਖਿੱਚ ਲਿਆਂਦਾ। ਉਹ ਇਕਦਮ ਜਿਵੇਂ ਨੀਂਦ 'ਚੋਂ ਜਾਗੀ।

"ਲੈ, ਮੈਂ ਤੇ ਭੁੱਲ ਹੀ ਗਈ ਸੀ। ਅੱਜ ਸੋਮਵਾਰ ਏ। ਸੈਕਿੰਡ ਈਅਰ 'ਚ ਕਲਾਸ ਏ ਮੇਰੀ। ਚਲੋ ਬਾਇ, ਥੈਂਕਸ ਫਾਰ ਦ ਟੀ"

ਉਹਦੀ ਕਲਾਸ ਦਾ ਵਕਤ ਹੋਣ ਵਾਲਾ ਸੀ। ਉਹ ਕਾਹਲ਼ੀ ਨਾਲ ਉੱਠੀ ਤੇ ਉਹਨਾਂ ਨੂੰ ਓਥੇ ਹੀ ਬੈਠਿਆਂ ਛੱਡ ਡਿਪਾਰਟਮੈਂਟ ਵੱਲ ਤੁਰ ਪਈ।

"ਮੈਮ ਅੱਜ ਨਾਦੀਆ ਦਾ ਜਨਮਦਿਨ ਹੈ ਅਸੀਂ ਤਾਂ ਕੈਫੇਟੇਰੀਆ ਵੱਲ ਹੀ ਜਾ ਰਹੇ ਸੀ, ਪਲੀਜ਼ ਕਲਾਸ ਨਾ ਲਵੋ ਅੱਜ"ਅੱਗੋਂ ਤੁਰੀ ਆਉਂਦੀ ਵਿਦਿਆਰਥੀਆਂ ਦੀ ਟੋਲੀ ਨੇ ਉਸ ਨੂੰ ਕਿਹਾ।

"ਜਨਮਦਿਨ ਮੁਬਾਰਕ ਨਾਦੀਆ, ਜਾਓ ਕੋਈ ਗੱਲ ਨਹੀਂ, ਕਰੋ ਪਾਰਟੀ।"ਨਿਮਰਤ ਨੇ ਕਿਹਾ ਤੇ ਆਪਣੇ ਕੈਬਿਨ ਵੱਲ ਨੂੰ ਤੁਰ ਪਈ।

ਉਹ ਆਪਣੀ ਕੁਰਸੀ 'ਤੇ ਆ ਬੈਠੀ ਤੇ ਸਾਹਮਣੇ ਪਿਆ ਪੀ ਸੀ ਆਨ ਕੀਤਾ। ਉਸਨੇ ਮੇਲ ਖੋਲ੍ਹੀ ਤਾਂ ਲੰਡਨ ਦੀ ਉਸ ਯੂਨੀਵਰਸਿਟੀ ਤੋਂ ਮੇਲ ਆਈ ਹੋਈ ਸੀ ਜਿੱਥੇ ਉਹਨੇ ਐਸੋਸੀਏਟ ਪ੍ਰੋਫੈਸਰ ਦੀ ਜੌਬ ਲਈ ਅਪਲਾਈ ਕੀਤਾ ਸੀ। ਆਨਲਾਈਨ ਇੰਟਰਵਿਊ ਤੋਂ ਬਾਅਦ ਉਧਰੋਂ ਹਾਂ ਹੋ ਚੁੱਕੀ ਸੀ। ਉਹਦੀ ਕਨਸੈਂਟ ਲਈ ਹੁਣ ਇਹ ਦੂਜੀ ਮੇਲ ਆ ਚੁੱਕੀ ਸੀ। ਇਸ ਤੋਂ ਬਾਅਦ ਹੀ ਅਗਲੀ ਕਾਰਵਾਈ ਹੋਣੀ ਸੀ।

ਮੇਲ ਉਥੇ ਹੀ ਛੱਡ ਉਸਨੇ ਫੇਸਬੁਕ ਖੋਲ੍ਹ ਲਈ। ਤਰੁਣ ਦਾ ਅਕਾਊਂਟ ਖੋਲ੍ਹ ਕੇ ਵੇਖਣ ਲੱਗੀ। ਉਹ ਯੂਰਪ ਵਿੱਚ ਘੁੰਮਣ ਗਿਆ ਹੋਇਆ ਸੀ। ਉਹਨੇ ਆਪਣੇ ਦੋਸਤਾਂ ਦੇ ਨਾਲ ਕਈ ਫੋਟੋਆਂ ਫੇਸਬੁਕ 'ਤੇ ਪਾਈਆਂ ਸੀ। ਉਹ ਬੜਾ ਖੁਸ਼ ਨਜ਼ਰ ਆ ਰਿਹਾ ਸੀ।

***

ਵਿਆਹ ਤੋਂ ਬਾਅਦ ਨਿਮਰਤ ਨੇ ਉਸ ਦਿਨ ਪਹਿਲੀ ਵਾਰੀ ਤਰੁਣ ਨੂੰ ਏਨਾ ਉਤਸ਼ਾਹਿਤ ਵੇਖਿਆ ਸੀ, ਨਹੀਂ ਤੇ ਉਹ ਗੁੰਮ ਸੁੰਮ ਜਿਹਾ ਹੀ ਰਹਿੰਦਾ ਸੀ। ਉਸ ਨੇ ਨਿਮਰਤ ਤੋਂ ਵੀ ਇੱਕ ਦੂਰੀ ਬਣਾ ਲਈ ਸੀ। ਜਦ ਵੀ ਨਿਮਰਤ ਉਸ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੀ, ਉਹ ਕੋਈ ਬਹਾਨਾ ਬਣਾ ਕੇ ਟਾਲ ਦਿੰਦਾ। ਉਸ ਨੂੰ ਲੱਗਿਆ ਸ਼ਾਇਦ ਉਹ ਨਵੀਂ ਪਈ ਜ਼ਿੰਮੇਵਾਰੀ ਦਾ ਬੋਝ ਮਹਿਸੂਸ ਕਰ ਰਿਹਾ ਸੀ ਪਰ ਕੈਨੇਡਾ ਜਾ ਕੇ ਇਹ ਦੂਰੀ ਹੋਰ ਵੀ ਵਧ ਗਈ ਸੀ। ਉਹ ਘਰ ਵੀ ਲੇਟ ਆਉਂਦਾ। ਪੁੱਛਣ ਤੇ ਕੁਝ ਦੱਸਦਾ



ਨਾ ਸਗੋਂ ਅਗੋਂ ਖਿਝ ਕੇ ਪੈਂਦਾ। ਉਹਨਾਂ ਦੋਹਾਂ ਦੇ ਦਰਮਿਆਨ ਇੱਕ ਅਣਦਿਸਦੀ ਦੀਵਾਰ ਖੜੀ ਹੋ ਗਈ ਸੀ। ਨਿਮਰਤ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਇਹ ਉਹੀ ਵਿਆਹ ਸੀ ਜੋ ਉਸਨੇ ਮਾਪਿਆਂ ਨਾਲ ਲੜ ਘੁਲ ਕੇ ਜ਼ਬਰਦਸਤੀ ਕਰਵਾਇਆ ਸੀ। ਆਖਰ ਗਲਤੀ ਕਿੱਥੇ ਹੋਈ ਹੈ? ਤਰੁਣ ਏਨਾਂ ਬਦਲ ਕਿਵੇਂ ਗਿਆ ਏ? ਉਹਨੇ ਕਈ ਵਾਰ ਗੱਲ ਕਰਨੀ ਚਾਹੀ ਕਿ ਪ੍ਰੋਬਲਮ ਤਾਂ ਦੱਸੇ ਤਾਂ ਕਿ ਹੱਲ ਲੱਭਿਆ ਜਾ ਸਕੇ ਪਰ ਹਰ ਵਾਰੀ ਉਹ ਅੱਗੋਂ ਖਿਝ ਕੇ ਪੈਂਦਾ ਤੇ ਨਿਮਰਤ ਚੁੱਪ ਹੋ ਜਾਂਦੀ।

ਉਸ ਦਿਨ ਸ਼ੁਕਰਵਾਰ ਦੀ ਸ਼ਾਮ ਸੀ। ਤਰੁਣ ਸਾਮੀ ਛੇ ਵਜੇ ਘਰ ਆਇਆ। ਬਹੁਤ ਕਾਹਲ਼ ਵਿੱਚ ਸੀ।

"ਨਿਮਰਤ, ਆਪਾਂ ਇੱਕ ਪਾਰਟੀ ਵਿੱਚ ਜਾਣਾ"ਉਹਨੇ ਨਿਮਰਤ ਨੂੰ ਕਿਹਾ।

"ਕਿਹੜੀ ਪਾਰਟੀ? "ਨਿਮਰਤ ਨੇ ਪੁੱਛਿਆ। ਉਹਨੂੰ ਹੈਰਾਨੀ ਹੋ ਰਹੀ ਸੀ ਕਿ ਇੰਨੇ ਮਹੀਨਿਆਂ ਵਿੱਚ ਕਦੀ ਵੀ ਉਸਨੇ ਕਿਸੇ ਫਰੈਂਡ ਦਾ ਜ਼ਿਕਰ ਤਕ ਨਹੀਂ ਸੀ ਸੁਣਿਆ। ਫਿਰ ਹੁਣ ਪਾਰਟੀ?

"ਤੈਨੂੰ ਚੰਗੀ ਥਾਂ 'ਤੇ ਹੀ ਲੈ ਕੇ ਜਾਵਾਂਗਾ ਤਿਆਰ ਤਾਂ ਹੋ"ਉਹਨੇ ਸਖਤੀ ਨਾਲ ਕਿਹਾ।

ਨਿਮਰਤ ਜਿਆਦਾ ਸਵਾਲ ਜਵਾਬ ਕੀਤੇ ਬਿਨਾਂ ਤਿਆਰ ਹੋਣ ਲੱਗੀ ।

"ਸੂਟ ਕਾਹਦੇ ਲਈ ਪਾਉਣ ਲੱਗ ਗਈ ਕਿਤੇ ਲੇਡੀ ਸੰਗੀਤ ਤੇ ਨਹੀਂ ਜਾਣਾ।"ਨਿਮਰਤ ਨੂੰ ਸੂਟ ਪ੍ਰੈਸ ਕਰਦੇ ਹੋਏ ਵੇਖ ਕੇ ਉਸਨੇ ਕਿਹਾ। "ਕਲੱਬ ਜਾ ਰਹੇ ਹਾਂ ਕੋਈ ਡਰੈੱਸ ਪਾ ਲੈ।"ਹਰ ਰੋਜ਼ ਤੋਂ ਉਲਟ ਅੱਜ ਉਸ ਦਾ ਵਿਹਾਰ ਕੁਝ ਨਰਮ ਸੀ।

ਨਿਮਰਤ ਨੇ ਸੂਟ ਅਲਮਾਰੀ ਵਿੱਚ ਰੱਖਿਆ ਤੇ ਬਲੈਕ ਡਰੈਸ ਕੱਢ ਕੇ ਤਿਆਰ ਹੋਣ ਲੱਗੀ।

ਇਹ ਕੋਈ ਨਾਈਟ ਕਲੱਬ ਸੀ ਜਿਸ ਵਿੱਚ ਕਪਲ ਪਾਰਟੀ ਚੱਲ ਰਹੀ ਸੀ। ਹਾਲ ਵਿੱਚ ਨਿੰਮ੍ਹਾ ਜਿਹਾ ਹਨੇਰਾ ਸੀ। ਇੱਕ ਕੋਨੇ ਵਿੱਚ ਬੈਠਾ ਕੋਈ ਇੰਡੋ ਵੈਸਟਰਨ ਗੀਤ ਜਿਹਾ ਕੁਝ ਗਾ ਰਿਹਾ ਸੀ। ਸਭ ਲੋਕ ਮਸਤੀ ਵਿੱਚ ਝੂਮ ਰਹੇ ਸਨ। ਹਵਾ ਵਿੱਚ ਇੱਕ ਅਜੀਬ ਜਿਹੀ ਗੰਧ ਸੀ। ਸਾਰੀ ਪਾਰਟੀ 'ਤੇ ਹੀ ਇੱਕ ਨਸ਼ਾ ਜਿਹਾ ਹਾਵੀ ਸੀ। ਕੁਝ ਪਤਾ ਨਹੀਂ ਸੀ ਕੌਣ ਕਿਸ ਦਾ ਪਾਰਟਨਰ ਸੀ, ਸਭ ਇੱਕ ਦੂਜੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਕੇ ਨੱਚ ਰਹੇ ਸਨ।

ਨਿਮਰਤ ਨੂੰ ਬੜਾ ਅਜੀਬ ਮਾਹੌਲ ਲੱਗ ਰਿਹਾ ਸੀ। ਤਰੁਣ ਉਸ ਨੂੰ ਬਾਹੋਂ ਪਕੜ ਕੇ ਲਗਭਗ ਘਸੀਟਦਾ ਹੋਇਆ ਨੱਚਣ ਲੱਗਿਆ। ਉਹ ਵੀ ਸੰਗੀਤ ਦੀਆਂ ਧੁਨਾਂ 'ਤੇ ਥਿਰਕਣ ਲੱਗੀ। ਉਸਨੂੰ ਪਤਾ ਵੀ ਨਾ ਚੱਲਿਆ ਕਦੋਂ ਤਰੁਣ ਦੀ ਥਾਂ ਤੇ ਕੋਈ ਗੋਰਾ ਆ ਗਿਆ ਤੇ ਉਸ ਨਾਲ ਨੱਚਣ ਲੱਗਾ। ਉਹ ਇਧਰ ਉਧਰ ਤਰੁਣ ਨੂੰ ਵੇਖਣ ਲੱਗੀ ਪਰ ਤਰੁਣ ਕਿਤੇ ਵੀ ਨਜ਼ਰ ਨਹੀਂ ਆ ਰਿਹਾ ਸੀ। ਉਹਨੇ ਪਿੱਛੇ ਹਟਣ ਦੀ ਕੋਸ਼ਿਸ਼ ਕੀਤੀ ਪਰ ਉਸ ਮੁੰਡੇ ਨੇ ਉਹਨੂੰ ਜਬਰਦਸਤੀ ਫੜ ਲਿਆ ਤੇ ਡਾਂਸ ਕਰਨ ਲੱਗਾ।

ਅਖੀਰ ਉਹਨੇ ਉਸ ਨੂੰ ਧੱਕਾ ਮਾਰ ਕੇ ਪਿੱਛੇ ਕੀਤਾ ਤੇ ਆਪਣੇ ਆਪ ਨੂੰ ਛੁਡਾ ਲਿਆ। ਉਹ ਬਹੁਤ ਡਰ ਗਈ ਸੀ। ਉਹ ਪਿੱਛੇ ਹਨੇਰੇ 'ਚ ਪਈਆਂ ਕੁਰਸੀਆਂ ਵੱਲ ਚਲੀ ਗਈ। ਤਰੁਣ ਉਸਨੂੰ ਕਿਤੇ ਵੀ ਨਜ਼ਰ ਨਹੀਂ ਆ ਰਿਹਾ ਸੀ। ਕੁਝ ਦੇਰ ਬਾਅਦ ਤਰੁਣ ਉਹਦੇ ਨਾਲ ਵਾਲੀ ਕੁਰਸੀ ਤੇ ਆ ਕੇ ਬਹਿ ਗਿਆ।

"ਕੀ ਹੋਇਆ ਤੈਨੂੰ? ਬੈਠ ਕਿਉਂ ਗਈ?

"ਇਹ ਕਿੱਥੇ ਲੈ ਆਇਆ ਤਰੁਣ ਮੈਨੂੰ ਤੂੰ? ਬਹੁਤ ਅਜੀਬ ਲੱਗ ਰਿਹਾ ਏ।? ਕਿਹੜਾ ਫਰੈਂਡ ਏ ਤੇਰਾ ਇਥੇ? ਨਿਮਰਤ ਤਰੁਣ ਨੂੰ ਵੇਖਦਿਆਂ ਹੀ ਬਾਂਹ ਫੜ ਕੇ ਝੰਜੋੜਨ ਲੱਗੀ।

"ਅਜੀਬ ਕੀ ਏ? ਹਰ ਦੇਸ਼ ਦਾ ਆਪਣਾ ਕਲਚਰ ਹੁੰਦਾ ਏ। ਇੱਥੇ ਐਵੇਂ ਦੀਆਂ ਪਾਰਟੀਆਂ ਹੁੰਦੀਆਂ ਰਹਿੰਦੀਆਂ ਨੇ ਤੁਸੀਂ ਆਪਣਾ ਪੇਅ ਕਰੋ ਤੇ ਪਾਰਟੀ ਜੋਇਨ ਕਰੋ। ਤੂੰ ਤਾਂ ਚੰਡੀਗੜ੍ਹ ਤੋਂ ਏਂ। ਓਥੇ ਕਿਹੜਾ ਕੁਝ ਨਹੀਂ ਹੁੰਦਾ। ਇਥੋਂ ਨਾਲੋਂ ਜਿਆਦਾ ਨਾਈਟ ਕਲੱਬ ਤਾਂ ਚੰਡੀਗੜ੍ਹ ਵਿੱਚ ਨੇ।" ਤਰੁਣ ਦੀ ਆਵਾਜ਼ ਨਿਮਰਤ ਨੂੰ ਬਾਹਰ ਪਈ ਬਰਫ ਤੋਂ ਵੀ ਜਿਆਦਾ ਸਰਦ ਲੱਗੀ।

"ਮੈਨੂੰ ਅੱਛਾ ਨਹੀਂ ਲੱਗ ਰਿਹਾ। ਪਲੀਜ਼ ਚਲੋ ਘਰ ਚਲੀਏ।"ਉਹਨੇ ਆਖ਼ਰੀ ਤਰਲਾ ਕੀਤਾ।

"ਹੱਦ ਹੋ ਗਈ, ਪੂਰਾ ਟਾਈਮ ਬੋਲਦੀ ਰਹਿੰਦੀ ਸੀ ਬਾਹਰ ਨਹੀਂ ਲੈ ਕੇ ਜਾਂਦਾ। ਅੱਜ ਲੈ ਕੇ ਆਇਆ ਹਾਂ ਤੇ ਸ਼ਿਕਾਇਤਾਂ ਕਰ ਰਹੀ ਏਂ।"ਉਹਨੇ ਬੜੀ ਰੁੱਖੀ ਆਵਾਜ਼ 'ਚ ਕਿਹਾ।

ਨਿਮਰਤ ਨੇ ਫਿਰ ਕੋਈ ਸ਼ਿਕਾਇਤ ਨਹੀਂ ਕੀਤੀ। ਚੁੱਪ ਚਾਪ ਉਸੇ ਹਨੇਰੀ ਨੁੱਕਰੇ ਬੈਠੀ ਰਹੀ। ਤਰੁਣ ਨੇ ਇੱਕ ਅੱਧਾ ਸ਼ੌਟ ਲਿਆ। ਵਿੱਚੋਂ ਥੋੜ੍ਹਾ ਡਾਂਸ ਵੀ ਕਰਕੇ ਆਉਂਦਾ ਰਿਹਾ ਤੇ ਫਿਰ ਨਿਮਰਤ ਦੇ ਨਾਲ ਵਾਲੀ ਕੁਰਸੀ ਤੇ ਬੈਠ ਗਿਆ। ਰਾਤ ਦਾ ਇਕ ਵੱਜ ਚੁੱਕਿਆ ਸੀ ਪਰ ਲੋਕ ਅਜੇ ਵੀ ਮਸਤੀ ਦੇ ਮੂਡ ਵਿੱਚ ਹੀ ਸਨ। ਇੱਕ ਬੰਦਾ ਇਕ ਟਰੇਅ ਵਿਚ ਉਥੇ ਮੌਜੂਦ ਲੋਕਾਂ ਦੀਆਂ ਕਾਰਾਂ ਦੀਆਂ ਚਾਬੀਆਂ ਰੱਖ ਕੇ ਲੈ ਆਇਆ ਤੇ ਸਾਰੀਆਂ ਔਰਤਾਂ ਸਾਹਵੇਂ ਵਾਰੀ ਵਾਰੀ ਲਿਜਾਣ ਲੱਗਾ। ਹਰੇਕ ਔਰਤ ਇੱਕ ਚਾਬੀ ਚੁੱਕ ਰਹੀ ਸੀ।

ਇਹ ਟਰੇਅ ਨਿਮਰਤ ਦੇ ਅੱਗੇ ਵੀ ਆਇਆ।

"ਇਸ ਵਿੱਚ ਆਪਣੀ ਕਾਰ ਦੀ ਚਾਬੀ ਨਹੀਂ।"ਉਸਨੇ ਤਰੁਣ ਵੱਲ ਵੇਖਿਆ।

"ਇਹ ਇੱਕ ਗੇਮ ਏ, ਕੋਈ ਵੀ ਚਾਬੀ ਚੁੱਕ ਲੈ।"ਤਰੁਣ ਨੇ ਕਿਹਾ।

ਉਸ ਨੇ ਇਕ ਚਾਬੀ ਚੁੱਕ ਲਈ। ਉਹ ਤਰੁਣ ਨੂੰ ਦੁਬਾਰਾ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ। ਹੁਣ ਇਸ ਚਾਬੀ ਦੇ ਮਾਲਕਾਂ ਨੂੰ ਲੱਭਿਆ ਗਿਆ ਅਤੇ ਚਾਬੀ ਫੜਨ ਵਾਲੀਆਂ ਔਰਤਾਂ ਨੂੰ ਇੱਕ ਕਤਾਰ ਵਿੱਚ ਖੜ੍ਹਾ ਕੀਤਾ ਗਿਆ। ਮਰਦ ਆਪਣੀ ਆਪਣੀ ਚਾਬੀ ਵਾਲੀ ਔਰਤ ਕੋਲ ਆ ਗਏ। ਉਹ ਸਭ ਇੱਕ ਦੂਜੇ ਨੂੰ ਖੁਸ਼ ਹੋ ਕੇ



ਮਿਲਣ ਲੱਗੇ। ਨਿਮਰਤ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਕੀ ਹੋ ਰਿਹਾ ਏ। ਉਸ ਕੋਲ ਵੀ ਇੱਕ ਗੋਰਾ ਮੁੰਡਾ ਆਇਆ ਤੇ ਉਹਦੇ ਗਲ ਨੂੰ ਚੰਬੜਨ ਲੱਗਿਆ। ਉਸਨੂੰ ਉਹਦੇ ਕੋਲੋਂ ਸ਼ਰਾਬ ਦੀ ਤੇਜ ਹੁਮਕ ਚੜ੍ਹੀ। ਉਹ ਪਿੱਛੇ ਹਟਣ ਲੱਗੀ। ਉਹਦੀਆਂ ਅੱਖਾਂ ਇਧਰ ਉਧਰ ਤਰੁਣ ਨੂੰ ਲੱਭਣ ਲੱਗੀਆਂ। ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਉਸ ਨੇ ਤਰੁਣ ਨੂੰ ਇੱਕ ਗੋਰੇ ਮੁੰਡੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਕੇ ਇੱਕ ਪਾਸੇ ਜਾਂਦੇ ਹੋਏ ਵੇਖਿਆ। ਉਹਨੇ ਤਰੁਣ ਨੂੰ ਆਵਾਜ਼ਾਂ ਮਾਰੀਆਂ ਪਰ ਤਰੁਣ ਨੇ ਪਲਟ ਕੇ ਵੇਖਿਆ ਵੀ ਨਹੀਂ ਸ਼ਾਇਦ ਉਸ ਨੂੰ ਸੁਣ ਹੀ ਨਹੀਂ ਰਿਹਾ ਸੀ। ਨਿਮਰਤ ਦਾ ਸਾਥੀ ਗੋਰਾ ਵੀ ਉਸ ਨੂੰ ਇੱਕ ਪਾਸੇ ਨੂੰ ਖਿੱਚਣ ਲੱਗਾ। ਉਹ ਬੇਸੁਧ ਜਿਹੀ ਉਸ ਨਾਲ ਤੁਰਨ ਲੱਗੀ। ਉਹ ਪਹਿਲਾਂ ਬੁੱਕ ਕੀਤੇ ਕਮਰੇ ਵਿੱਚ ਪਹੁੰਚ ਗਏ।

ਏਨੀ ਦੇਰ ਤੱਕ ਨਿਮਰਤ ਸਾਰੀ ਖੇਡ ਸਮਝ ਚੁੱਕੀ ਸੀ। 'ਵਾਈਫ ਸਵੈਪਿੰਗ' ਦੋਸਤਾਂ ਨਾਲ ਗੌਸਿਪ ਕਰਦਿਆਂ ਸੁਣਿਆ ਇਹ ਸ਼ਬਦ ਉਸਦੀ ਜਿੰਦਗੀ 'ਚ ਅੱਜ ਸੱਚ ਬਣ ਕੇ ਵਾਪਰਨ ਜਾ ਰਿਹਾ ਸੀ।

ਨਿਮਰਤ ਬਹੁਤ ਘਬਰਾ ਗਈ ਉਸ ਨੂੰ ਠੰਢੀਆਂ ਤਰੇਲੀਆਂ ਆਉਣ ਲੱਗੀਆਂ। ਉਸਨੇ ਬਹਾਨੇ ਨਾਲ  ਆਪਣੇ ਆਪ ਨੂੰ ਵਾਸ਼ਰੂਮ ਵਿੱਚ ਬੰਦ ਕਰ ਲਿਆ। ਉਹ ਬੜੀ ਦੇਰ ਆਵਾਜ਼ਾਂ ਮਾਰਦਾ ਰਿਹਾ ਤੇ ਦਰਵਾਜ਼ਾ ਖੜਕਾਉਂਦਾ ਰਿਹਾ।

"ਯੂ ਬਲਡੀ ਬਿੱਚ .. ਕਮ ਆਊਟ।" ਉਹ ਬੜੀ ਦੇਰ ਚੀਕਾਂ ਮਾਰਦਾ ਰਿਹਾ।

ਫਿਰ ਸ਼ਾਇਦ ਜ਼ਿਆਦਾ ਸ਼ਰਾਬੀ ਹੋਣ ਕਾਰਨ ਥੱਕ ਹਾਰ ਕੇ ਸੌਂ ਗਿਆ ਸੀ। ਨਿਮਰਤ ਚੁੱਪਚਾਪ ਬਾਹਰ ਨਿਕਲੀ, ਬਾਹਰ ਘੁੱਪ ਹਨੇਰਾ ਸੀ। ਉਹਨੂੰ ਕੁਛ ਵੀ ਸਮਝ ਨਹੀਂ ਆ ਰਿਹਾ ਸੀ, ਕਿੱਧਰ ਜਾਣਾ ਤੇ ਕੀ ਕਰਨਾ ਏ ਪਰ ਉਹ ਕਿਸੇ ਤਰਾਂ ਹੋਟਲ ਦੀ ਲੌਬੀ ਤੱਕ ਪਹੁੰਚ ਗਈ। ਉਥੇ ਉਸ ਸਮੇਂ ਕੋਈ ਨਹੀਂ ਸੀ। ਰਿਸੈਪਸ਼ਨਿਸਟ ਸਾਹਮਣੀ ਮੇਜ 'ਤੇ ਸਿਰ ਸੁੱਟ ਕੇ ਸੁੱਤੀ ਹੋਈ ਸੀ। ਨਿਮਰਤ ਲੌਬੀ ਦੀ ਇਕ ਹਨੇਰੀ ਨੁੱਕਰ ਵਿੱਚ ਚੁਪਚਾਪ ਬੈਠ ਗਈ ਤੇ ਦਿਨ ਚੜ੍ਹਨ ਦਾ ਇੰਤਜ਼ਾਰ ਕਰਨ ਲੱਗੀ। ਉਹਨੂੰ ਯਾਦ ਆਇਆ ਕਿ ਉਸ ਦਾ ਫੋਨ ਉਹਦੇ ਗਲੇ 'ਚ ਪਏ ਪਰਸ ਵਿੱਚ ਹੀ ਹੈ।

ਉਹਨੇ ਇੰਡੀਆ ਮੰਮੀ ਨੂੰ ਵਿਡੀਓ ਕਾਲ ਮਿਲਾਇਆ। ਕਿੰਨੀ ਦੇਰ ਉਹਦੇ ਮੂੰਹੋਂ ਗੱਲ ਹੀ ਨਹੀਂ ਨਿਕਲ ਰਹੀ ਸੀ। ਮੰਮੀ ਵੀ ਘਬਰਾ ਗਏ।

"ਨਿਮਰਤ ਕਿੱਥੇ ਏਂ ਤੂੰ? ਤਰੁਣ ਕਿੱਥੇ ਆ? "

ਮੰਮੀ ਦੀ ਆਵਾਜ਼ ਸੁਣ ਕੇ ਪਾਪਾ ਵੀ ਆ ਗਏ ਸਨ। ਅਖੀਰ ਮਸਾਂ ਉਹਨੇ ਸਾਰੀ ਗੱਲ ਦੱਸੀ।

"ਤੂੰ ਨਿਮਰਤ ਬਿਲਕੁਲ ਡਰ ਨਾ, ਤੇਰਾ ਪਿਓ ਅਜੇ ਮਰਿਆ ਨਹੀਂ, ਵੇਖ ਲੈਨਾ ਮੈ ਇਹਨੂੰ ਵੱਡੇ ਸਾਨ੍ਹ ਨੂੰ।"ਪਾਪਾ ਬਹੁਤ ਗੁੱਸੇ ਵਿੱਚ ਸਨ।

"ਨਹੀਂ ਅਸੀਂ ਐਵੇਂ ਦਾ ਕੁਝ ਨਹੀਂ ਕਰਨਾ। ਉਹਨੂੰ ਜ਼ਰਾ ਵੀ ਸ਼ੱਕ ਹੋ ਗਿਆ, ਕੁੜੀ ਨੂੰ ਵਾਪਸ ਨਹੀਂ ਆਉਂਣ ਦੇਵੇਗਾ। ਪਹਿਲਾਂ ਕੁੜੀ ਨੂੰ ਕੱਢਣਾ ਏ ਉਹਦੇ ਚੁੰਗਲ

'ਚੋਂ"ਮੰਮੀ ਨੇ ਪਾਪਾ ਨੂੰ ਸ਼ਾਂਤ ਕੀਤਾ।

ਉਦੋਂ ਸਵੇਰ ਦੇ ਛੇ ਵੱਜ ਗਏ ਸਨ ਜਦੋਂ ਉਹਨੇ ਤਰੁਣ ਨੂੰ ਫੋਨ ਕੀਤਾ ਤੇ ਘਰ ਚੱਲਣ ਲਈ ਕਿਹਾ। ਹੁਣ ਤੱਕ ਉਹ ਕਾਫੀ ਸੰਭਲ ਚੁੱਕੀ ਸੀ। ਤਰੁਣ ਜਲਦੀ ਹੀ ਆ ਗਿਆ, ਉਹ ਨਿਮਰਤ ਨਾਲ ਅੱਖ ਨਹੀਂ ਮਿਲਾ ਰਿਹਾ ਸੀ। ਨਿਮਰਤ ਨੇ ਵੀ ਕੋਈ ਬਹੁਤੀ ਗੱਲ ਨਾ ਕੀਤੀ।

ਅਗਲੇ ਦਿਨ ਐਤਵਾਰ ਦੀ ਸਵੇਰ ਨੂੰ ਨਿਮਰਤ ਦੇ ਪਾਪਾ ਦੀ ਤਰੁਣ ਦੇ ਮੋਬਾਈਲ 'ਤੇ ਕਾਲ ਆਈ। ਉਹਨਾਂ ਨੇ ਉਸ ਨੂੰ ਨਿਮਰਤ ਦੀ ਮੰਮੀ ਦੀ ਬਿਮਾਰੀ ਬਾਰੇ ਖਬਰ ਦਿੱਤੀ। ਤਰੁਣ ਨੇ ਉਸੇ ਵਕਤ ਏਜੰਟ ਨੂੰ ਕਾਲ ਕੀਤੀ ਤੇ ਤਤਕਾਲ ਵਿੱਚ ਨਿਮਰਤ ਲਈ ਭਾਰਤ ਦੀ ਟਿਕਟ ਕਰਵਾ ਦਿੱਤੀ।

"ਮੈਮ ਜੀ ਨਿਕਲ ਗਈ ਸੀ ਜੀ ਲਾਲ੍ਹੀ ਬਾਹਰ" ਪ੍ਰੇਮ ਨੇ ਅੰਦਰ ਆਉਂਦੇ ਹੋਏ ਕਿਹਾ।

"ਹਾਂ, ਬਸ ਪੰਦਰਾਂ-ਵੀਹ ਮਿੰਟ ਸ਼ਾਂਤ ਬੈਠੀ ਰਹੀ ਫਿਰ ਆਪਣੇ ਆਪ ਹੀ ਬਾਹਰ ਨਿਕਲ ਗਈ।"ਨਿਮਰਤ ਨੇ ਉਸ ਨੂੰ ਦੱਸਿਆ।

ਨਿਮਰਤ ਦੇ ਸਾਹਮਣੇ ਪੀ ਸੀ ਤੇ ਤਰੁਣ ਦੀ ਫੋਟੋ ਸੀ।

ਪਿਛਲੇ 10 ਸਾਲਾਂ ਵਿੱਚ ਬਹੁਤ ਕੁਝ ਵਾਪਰ ਗਿਆ ਸੀ। ਉਹਦਾ ਤਰੁਣ ਨਾਲ ਤਲਾਕ ਹੋ ਚੁੱਕਿਆ ਸੀ। ਮੰਮਾ ਪਾਪਾ ਇਸ ਦੁਨੀਆਂ ਤੋਂ ਚਲੇ ਗਏ ਸਨ। ਉਹ ਪੰਜਾਬ ਯੂਨੀਵਰਸਿਟੀ ਵਿੱਚ ਆਪਣੇ ਡਿਪਾਰਟਮੈਂਟ ਦੀ ਹੈਡ ਸੀ ਪਰ ਉਹਦੇ ਦਿਲ ਦੀ ਘੁੰਡੀ ਉਥੇ ਹੀ ਕਿਤੇ ਅੜੀ ਰਹਿ ਗਈ ਸੀ।

"ਮੈਂ ਕਦੋਂ ਨਿਕਲਾਂਗੀ ਇਥੋਂ ਬਾਹਰ"ਉਹਨੇ ਤਰੁਣ ਦੀ ਫੋਟੋ ਵੱਲ ਵੇਖਦੇ ਹੋਏ ਸੋਚਿਆ।

ਉਹਨੇ ਮੇਲ ਖੋਲ੍ਹੀ ਤੇ ਲੰਡਨ ਦੀ ਯੂਨੀਵਰਸਿਟੀ ਨੂੰ 'ਕਨਸੈਂਟ' ਭੇਜ ਦਿੱਤੀ। ਫਿਰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਤਰੁਣ ਨੂੰ ਬਲੌਕ ਕੀਤਾ ਤੇ ਉਸਦਾ ਨੰਬਰ ਆਪਣੀ ਕਾਂਟੈਕਟ ਲਿਸਟ ਵਿੱਚੋਂ ਹਮੇਸ਼ਾ ਲਈ ਡਿਲੀਟ ਕਰ ਦਿੱਤਾ। ਉਹ ਆਪਣੀ ਕੁਰਸੀ ਦੀ ਬੈਕ ਨੂੰ ਪਿੱਛੇ ਕਰਕੇ ਆਰਾਮ ਨਾਲ ਬੈਠੀ ਤੇ ਲੰਮਾ ਸਾਹ ਲਿਆ ਜਿਵੇਂ ਸਦੀਆਂ ਤੋਂ ਚੁੱਕੇ ਭਾਰ ਤੋਂ ਅੱਜ ਮੁਕਤ ਹੋ ਗਈ ਹੋਵੇ। ਉਹਦੇ ਹੋਂਠਾਂ 'ਤੇ ਮੁਸਕਰਾਹਟ ਫੈਲੀ ਹੋਈ ਸੀ।

"ਲਓ ਮੰਮਾ, ਅੱਜ ਹੋ ਗਈ ਮੈਂ ਸੁਰਖਰੂ"ਉਸਨੇ ਸਾਹਮਣੇ ਮੇਜ਼ ਤੇ ਪਈ ਮਾਂ ਦੀ ਫੋਟੋ ਵੱਲ ਵੇਖ ਕੇ ਕਿਹਾ।



# ਪ੍ਰੇਮ ਪ੍ਰਕਾਸ਼, ਕਾਮ ਅਤੇ ਪ੍ਰੇਮ ਸੰਬੰਧਾਂ ਬਾਰੇ ਲਿਖੀ ਕਹਾਣੀ ਤੇ 'ਡੈੱਡ ਲਾਈਨ' ਦੀ ਚੀਰ -ਫਾੜ

**-ਵਰਿਆਮ ਸਿੰਘ ਸੰਧੂ**

*(ਜਦੋਂ ਪ੍ਰੇਮ ਪ੍ਰਕਾਸ਼ ਨੇ ਆਪਣੇ ਪਰਚੇ 'ਲਕੀਰ' ਵਿਚ ਕੁਝ 'ਖਾਸ ਕਿਸਮ' ਦੀਆਂ ਕਹਾਣੀਆਂ 'ਮੀਲ-ਪੱਥਰ' ਆਖ ਕੇ ਵਡਿਆਉਣ ਦਾ ਸਿਲਸਿਲਾ ਚਾਲੂ ਕੀਤਾ ਤਾਂ ਨਕਲਚੀ ਕਥਾਕਾਰਾਂ ਦੀ ਵੱਡੀ ਗਿਣਤੀ ਅਜਿਹੀਆਂ 'ਮੀਲ-ਪੱਥਰ' ਕਹਾਣੀਆਂ ਲਿਖਣ ਲੱਗੀ। ਇਹਨਾਂ ਕਹਾਣੀਆਂ ਦੇ ਮੂਲ-ਤੱਤ ਦੀ ਗੱਲ ਮੈਂ ਹਥਲੇ ਲੇਖ ਵਿਚ ਕੀਤੀ ਹੈ। ਇਸ ਰੁਝਾਨ ਦੀ ਸ਼ੁਰੂਆਤ ਪ੍ਰੇਮ ਪ੍ਰਕਾਸ਼ ਨੇ 'ਡੈੱਡ ਲਾਈਨ' ਕਹਾਣੀ ਲਿਖ ਕੇ ਬੜੇ ਸੂਖ਼ਮ ਤਰੀਕੇ ਨਾਲ ਕਰ ਦਿੱਤੀ ਸੀ। ਜਿਸ ਦੀ ਮੂਲ ਸੁਰ ਪਾਠਕ-ਆਲੋਚਕ ਨਾ ਸਮਝ ਸਕੇ ਤੇ ਉਹਨਾਂ ਨੇ 'ਡੈੱਡ ਲਾਈਨ' ਕਹਾਣੀ ਦੀ ਪ੍ਰਸ਼ੰਸਾ ਵਿੱਚ ਲਿਖ-ਲਿਖ ਕੇ ਢੇਰ ਲਾ ਦਿੱਤੇ। ਮੈਂ ਉਦੋਂ ਹੀ ਇਸ ਕਹਾਣੀ ਦੀ ਮੂਲ ਸੁਰ ਨੂੰ ਸਮਝ ਕੇ ਹਥਲਾ ਆਰਟੀਕਲ ਲਿਖ ਲਿਆ ਪਰ ਇਹਨੂੰ ਕਿਤੇ ਛਪਵਾਇਆ ਨਾ, ਕਿ ਲੋਕ ਇਹ ਨਾ ਸਮਝਣ ਕਿ ਕਿਸੇ ਅੰਦਰਲੀ ਕੌੜ ਕਰ ਕੇ ਪ੍ਰੇਮ ਪ੍ਰਕਾਸ਼ ਦੀ ਪ੍ਰਸਿੱਧੀ ਤੋਂ ਦੁਖੀ ਹਾਂ। ਉਂਜ ਮੈਂ ਉਸ ਵੱਲੋਂ ਪੈਦਾ ਕੀਤੇ .ਗਲਤ ਰੁਝਾਨ ਬਾਰੇ ਉਹਦੇ ਮੂੰਹ ਉੱਤੇ ਠੋਕ ਵਜਾ ਕੇ ਗੱਲ ਕਰਦਾ ਰਿਹਾ। ਇਹ ਗੱਲਾਂ ਮੈਂ ਮੁਕਤਸਰ ਵਿਚ ਹੋਏ ਕਹਾਣੀ-ਸੈਮੀਨਾਰ ਵਿਚ ਅਤੇ ਉਸਤੋਂ ਬਾਅਦ ਅੰਬਰਸਰ ਵਿਚ ਹੋਏ ਕਹਾਣੀ ਸੈਮੀਨਾਰ ਵਿਚ ਪ੍ਰੇਮ ਪ੍ਰਕਾਸ਼ ਦੀ ਹਾਜ਼ਰੀ ਵਿਚ ਉਹਦੇ ਮੂੰਹ 'ਤੇ ਆਖੀਆਂ ਤੇ ਸਾਹਮਣੇ ਬੈਠੇ ਇਹੋ ਜਿਹੀਆਂ ਕਹਾਣੀਆਂ ਲਿਖਣ ਵਾਲੇ ਕਹਾਣੀਕਾਰਾਂ ਦੀਆਂ 'ਅਜਿਹੀਆਂ ਕਹਾਣੀਆਂ' ਦਾ ਪੋਲ ਖੋਲ੍ਹਦਾ ਵਿਸ਼ਲੇਸ਼ਣ ਵੀ ਪੇਸ਼ ਕੀਤਾ। ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਪੰਜਾਬੀ ਯੂਨੀਵਰਸਿਟੀ ਨੇ ਮੈਨੂੰ ਮਹੀਨੇ ਵਾਸਤੇ ਬੁਲਾਇਆ ਤਾਂ ਓਥੇ ਵੀ ਮੈਂ ਇਹਨਾਂ ਕਹਾਣੀਆਂ ਅਤੇ ਪ੍ਰੇਮ ਪ੍ਰਕਾਸ਼ ਦੇ ਰੋਲ ਬਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਅੱਗੇ ਖੁੱਲ੍ਹੀ ਚਰਚਾ ਕੀਤੀ, ਪਰ 'ਡੈੱਡ ਲਾਈਨ' ਬਾਰੇ ਆਪਣੀ ਲਿਖਤ ਕਿਤੇ ਛਪਵਾਈ ਨਾ। ਹੁਣ ਕੁਝ ਹੋਰ ਦੋਸਤਾਂ ਤੇ 'ਪ੍ਰਵਚਨ' ਦੇ ਸੰਪਾਦਕ ਦਾ ਕਿਹਾ ਮੰਨ ਕੇ ਇਹ ਲਿਖਤ ਹਾਜ਼ਰ ਹੈ।)*

'ਡੈੱਡ ਲਾਈਨ' ਦੀ ਚੀਰ ਫਾੜ ਕਰਨ ਤੋਂ ਪਹਿਲਾਂ ਕਾਮ ਅਤੇ ਪ੍ਰੇਮ ਸੰਬੰਧਾਂ ਬਾਰੇ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਗੱਲ ਕਰਨੀ ਚਾਹਵਾਂਗਾ, ਜਿਸ ਨੂੰ ਹੁਲਾਰਨ ਤੇ ਪ੍ਰਚਾਰਨ ਵਿਚ ਪ੍ਰੇਮ ਪ੍ਰਕਾਸ਼ ਨੇ ਮੁਢਲਾ ਰੋਲ ਅਦਾ ਕੀਤਾ।

ਕਾਮ ਜ਼ਿੰਦਗੀ ਦੀ ਬਹੁਤ ਮਹੱਤਵਪੂਰਨ ਤੇ ਬੁਨਿਆਦੀ ਪ੍ਰਵਿਰਤੀਆਂ ਵਿਚੋਂ ਇਕ ਹੈ ਅਤੇ ਸਾਡੇ ਜੀਵਨ ਅਤੇ ਵਿਹਾਰ ਨੂੰ ਪ੍ਰਭਾਵਤ ਅਤੇ ਪ੍ਰੇਰਤ ਕਰਨ ਵਿਚ ਇਸਦਾ ਬੜਾ ਹੀ ਵੱਡਾ ਰੋਲ ਹੈ। ਬੰਦੇ ਨੂੰ ਸਮਝਣ ਅਤੇ ਸਿਰਜਣ ਵਿਚ ਇਸਦੇ ਮਹੱਤਵ ਤੋਂ ਇਨਕਾਰੀ ਤਾਂ ਕੋਈ ਅਗਿਆਨੀ ਜਾਂ ਸਨਕੀ ਬੰਦਾ ਹੀ ਹੋਵੇਗਾ। ਇਸਦਾ

ਸਹੀ ਨਿਕਾਸ ਜ਼ਿੰਦਗੀ ਵਿਚ ਖੇੜਾ ਅਤੇ ਅਛੂਹ ਬੁਲੰਦੀਆਂ ਸਰ ਕਰ ਸਕਣ ਦਾ ਚਾਅ ਪੈਦਾ ਕਰ ਸਕਦਾ ਹੈ। ਮਨੁੱਖ ਦੀਆਂ ਅਨੇਕਾਂ ਅਣਪਛਾਤੀਆਂ ਮਰਜ਼ਾਂ, ਬੀਮਾਰੀਆਂ ਅਤੇ ਅਸੰਤੁਲਤ ਵਿਹਾਰ ਪਿੱਛੇ ਉਸਦੀ ਕਾਮ ਪ੍ਰਵਿਰਤੀ ਨਾਲ ਸੰਬੰਧਤ ਤੋਟਾਂ ਅਤੇ ਅਤ੍ਰਿਪਤੀਆਂ ਕਾਰਜਸ਼ੀਲ ਹੁੰਦੀਆਂ ਹਨ। ਬੰਦੇ ਨੂੰ ਮੁਕੰਮਲ ਤੌਰ ’ਤੇ ਜਾਨਣ-ਸਮਝਣ ਲਈ ਉਸਦੇ ਕਾਮੁਕ ਵਿਹਾਰ ਨੂੰ ਸਮਝਣਾ ਬਹੁਤ ਹੀ ਲਾਜ਼ਮੀ ਹੈ। ਉਸ ਸਭ ਕੁਝ ਨੂੰ ਜਾਣੇ-ਸਮਝੇ ਬਿਨਾ ਬੰਦੇ ਨੂੰ ਸਮਝਿਆ ਈ ਨਹੀਂ ਜਾ ਸਕਦਾ। ਇਸ ਲਈ ਮੇਰੇ ਵੱਲੋਂ‘ਸਮਰੱਥ ਸਮਕਾਲੀ ਕਹਾਣੀਕਾਰਾਂ’ ਜਾਂ ਪੂਰਵਲੇ ਕਹਾਣੀਕਾਰਾਂ ਵੱਲੋਂ ਲਿਖੀਆਂ ਕਾਮ ਨਾਲ ਸੰਬੰਧਤ ਕਹਾਣੀਆਂ ਨੂੰ ਰੱਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੈਂ ਤਾਂ ਪਿਛਲੇ ਸਾਲਾਂ ਵਿਚ ਪੈਦਾ ਹੋ ਗਏ ਜਾਂ ਪੈਦਾ ਕਰ ਦਿੱਤੇ ਉਸ ਰੁਝਾਨ ਦੀ ਮੁਖ਼ਾਲਫ਼ਤ ਕਰਦਾ ਹਾਂ ਜਿਸ ਅਨੁਸਾਰ ਲਿੰਗ-ਸੰਬੰਧਾਂ ਬਾਰੇ ਅਜਿਹੀਆਂ ਕਹਾਣੀਆਂ ਲਿਖਣ ਦਾ ਫ਼ੈਸ਼ਨ ਜ਼ੋਰ ਫੜ੍ਹ ਗਿਆ ਜਿਨ੍ਹਾਂ ਵਿਚ ਮਨੁੱਖੀ ਸੁਭਾ ਦੀ ਕੋਈ ਲੁਕਵੀਂ ਪਰਤ ਵਿਖਾਉਣ ਦੀ ਥਾਂ ਕੇਵਲ ਕਾਮ-ਕ੍ਰਿਆਵਾਂ ਦੇ ਪ੍ਰਕ੍ਰਿਤਕ ਕਿਸਮ ਦੇ ਦ੍ਰਿਸ਼ਾਂ, ਸਨਸਨੀ ਪੈਦਾ ਕਰਨ ਲਈ ਕਾਮ-ਲਿੱਬੜੇ ਵਾਕਾਂ, ਵਾਕ-ਅੰਸ਼ਾਂ, ਅਵੈਧ ਲਿੰਗ-ਸੰਬੰਧਾਂ ਤੇ ਲਿੰਗ-ਅੰਗਾਂ ਦੇ ਖੁੱਲ੍ਹੇ ਜ਼ਿਕਰ-ਜ਼ਕਾਰ ਦੇ ਹਵਾਲੇ ਏਨੀ ਵੱਡੀ ਮਾਤਰਾ ਵਿਚ ਅਗਰਭੂਮੀ ਵਿਚ ਆਉਣ ਲੱਗੇ ਹਨ ਕਿ ਉਹਨਾਂ ਵਿਚੋਂ ਨਾ ਤਾਂ ਸਾਹਿਤਕ ਸੁਹਜ ਦਿਖਾਈ ਦਿੰਦਾ ਹੈ ਤੇ ਨਾ ਹੀ ਇਹ ਲਿਖਤਾਂ ਮਨੁੱਖ ਨੂੰ ਬਿਹਤਰ ਮਨੁੱਖ ਬਨਾਉਣ ਵਿਚ ਆਪਣਾ ਕੋਈ ਯੋਗਦਾਨ ਪਾਉਂਦੀਆਂ ਹਨ। ਸਾਹਿਤ ਅਤੇ ਕਲਾ ਦਾ ਮਕਸਦ ਮੇਰੇ ਨਜ਼ਦੀਕ ਬੰਦੇ ਅੰਦਰ ਸੁਹਜ ਤੇ ਸੰਵੇਦਨਾ ਦਾ ਸੰਚਾਰ ਕਰਨਾ ਹੈ ਅਤੇ ਉਸ ਅੰਦਰਲੀ ਪਸ਼ੂਤਾ ਨੂੰ ਤੋੜ-ਖੋਰ ਕੇ ਉਸ ਵਿਚ ਸ਼ੁਭ ਮਾਨਵੀ ਗੁਣਾ-ਲੱਛਣਾ ਨੂੰ ਸੰਚਰਿਤ ਕਰਨਾ ਵੀ ਹੈ। ਕਿਸੇ ਵੀ ਮਸਲੇ ’ਤੇ ਕੋਈ ਰਚਨਾ ਪੜ੍ਹ ਕੇ ਜੇ ਕਿਸੇ ਬੰਦੇ ਅੰਦਰੋਂ ਕੁਝ ਮਾੜਾ ਝੜਦਾ ਨਹੀਂ ਤੇ ਕੁਝ ਨਵਾਂ ਜੁੜਦਾ ਨਹੀਂ ਜਾਂ ਉਹ ਰਚਨਾ ਉਸ ਬੰਦੇ ਨੂੰ ਪਹਿਲਾਂ ਨਾਲੋਂ ਬਿਹਤਰ ਇਨਸਾਨ ਬਨਾਉਣ ਵਿਚ ਕੋਈ ਮਦਦ ਨਹੀਂ ਕਰਦੀ ਸਗੋਂ ਪਹਿਲਾਂ ਪ੍ਰਾਪਤ ਕੀਤੇ ਇਨਸਾਨੀ ਪੱਧਰ ਤੋਂ ਹੇਠਾਂ ਡੇਗ ਕੇ ਉਸਨੂੰ ਪਸ਼ੂਪੁਣੇ ਵੱਲ ਧਕੇਲਦੀ ਹੈ ਤਾਂ ਮੇਰਾ ਅਜਿਹੀ ਲਿਖਤ ਨੂੰ ਅਪ੍ਰਵਾਨ ਕਰਨ ਅਤੇ ਉਸ ਵਿਰੁੱਧ ਬੋਲਣ ਦਾ ਅਧਿਕਾਰ ਹੈ। ਇਹ ਕਹਾਣੀਆਂ ਅਜਿਹਾ ਹੀ ਕਰ ਰਹੀਆਂ ਸਨ/ਹਨ।

ਅਸੀਂ ਕਦੋਂ ਕਹਿੰਦੇ ਹਾਂ ਕਿ ਮਨੁੱਖੀ ਅੰਦਰਲਾ ਫਰੋਲਿਆ ਨਾ ਜਾਵੇ ਪਰ ਫਰੋਲਿਆ ਇਸ ਮਕਸਦ ਨਾਲ ਜਾਵੇ ਕਿ ਉਸ ਵਿਚੋਂ ਕਿਸੇ ਤਰੀਕੇ ਨਾਲ ‘ਗੰਦ’ ਨੂੰ ਹੂੰਝ ਕੇ ਬਾਹਰ ਸੁੱਟਿਆ ਜਾ ਸਕੇ ਅਤੇ ਮਨੁੱਖੀ ਅੰਦਰਲੇ ਨੂੰ ਨਿਰਮਲ ਬਣਾਇਆ ਜਾ ਸਕੇ। ਪਰ ਜੇ ਉਸ ਗੰਦ ਨੂੰ ਫਰੋਲ ਕੇ ਉਸਨੂੰ ਪਾਠਕ ਦੀ ਰੂਹ ਦੇ ਮੂੰਹ-ਮੱਥੇ ’ਤੇ ਮਲ਼ ਦੇਣਾ ਹੈ ਅਤੇ ਉਸਦੀਆਂ ਰੁਚੀਆਂ ਤੇ ਭਾਵਨਾਵਾਂ ਨੂੰ ਦੂਸ਼ਤ ਕਰ ਦੇਣਾ ਹੈ ਤਾਂ ਮੈਂ ਇਸਦੇ ਵਿਰੁੱਧ ਹਾਂ। ਕਿਸੇ ਵੀ ਕਿਸਮ ਦੀ ਸਮਾਜਕ ਜ਼ਿੰਮੇਦਾਰੀ ਤੋਂ ਮੁਕਤ ਅਜਿਹਾ ਕਾਮ-ਲਿਬੜਿਆ ਸਾਹਿਤ ਪਾਠਕ ਨੂੰ ਵੀ ਪਸ਼ੂਪੁਣੇ ਵੱਲ ਉਲਾਰਨ ਦਾ ਸਬੱਬ ਬਣਦਾ ਹੈ। ਮੈਨੂੰ ਸਾਹਿਤ



ਵਿਚ ਕਿਸੇ ਵੀ ਕਿਸਮ ਦੇ ਕਾਮ-ਦ੍ਰਿਸ਼ ਜਾਂ ਕਾਮ-ਜ਼ਿਕਰ ਨਾਲ ਵੀ ਤਕਲੀਫ਼ ਨਹੀਂ ਹੁੰਦੀ ਜੇ ਉਹ ਦ੍ਰਿਸ਼ ਮੇਰੀ ਸੁਹਜ ਭਾਵਨਾ ਨੂੰ ਦੂਸ਼ਤ ਕਰਨ ਦੀ ਥਾਂ ਮੇਰੇ ਅੰਦਰ ਕਿਸੇ ਰਿਸ਼ਤੇ, ਬੰਦੇ ਜਾਂ ਮਨੁੱਖੀ ਮਨ ਨੂੰ ਸਮਝ ਸਕਣ ਵਾਲੀ ਕੋਈ ਲਿਸ਼ਕ ਪੈਦਾ ਕਰਦਾ ਹੈ। ਮੈਂ ਕਿਸੇ ਪ੍ਰਕਾਰ ਦੇ ਨੈਤਿਕ ਮੁੱਲਾਂ ਦੇ ਸ਼ੁਧਤਾਵਾਦੀ ਬੁਲਾਰੇ ਵਾਂਗ ਨਹੀਂ ਬੋਲ ਰਿਹਾ ਤੇ ਨਾ ਹੀ ਇਹ ਸਮਝਦਾਂ ਕਿ ਕੋਈ ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਸਥਿਰ ਅਤੇ ਸਦੀਵੀ ਹੈ। ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਪਰ ਇਹ ਵੀ ਸੱਚ ਹੈ ਕਿ ਅਸੀਂ ਪਸ਼ੂ ਤੋਂ ਬੰਦਾ ਬਣਨ ਲਈ ਸਦੀਆਂ ਦੀ ਮੁਸ਼ੱਕਤ ਅਤੇ ਅਭਿਆਸ ਤੋਂ ਬਾਅਦ ਰਿਸ਼ਤਿਆਂ ਦਾ ਇਕ ਵਿਧਾਨ ਸਿਰਜਿਆ ਹੈ। ਇਹਨਾਂ ਕਹਾਣੀਕਾਰਾਂ ਨੇ ਤਾਂ ਨੂੰਹ-ਸਹੁਰੇ, ਪਿਓ-ਧੀ ਅਤੇ ਭੈਣ-ਭਰਾ ਦੇ ਅਵੈਧ ਲਿੰਗ-ਰਿਸ਼ਤੇ ਤੱਕ ਨੂੰ ਅੰਦਰਲੀ ਹਕੀਕਤ ਦੀ ਪੇਸ਼ਕਾਰੀ ਦੇ ਨਾਂ ’ਤੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਤਾਂ ਇਹ ਵੀ ਕਹਿੰਦਾਂ ਕਿ ਰਿਸ਼ਤਿਆਂ ਵਿਚ ਆਏ ਕਿਸੇ ਵੀ ਵਿਗਾੜ ਦੀ ਤੁਸੀਂ ਗੱਲ ਕਰ ਸਕਦੇ ਹੋ ਪਰ ਤੁਹਾਡੀ ਉਸ ਪੇਸ਼ਕਾਰੀ ਪਿਛੇ ਤੁਹਾਡਾ ਨਜ਼ਰੀਆ ਕੀ ਹੈ? ਕੀ ਤੁਸੀਂ ਇਸ ਕਾਮ-ਵਿਗਾੜ ਨੂੰ ਮਾਨਵੀ ਹਮਦਰਦੀ ਨਾਲ ਵਿਅੰਗ ਦੀ ਦ੍ਰਿਸ਼ਟੀ ਤੋਂ ਬਿਆਨ ਕਰ ਰਹੇ ਹੋ ਅਤੇ ਇਹ ਚਾਹੁੰਦੇ ਹੋ ਕਿ ਰਚਨਾ ਦੇ ਮਾਧਿਅਮ ਰਾਹੀਂ ਪਾਠਕ ਇਸ ਅਸੰਤੁਲਤ ਵਿਹਾਰ ਪਿਛਲੇ ਮਾਨਸਿਕ, ਸਰੀਰਕ ਜਾਂ ਆਰਥਕ-ਸਮਾਜਕ ਪ੍ਰੇਰਕਾਂ ਦੀ ਸੋਝੀ ਪ੍ਰਾਪਤ ਕਰਕੇ ਆਪਣਾ ਆਪਾ ਸੰਤੁਲਤ ਕਰ ਸਕੇ ਅਤੇ ਨਾਲ ਹੀ ਦੂਸ਼ਤ ਹੋ ਰਹੇ ਰਿਸ਼ਤਿਆਂ ਵਿਚ ਮੁੜ ਤੋਂ ਸੰਤੁਲਨ ਸਿਰਜ ਸਕਣ ਦੇ ਯੋਗ ਅਤੇ ਸਮਰੱਥ ਹੋ ਸਕੇ ਜਾਂ ਤੁਹਾਡਾ ਮਕਸਦ ਇਹਨਾਂ ਅਵੈਧ ਰਿਸ਼ਤਿਆਂ ਨੂੰ ਕੇਵਲ ਪੁਸ਼ਟ ਕਰਨਾ ਹੀ ਹੈ ਅਤੇ ਕਾਮ-ਕ੍ਰੀੜਾ ਦੇ ਪ੍ਰਕਿਰਤਕ ਦ੍ਰਿਸ਼ ਬਿਆਨ ਕਰਕੇ ਉਸ ਵਿਚੋਂ ਪਾਸ਼ਵਿਕ ਰੁਚੀਆਂ ਵਾਲਾ ਰਸ ਲੈਣਾ ਅਤੇ ਦੇਣਾ ਹੀ ਹੈ! ਬੰਧਨ-ਮੁਕਤ ਬੇਲੋੜੀ ਲਿੰਗ-ਖੁਲ੍ਹ ਨੂੰ ਕੁਲਵੰਤ ਸਿੰਘ ਵਿਰਕ ਨੇ ਆਪਣੀ ਕਹਾਣੀ ‘ਕੁਤਾ ਤੇ ਹੱਡੀ’ ਵਿਚ ਕੁਤੇ ਦੇ ਹੱਡੀ ਚੂਸਦਿਆਂ ਆਪਣੇ ਹੀ ਦੰਦਾਂ ਚੋਂ ਨਿਕਲਦੇ ਲਹੂ ਨੂੰ ਚੂਸੀ ਜਾਣ ਦੇ ਸਵਾਦ ਨਾਲ ਤੁਲਨਾਇਆ ਸੀ।

ਜਿਨ੍ਹਾਂ ਕਹਾਣੀਕਾਰਾਂ ਨੇ ਹਰੇਕ ਕਿਸਮ ਦੇ ਅਵੈਧ ਲਿੰਗ-ਵਿਹਾਰ ਨੂੰ ਪੁਸ਼ਟ ਕਰਨ ਦੀ ਦ੍ਰਿਸ਼ਟੀ ਤੋਂ ਕਹਾਣੀਆਂ ਲਿਖੀਆਂ ਨੇ ਅਤੇ ਮੁੱਲ-ਵਿਹੂਣੇ, ਲਲਸਾਏ ਤੇ ਹਾਬੜੇ ਹੋਏ ਕਾਮ-ਦ੍ਰਿਸ਼, ਕਾਮ-ਵਾਕ ਪੇਸ਼ ਕੀਤੇ ਨੇ ਉਹਨਾਂ ਨੂੰ ਹੀ ਮੈਂ ‘ਅੰਦਰਲਾ ਗੰਦ ਫਰੋਲਣ’ ਵਾਲੇ ਆਖਿਆ ਹੈ। ਪ੍ਰੇਮ ਪ੍ਰਕਾਸ਼ ਅਜਿਹੀਆਂ ਕਹਾਣੀਆਂ ਨੂੰ ਮੀਲ-ਪੱਥਰ ਆਖ ਕੇ ਆਪਣੇ ਪਰਚੇ ‘ਲਕੀਰ’ ਵਿਚ ਛਾਪਦਾ ਰਿਹਾ ਹੈ। ਨਵੇਂ ਲੇਖਕ ਲਾਚੜ ਕੇ ਇਹੋ ਜਿਹੀਆਂ ਕਹਾਣੀਆਂ ਲਿਖ ਕੇ ‘ਵੱਡੇ ਕਹਾਣੀਕਾਰ’ ਬਣਨ ਦਾ ਭਰਮ ਪਾਲਣ ਲੱਗੇ। ਪ੍ਰੇਮ ਪ੍ਰਕਾਸ਼ ਇਹਨਾਂ ਕਹਾਣੀਆਂ ਤੇ ਕਹਾਣੀਕਾਰਾਂ ਨੂੰ ਗੋਦ ਵਿਚ ਲੈ ਕੇ ਹੁਲਾਰੇ ਦਿੰਦਾ ਰਿਹਾ। ਇਸ ਕੋਝੇ ਰੁਝਾਨ ਨੂੰ ਪੈਦਾ ਕਰਨ ਵਿਚ ਉਹਦਾ ਮੁੱਖ ਰੋਲ ਰਿਹਾ ਹੈ। ਜਿਹੜੇ ਲੋਕ ਅਜਿਹੀ ਕਹਾਣੀ ਨੂੰ ‘ਅੰਦਰਲੇ ਦੀਆਂ ਪਰਤਾਂ ਲੱਭਣ ਤੇ ਫਰੋਲਣ’ ਦੀ

'ਕੋਲੰਬਸੀ' ਵਡਿਆਈ ਦੇ ਰਹੇ ਸਨ, ਮੈਂ ਉਹਨਾਂ ਦਾ ਹੀ ਵਿਰੋਧ ਕੀਤਾ ਸੀ। ਮੈਂ ਨਹੀਂ ਸਾਂ ਚਾਹੁੰਦਾ ਕਿ ਸਾਡੇ ਨਵੇਂ ਲੇਖਕ ਇਸ ਝੂਠੀ ਵਡਿਆਈ ਦੇ ਭਰਮ-ਜਾਲ ਦੇ ਸ਼ਿਕਾਰ ਹੋ ਕੇ ਅਸ਼ਲੀਲ ਕਿਸਮ ਦੀ ਬੇਹੂਦਾ ਦ੍ਰਿਸ਼-ਦਿਖਾਈ ਤੇ ਲੁੱਚ-ਬਿਆਨੀ ਨੂੰ ਹੀ ਚੰਗੀ ਰਚਨਾ ਦਾ ਮਾਪ-ਦੰਡ ਸਮਝਣ ਲੱਗ ਪੈਣ।

ਮੈਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਮੇਰੇ ਤੋਂ ਪਿਛੋਂ ਹੋਰ ਸਾਹਿਤਕ ਸਿਆਣਿਆਂ ਨੇ ਵੀ ਮੇਰੀ ਰਾਇ ਦੀ ਪੁਸ਼ਟੀ ਕੀਤੀ ਅਤੇ ਇਸ ਭੈੜੇ ਰੁਝਾਨ ਦੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ। ਇਸ ਸਾਰੇ ਕੁਝ ਦਾ ਸਿੱਟਾ ਇਹ ਨਿਕਲਿਆ ਹੈ ਕਿ ਗ਼ਲਤ ਰਾਹੇ ਪੈ ਚੁੱਕੇ ਲੇਖਕ ਇਸ ਪੱਖੋਂ ਹੁਣ ਕਾਫ਼ੀ ਹੱਦ ਤੱਕ ਸੁਚੇਤ ਹੋਣ ਲੱਗੇ ਹਨ। ਅਜਿਹਾ ਕਰਕੇ ਮੈਂ ਸਾਹਿਤਕ-ਸਮਾਜਕ ਜਿੰਮੇਦਾਰੀ ਹੀ ਨਿਭਾਈ ਹੈ। ਆਖ਼ਰਕਾਰ ਪ੍ਰੇਮ ਪ੍ਰਕਾਸ਼ ਨੂੰ ਵੀ ਲਿਖਤੀ ਤੌਰ 'ਤੇ ਕਹਿਣਾ ਪਿਆ ਕਿ ਉਹ ਅਜਿਹੀਆਂ ਕੋਝ ਫੈਲਾਉਣ ਵਾਲੀਆਂ ਕਹਾਣੀਆਂ ਦਾ ਸਮਰਥਨ ਨਹੀਂ ਕਰਦਾ।

ਹੁਣ ਮੈਂ ਮੁੜ ਤੋਂ ਵੇਖ ਰਿਹਾ ਹਾਂ ਕਿ ਸਾਡੇ ਨਵੇਂ ਕਥਾਕਾਰਾਂ ਵਿਚ ਇਹ ਰੁਝਾਨ ਮੁੜ ਜ਼ੋਰ ਫੜ ਰਿਹਾ ਹੈ। ਕਈਆਂ ਨੇ ਤਾਂ ਵੈੱਬ ਸੀਰੀਜ਼ ਦੀਆਂ ਅਜਿਹੀਆਂ ਕਹਾਣੀਆਂ ਦਾ ਚਰਬਾ ਉਤਾਰ ਕੇ ਪੰਜਾਬੀ ਕਹਾਣੀ ਵਿਚ 'ਨਵੀਨਤਾ' ਦਾ ਪ੍ਰਵੇਸ਼ ਕੀਤਾ ਹੈ।

ਕਈਆਂ ਨੂੰ ਤਾਂ ਸਮਾਜ ਦਾ ਜਾਂ ਕਿਸੇ ਪ੍ਰਕਾਰ ਦੀ ਨੈਤਿਕਤਾ ਦਾ ਜ਼ਿਕਰ ਆਉਣ ਨਾਲ ਹੀ ਚਿੜ ਹੈ। ਅਸੀਂ ਔਰਤ ਮਰਦ ਦੇ ਪਿਆਰ ਜਾਂ ਲਿੰਗ ਸੰਬੰਧਾਂ ਉੱਤੇ ਸਮਾਜ ਜਾਂ ਕਿਸੇ ਪ੍ਰਕਾਰ ਦੇ ਨੈਤਿਕ ਵਿਧਾਨ ਦੀ ਅਜਿਹੀ ਅਣਲੋੜੀਂਦੀ ਅਤੇ ਅਸੁਭਾਵਕ ਕੱਸ ਦੇ ਮੂਲੋਂ ਵਿਰੋਧੀ ਹਾਂ ਜਿਹੜੀ ਕੱਸ ਬੰਦੇ ਦੇ ਤਨ ਅਤੇ ਮਨ ਦੇ ਸਹਿਜ ਖਿੜਾਓ ਵਿਚ ਰੁਕਾਵਟ ਬਣਦੀ ਹੈ ਪਰ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ 'ਅੰਦਰਲੇ' ਦੀਆਂ ਵਾਗਾਂ ਅਸਲੋਂ ਹੀ ਖੁੱਲ੍ਹੀਆਂ ਛੱਡ ਕੇ ਸਦੀਆਂ ਦੀ ਬਣਾਈ ਰਿਸ਼ਤਾ-ਪ੍ਰਣਾਲੀ ਦਾ ਘਾਣ ਕਰ ਦੇਈਏ ਤੇ ਮੂਲੋਂ ਹੀ ਜਾਂਗਲੀ ਸੰਬੰਧਾਂ ਦੇ ਸੰਸਾਰ ਵੱਲ ਪਰਤ ਜਾਈਏ। ਹੁਣ ਜੇ ਮੌਕਾ ਬਣਿਆਂ ਹੈ ਤਾਂ ਮੈਂ 'ਡੈੱਡ ਲਾਈਨ' ਬਾਰੇ ਆਪਣੀ ਸਮਝ ਵੀ ਤੁਹਾਡੇ ਨਾਲ ਸਾਂਝੀ ਕਰ ਲੈਣਾ ਚਾਹੁੰਦਾ ਹਾਂ।

**ਡੈਡ-ਲਾਈਨ ਦੀ ਚੀਰ-ਫਾੜ**

ਅਸਲ ਵਿਚ ਮੈਂ ਸਮਝਦਾਂ ਕਿ ਕਾਮ-ਸੰਬੰਧਾਂ ਬਾਰੇ ਲਿਖੀਆਂ ਜਾਣ ਵਾਲੀਆਂ ਅਜਿਹੀਆਂ ਕਹਾਣੀਆਂ ਵਿਚ ਫ਼ੈਸਲਾਕੁਨ ਨਿਖੇੜਾ ਪ੍ਰੇਮ ਪ੍ਰਕਾਸ਼ ਦੀ ਲਿਖੀ ਕਹਾਣੀ 'ਡੈਡ ਲਾਈਨ"ਨਾਲ ਹੀ ਪੈਦਾ ਹੁੰਦਾ ਹੈ। ਵੇਖਣ ਨੂੰ ਤਾਂ ਇਹ ਔਰਤ ਮਨ 'ਤੇ ਬਹੁਕੋਨੀ ਝਾਤ ਪਾਉਣ ਵਾਲੀ ਕਹਾਣੀ ਵਜੋਂ ਪ੍ਰਸਿੱਧਹੈ ਤੇ ਮਿਸਿਜ਼ ਆਨੰਦ ਦੇ ਵਿਹਾਰ ਨੂੰ ਆਮ ਤੌਰ 'ਤੇ ਸਹਿਜ, ਵਾਜਬ ਤੇ ਪ੍ਰਸ਼ੰਸਨੀਯ ਦਰਸਾਇਆ ਜਾਂਦਾ ਰਿਹਾ ਹੈ। ਇਸ ਪ੍ਰਸੰਗ ਵਿਚ ਸੱਤੀ ਲਈ ਮਿਸਿਜ਼ ਆਨੰਦ ਦੀ ਕੁਰਬਾਨੀ ਨੂੰ ਵੱਡੇਰੇ ਮਾਨਵੀ ਦਾਇਰੇ ਵਿਚ ਰੱਖ ਕੇ ਇਸ ਕਹਾਣੀ ਦੀ ਬਹੁਤ ਵਡਿਆਈ ਕੀਤੀ ਗਈ ਹੈ। ਪਰ ਜੇ ਥੋੜ੍ਹਾ ਜਿਹਾ ਕਹਾਣੀ ਦੇ ਡੂੰਘ ਵਿਚ ਜਾ ਕੇ ਵੇਖਿਆ ਜਾਵੇ ਤਾਂ ਮਿਸਿਜ਼ ਆਨੰਦ ਅਸਲ ਵਿਚ ਸੱਤੀ ਲਈ



ਕੋਈ ਕੁਰਬਾਨੀ ਨਹੀਂ ਕਰਦੀ, ਉਹ ਤਾਂ ਮੁਨਾਸਬ ਮੌਕਾ ਬਣ ਜਾਣ ਕਰਕੇ ਸੱਤੀ ਨੂੰ ਖ਼ੁਦ ਭੋਗਣ ਲਈ ਉਤਾਵਲੀ ਹੈ। ਕਹਾਣੀ ਦੀ ਪ੍ਰਵਕਤਾ ਮਿਸਿਜ਼ ਆਨੰਦ, ਜਿਸ ਪਿੱਛੇ ਕਹਾਣੀਕਾਰ ਵੀ ਖਲੋਤਾ ਹੈ, ਪਹਿਲੇ ਪੈਰ੍ਹੇ ਵਿਚ ਹੀ ਐਲਾਨ ਕਰਦੀ ਹੈ ਕਿ ਸੱਤੀ ਸਮਾਜਕ ਰਿਸ਼ਤੇ ਵਿਚ ਉਸਦਾ ਦਿਓਰ ਲੱਗਦਾ ਹੈ ਪਰ ਕੁਦਰਤੀ ਰਿਸ਼ਤੇ ਵਿਚ ਉਸਦਾ ਪੁੱਤ, ਭਰਾ ਤੇ ਪ੍ਰੇਮੀ ਹੈ। ਹਕੀਕਤ ਵਿਚ ਸੱਤੀ ਦਾ ਕਹਾਣੀ ਵਿਚ ਪੁੱਤ ਤੇ ਭਰਾ ਦਾ ਬਿੰਬ ਅਸਲੋਂ ਧੁੰਦਲਾ ਜਿਹਾ ਹੀ ਪੇਸ਼ ਹੁੰਦਾ ਹੈ ਜਦ ਕਿ ਪ੍ਰੇਮੀ ਵਜੋਂ ਉਸਨੂੰ ਭੋਗਣ ਦੀ ਖ਼ਾਹਿਸ਼ ਤ੍ਰਿਪਤ ਕਰਨ ਦੀ ਆਦਿਮ ਬਿਰਤੀ ਉਸ 'ਤੇ ਭਾਰੂ ਹੈ। ਬਾਕੀ ਤਾਂ ਸਭ ਬਹਾਨੇ ਹਨ।

ਕਹਾਣੀ ਦੇ ਤਰਤੀਬਵਾਰ ਵੇਰਵਿਆਂ ਵੱਲ ਧਿਆਨ ਮਾਰੀਏ ਤਾਂ ਭਲੀਭਾਂਤ ਪਤਾ ਚੱਲ ਜਾਂਦਾ ਹੈ ਕਿ ਇਕ ਦੂਜੇ ਨੂੰ ਭੋਗਣ ਦੀ ਪਹਿਲ ਸੱਤੀ ਵੱਲੋਂ ਨਹੀਂ ਸਗੋਂ ਮਿਸਿਜ਼ ਆਨੰਦ ਵੱਲੋਂ ਹੀ ਹੋਈ ਹੈ ਅਤੇ ਪਹਿਲੇ ਪੈਰੇ ਵਿਚ ਹੀ ਸਾਂਸਕ੍ਰਿਤਕ ਰਿਸ਼ਤੇ ਨੂੰ ਉਲੰਘ ਕੇ ਮਰਦ-ਔਰਤ ਦੇ ਪ੍ਰਕ੍ਰਿਤਕ ਰਿਸ਼ਤੇ ਨੂੰ ਨਿਭਾਉਣ ਦੀ ਨੀਂਹ ਰੱਖ ਦਿੱਤੀ ਗਈ ਹੈ। ਇਸ ਨੀਂਹ 'ਤੇ ਉਸਰੇ ਅਗਲੇਰੇ ਕ੍ਰਮਵਾਰ ਵੇਰਵਿਆਂ 'ਤੇ ਝਾਤੀ ਮਾਰਨ ਨਾਲ ਇਹ ਗੱਲ ਠੀਕ ਸਾਬਤ ਹੋ ਜਾਂਦੀ ਹੈ।

ਸਭ ਤੋਂ ਪਹਿਲਾਂ ਮਿਸਿਜ਼ ਆਨੰਦ ਦੇ ਮਨ ਵਿਚ ਹੀ ਇਹ ਲਾਲਸਾ ਜਾਗਦੀ ਹੈ ਕਿ ਸੱਤੀ ਦੇ ਚੌੜੇ ਮੱਥੇ 'ਤੇ ਭਰਵੱਟਿਆਂ ਵਿਚ ਉੱਗੀ ਬਰੀਕ ਲੂੰਈ ਨੂੰ ਚੁੰਮ ਲਵੇ, 'ਜਿਹੜੀ ਉਹਨੂੰ ਸ਼ੁਰੂ ਤੋਂ ਹੀ ਪਿਆਰੀ ਲੱਗਦੀ ਸੀ।' 'ਸ਼ੁਰੂ ਤੋਂ ਹੀ ਇਸ ਲੂੰਈਂ ਦਾ ਉਸਨੂੰ ਚੰਗਾ ਲੱਗਣਾ ਇਸ ਗੱਲ ਦਾ ਸੰਕੇਤ ਹੈ ਕਿ ਉਹ ਸੱਤੀ ਨੂੰ ਪੁੱਤ ਵਾਂਗ ਨਹੀਂ ਮਰਦ ਵਾਂਗ ਹੀ ਤਸੱਵਰ ਕਰਦੀ ਰਹੀ ਹੈ। (ਬਿਲਕੁਲ ਉਸਤਰ੍ਹਾਂ ਹੀ ਜਿਵੇਂ ਗੁਰਬਖ਼ਸ਼ ਸਿੰਘ ਦੀ ਭਾਬੀ ਮੈਨਾ' ਵਿਚਲੀ ਭਾਬੀ, ਸੁਜਾਨ ਸਿੰਘ ਦੀ 'ਰਾਸ-ਲੀਲਾ' ਵਿਚਲੀ ਰਾਧਾ ਸੰਪਰਕ ਵਿਚ ਆਏ ਬੱਚਿਆਂ ਨੂੰ 'ਪੁਤ ਜਾਂ ਭਰਾ' ਮੰਨਣ ਨਾਲੋਂ ਵੱਧ ਮਰਦ ਹੀ ਤਸੱਵਰ ਕਰਦੀਆਂ ਹਨ) ਤੇ ਇਸਦੀ ਪੁਸ਼ਟੀ ਉਦੋਂ ਵੀ ਹੋ ਜਾਂਦੀ ਹੈ, ਜਦੋਂ ਕਹਾਣੀ ਵਿਚ ਅੱਗੇ ਜਾ ਕੇ ਇਹ ਵੇਰਵਾ ਆਉਂਦਾ ਹੈ ਕਿ ਸਤੀ ਦਾ ਮੱਥਾ ਉਸ ਮੁੰਡੇ ਨਾਲ ਮਿਲਦਾ ਹੈ ਜਿਸ ਨੂੰ ਕਦੀ ਉਹ ਕੋਠੇ 'ਤੇ ਚੜ੍ਹ ਕੇ ਵੇਖਿਆ ਕਰਦੀ ਸੀ। 'ਕੋਠੇ 'ਤੇ ਵੇਖੇ ਮੁੰਡੇ ਨੂੰ ਪ੍ਰਾਪਤ ਕਰਨ ਦੀ ਅਧੂਰੀ ਇੱਛਾ ਦੀ ਪੂਰਤੀ ਉਹ ਸੱਤੀ ਨੂੰ ਭੋਗਣ ਵਿਚ ਲੋੜਦੀ ਹੈ। ਇਸ ਲਈ ਸੱਤੀ ਦੀਆਂ ਅੰਤਿਮ-ਇਛਾਵਾਂ ਦੀ ਪੂਰਤੀ ਲਈ ਆਪਣਾ ਆਪ ਉਸਨੂੰ ਸਮਰਪਣ ਕਰਨ ਦੀ ਗੱਲ ਅਰਥਹੀਣ ਹੋ ਜਾਂਦੀ ਹੈ। ਸੱਤੀ ਦੇ ਮੱਥੇ ਵਿਚਲੀ ਇਸ ਬਰੀਕ ਲੂੰਈ ਦਾ ਹੋਰ ਵੀ ਇਕ ਦੋ ਵਾਰ ਕਹਾਣੀ ਵਿਚ ਜ਼ਿਕਰ ਆਉਂਦਾ ਹੈ।

ਦੂਜਾ ਵੇਰਵਾ ਪੌੜੀਆਂ ਚੜ੍ਹ ਕੇ ਫਿਲਮੀ ਅੰਦਾਜ਼ ਵਿਚ ਸੱਤੀ ਵੱਲੋਂ ਹੱਥ ਅੱਗੇ ਕਰਨ ਤੇ ਮਿਸਿਜ਼ ਆਨੰਦ ਵੱਲੋਂ ਉਸਨੂੰ ਚੁੰਮ ਲੈਣ ਦਾ ਹੈ। ਏਥੇ ਵੀ ਪਹਿਲਕਦਮੀ ਮਿਸਿਜ਼ ਆਨੰਦ ਹੀ ਕਰਦੀ ਹੈ, ਸੱਤੀ ਨਹੀਂ।

ਅਗਲਾ ਵੇਰਵਾ ਉਹ ਹੈ, ਜਿੱਥੇ ਸੱਤੀ ਨਿਰਾਸ਼ ਹੋਇਆ ਕਹਿੰਦਾ ਹੈ ਕਿ 'ਉਹ

ਸਭ ਕੁਝ ਗਵਾ ਚੁੱਕਾ ਹੈ' ਤਾਂ ਉਹ ਆਖਦੀ ਹੈ, "ਮੇਰਾ ਸਭ ਕੁਝ ਤੇਰੇ ਅਰਪਣ ਹੈ ਪਿਆਰੇ!' 'ਸਭ ਕੁਝ' ਸੱਤੀ ਨੂੰ ਅਰਪਣ ਕਰ ਦੇਣ ਦੀ ਮੰਗ ਸੱਤੀ ਦੀ ਨਹੀਂ, ਸਗੋਂ ਉਸਨੂੰ ਸਭ ਕੁਝ ਅਰਪਣ ਕਰਨ ਲਈ ਤਿਆਰ ਬੈਠੀ ਮਿਸਿਜ਼ ਆਨੰਦ ਦੀ ਹੈ। 'ਪਿਆਰੇ!' ਸ਼ਬਦ ਸੱਤੀ ਵਿਚੋਂ ਜਵਾਨੀ ਵੇਲੇ ਉਸਨੂੰ ਦਿਸਦੇ ਰਹੇ ਕੋਠੇ 'ਤੇ ਫਿਰਦੇ ਮੁੰਡਾ ਦਾ ਵੀ ਅਤੇ ਉਸਦੀ ਆਪਣੀ ਸਰੀਰਕ ਲੋਚਾ ਦਾ ਵੀ ਚਿਹਨ ਹੈ।

ਆਪਣੇ ਮਨ ਦੀਆਂ ਵਾਗਾਂ ਖੁਲ੍ਹੀਆਂ ਛੱਡ ਕੇ ਸੱਤੀ ਨੂੰ ਭੋਗਣ ਦੇ ਰਾਹ ਤੇ ਅੱਗੇ ਨਿਕਲ ਤੁਰੀ ਮਿਸਿਜ਼ ਆਨੰਦ ਜਦੋਂ ਡਾ ਪੁਰੀ ਦੇ ਸ਼ਬਦ ਸੁਣਦੀ ਹੈ, "ਇਸਨੂੰ ਜੋ ਮੰਗਦਾ ਹੈ, ਦਿਓ ਤੇ ਇਸਦੀ ਆਤਮਾ ਤ੍ਰਿਪਤ ਰੱਖੋ।"ਤਾਂ ਆਪਣੇ ਰਾਹ ਅੱਗੇ ਮਰਿਆਦਾ ਦੀ ਆਈ ਅਚੇਤ-ਸੁਚੇਤ ਦੀਵਾਰ ਨੂੰ ਉਲੰਘ ਜਾਣ ਅਤੇ ਸੱਤੀ ਦੀ 'ਆਤਮਾ ਨੂੰ ਨਹੀਂ ਸਗੋਂ ਆਪਣੀ ਆਤਮਾ ਨੂੰ ਤ੍ਰਿਪਤ ਕਰਨ ਦਾ ਬਹਾਨਾ ਲੱਭ ਲੈਂਦੀ ਹੈ। ਜ਼ਾਹਿਰ ਹੈ, ਇਹ ਬਹਾਨਾ ਮਿਸਿਜ਼ ਆਨੰਦ ਨੇ ਨਹੀਂ ਪ੍ਰੇਮ ਪ੍ਰਕਾਸ਼ ਨੇ ਹੀ ਬਣਾਇਆ ਹੈ ਅਤੇ ਉਸ ਲਈ ਸਮਾਜਕ ਰਿਸ਼ਤੇ ਨਾਲੋਂ ਸਰੀਰਕ ਰਿਸ਼ਤੇ ਨੂੰ ਪਹਿਲ ਦੇਣ ਲਈ ਰਾਹ ਖੋਲ੍ਹ ਦਿੱਤਾ।

ਅਗਲੇ ਵੇਰਵੇ ਅਨੁਸਾਰ ਮਿਸਿਜ਼ ਆਨੰਦ ਮੌਤ ਤੋਂ ਪਹਿਲਾ ਮਰਨ ਵਾਲੇ ਦੀਆਂ ਅਸਫਲ ਕਾਮਨਾਵਾਂ ਬਾਰੇ ਸੋਚ ਕੇ ਡਰ ਜਾਂਦੀ ਹੈ। ਇਹ ਸੋਚਣਾ ਉਸਦੀ ਸੱਤੀ ਨੂੰ ਭੋਗਣ ਲਈ ਪੈਦਾ ਹੋ ਰਹੀ ਪ੍ਰਕਿਰਿਤਕ ਇੱਛਾ ਉੱਤੇ ਸਾਂਸਕ੍ਰਿਤਕ ਮੁੱਲਾਂ ਦੇ ਦਬਾਓ ਦਾ ਖ਼ਿਆਲ ਕਰਨਾ ਹੈ ਪਰ ਨਾਲ ਹੀ ਆਪਣੇ ਅਗਲੇ ਕਰਮ ਲਈ ਮਾਨਸਕ ਤੌਰ 'ਤੇ ਤਿਆਰ ਹੋਣ ਲਈ ਜ਼ਮੀਨ ਤਿਆਰ ਕਰਨਾ ਵੀ ਹੈ।

ਅਗਲੇ ਪ੍ਰਸੰਗ ਵਿਚ ਸੱਤੀ ਸ਼ਰਾਬ ਪੀਂਦਿਆਂ ਮਿਸਿਜ਼ ਆਨੰਦ ਦੇ ਗਲਾਸ ਵਿਚ ਸ਼ਰਾਬ ਪਾ ਦਿੰਦਾ ਹੈ। ਸੱਤੀ ਦੇ ਇਸ ਕਾਰਜ ਨੂੰ ਉਹ ਸੱਤੀ ਵੱਲੋਂ ਆਪਣੇ ਮਨ ਦੀ ਗੱਲ ਪਹਿਲਾਂ ਹੀ ਸਮਝ ਲੈਣ ਨਾਲ ਜੋੜਦੀ ਹੈ ਕਿਉਂਕਿ ਉਸਦਾ ਮਨ ਤਾਂ ਪਹਿਲਾਂ ਹੀ ਸੱਤੀ ਨਾਲ ਮਿਲਕੇ ਸ਼ਰਾਬ ਪੀਣਾ ਚਾਹੁੰਦਾ ਹੈ। ਮਰਦ ਨਾਲ ਬੈਠ ਕੇ ਸ਼ਰਾਬ ਪੀਣ ਦੀ ਇੱਛਾ ਅੱਗੋਂ ਉਸ ਨੂੰ ਇਸ ਸੋਚ ਅਤੇ ਹਾਲਾਤ ਵਿੱਚ ਕਿਹੜੇ ਰਸਤੇ ਵੱਲ ਤੋਰੇਗੀ, ਇਸਦਾ ਕੋਈ ਉਹਲਾ ਨਹੀਂ ਰਹਿ ਜਾਂਦਾ। ਮਿਸਿਜ਼ ਆਨੰਦ ਦਾ ਇਹ ਵਿਹਾਰ ਇਹ ਵੀ ਸਾਬਤ ਕਰਦਾ ਹੈ ਕਿ ਉਹਦਾ ਅਚੇਤ ਤੇ ਸੁਚੇਤ ਮਨ ਅੰਦਰੇ ਹੀ ਅੰਦਰ ਬਣਾਈ ਗਈ ਪੂਰਵ ਯੋਜਨਾ ਅਨੁਸਾਰ ਸੱਤੀ ਨੂੰ ਭੋਗਣ ਲਈ ਤਿਆਰ ਬੈਠਾ ਹੈ।

ਅਗਲੇ ਵੇਰਵੇ ਮੁਤਾਬਕ ਮਿਸਿਜ਼ ਆਨੰਦ ਅੱਗੇ ਇਹ ਸੋਚਦੀ ਹੈ ਕਿ ਉਹ-'ਉਹ ਉਸਦੀ ਕੋਈ ਵੀ ਗੱਲ ਮੋੜਨ ਜੋਗੀ ਨਹੀਂ ਰਹੀ। ਉਹ ਕਹਿ ਕੇ ਤਾਂ ਦੇਖੇ।' ਜ਼ਾਹਿਰ ਹੈ ਹੁਣ ਉਹ ਆਪਣੀ ਆਈ 'ਤੇ ਆ ਗਈ ਹੈ ਤੇ ਪਿੱਛੇ ਹਟਣ ਵਾਲੀ ਨਹੀਂ। ਉਹ ਤਾਂ ਸਿਰਫ਼ ਸੱਤੀ ਦਾ ਇਸ਼ਾਰਾ ਹੀ ਉਡੀਕਦੀ ਹੈ ਕਿ ਕਦੋਂ ਮੌਕਾ ਮਿਲੇ ਤੇ ਉਹ ਉਸਦੇ ਜਿਸਮ ਵਿਚ ਦਾਖ਼ਲ ਹੋ ਜਾਵੇ।

ਮਿਸਿਜ਼ ਆਨੰਦ ਦੇ ਇਹਨਾਂ ਹੌਸਲਾ ਵਧਾਊ ਸੰਕੇਤਾਂ ਤੋਂ ਉਤਸ਼ਾਹ ਲੈ ਕੇ ਜਦੋਂ ਸੱਤੀ ਵੀ ਉਸ ਨਾਲ ਸਰੀਰਕ ਸੰਬੰਧ ਬਨਾਉਣ ਲਈ ਤਿਆਰ ਹੋ ਜਾਂਦਾ ਹੈ ਤਾਂ ਉਸਦੇ



ਅਵਚੇਤਨ ਵਿਚ ਪਿਆ ਧਰਮ, ਸਦਾਚਾਰ ਜਾਂ ਸੰਸਕਾਰ ਖ਼ਾਮੋਸ਼ ਸਵਾਲ ਕਰਦੇ ਜਾਪਦੇ ਹਨ ਤਾਂ ਮਿਸਿਜ਼ ਆਨੰਦ ਆਪਣੇ ਸਮਾਜਕ ਜਾਂ ਸਦਾਚਾਰਕ ਤੌਰ 'ਤੇ ਬਣਾਏ ਅਵੈਧ ਸੰਬੰਧ ਨੂੰ ਠੀਕ ਸਾਬਤ ਕਰਨ ਲਈ ਨਵਾਂ ਤੇ ਜ਼ੋਰਦਾਰ ਬਹਾਨਾ ਲੱਭ ਲੈਂਦੀ ਹੈ, "ਕੀ ਅਸੀਂ ਧਰਮ ਦੀ ਨਜ਼ਰ ਵਿਚ ਪੱਥ-ਭ੍ਰਸ਼ਟ ਹੋ ਗਏ ਹਾਂ। ਮੈਂ ਧਰਮ ਗ੍ਰੰਥਾਂ ਵਿਚ ਜੋ ਪੜ੍ਹਿਆ, ਸਭ ਝੂਠ ਹੈ। ਸੱਚ ਉਹ ਹੈ ਜੋ ਪ੍ਰਸਥਿਤੀਆਂ ਸਾਨੂੰ ਦਿੰਦੀਆਂ ਹਨ; ਜਿਨ੍ਹਾਂ ਵਿਚ ਬ੍ਰਹਮ-ਹੱਤਿਆ ਵੀ ਪਾਪ ਨਹੀਂ ਹੋ ਸਕਦੀ।

ਜ਼ਾਹਿਰ ਹੈ ਮਿਸਿਜ਼ ਆਨੰਦ ਦਾ ਹਰੇਕ ਪੈਂਤੜਾ ਉਸ ਪਿੱਛੇ ਖਲੋਤਾ ਲੇਖਕ ਤਿਆਰ ਕਰ ਰਿਹਾ ਹੈ। ਉਹ ਧਰਮ-ਗ੍ਰੰਥਾਂ ਨੂੰ ਝੂਠਾ ਕਹਿ ਕੇ ਸਾਂਸਕ੍ਰਿਤਕ ਕੀਮਤਾਂ ਨੂੰ ਸੁਚੇਤ ਤੌਰ 'ਤੇ ਰੱਦ ਕਰਦਾ ਹੈ ਤੇ ਬ੍ਰਹਮ ਹੱਤਿਆ ਨੂੰ ਵੀ ਪਾਪ ਨਾ ਸਮਝਣ ਦਾ ਨਿਆਇ, ਗ਼ੈਰ-ਵਾਜਬ ਤੌਰ 'ਤੇ 'ਪ੍ਰਸਥਿਤੀਆਂ' ਦੇ ਸਿਰ ਮੜ੍ਹਦਾ ਹੈ। ਇਹ ਪੈਂਤੜਾ 'ਪ੍ਰਸਥਿਤੀਆਂ' ਨੂੰ ਮਹੱਤਵ ਦੇਣ ਦੇ ਬਹਾਨੇ ਸਮੁਚੀ ਸੰਸਕ੍ਰਿਤੀ ਨੂੰ ਰੱਦ ਕਰਨ ਵਾਲਾ ਤੇ ਹਰੇਕ ਪ੍ਰਕਾਰ ਦੇ ਬੰਧਨ-ਮੁਕਤ ਵਿਹਾਰ ਨੂੰ ਅੰਤਿਮ ਸੱਚ ਸਾਬਤ ਕਰਨ ਵਾਲਾ ਜਾਂ ਕਹਿ ਲਈਏ ਕਿ ਸਮਾਜਕ ਰਿਸ਼ਤਿਆਂ ਨੂੰ ਰੱਦ ਕਰਨ ਵਾਲਾ ਤੇ ਪ੍ਰਕ੍ਰਿਤਕ ਰਿਸ਼ਤਿਆਂ ਨੂੰ ਹੀ ਹਰ ਹਾਲਤ ਵਿਚ ਜਾਇਜ਼ ਕਰਾਰ ਦੇਣ ਵਾਲਾ ਹੈ। ਅਸਲੀਅਤ ਤਾਂ ਇਹ ਹੈ ਕਿ ਮਿਸਿਜ਼ ਆਨੰਦ ਆਪਣੇ ਆਪ 'ਤੇ ਕਾਬੂ ਪਾ ਕੇ ਸਮਾਜਕ ਰਿਸ਼ਤੇ ਦੀ ਮਰਿਆਦਾ ਕਾਇਮ ਰੱਖ ਸਕਦੀ ਸੀ ਕਿਉਂਕਿ ਅਜਿਹੇ ਸੰਬੰਧ ਕਾਇਮ ਕਰਨ ਵਿਚ ਸ਼ੁਰੂ ਸ਼ੁਰੂ ਵਿਚ ਸੱਤੀ ਦੀ ਕੋਈ ਜ਼ਾਹਿਰਾ ਇੱਛਾ ਨਹੀਂ ਸੀ। ਅਸਲ ਵਿਚ ਮਿਸਿਜ਼ ਆਨੰਦ ਸੱਤੀ 'ਤੇ ਆਪਣੀ ਇੱਛਾ ਆਰੋਪਤ ਕਰਕੇ ਆਪਣੀ ਆਦਿਮ ਭੁੱਖ ਤ੍ਰਿਪਤ ਕਰਨਾ ਚਾਹੁੰਦੀ ਹੈ, ਬਾਕੀ ਤਾਂ ਸਭ ਘੜੇ ਗਏ ਬਹਾਨੇ ਹਨ। ਜਦੋਂ ਤੁਸੀਂ ਆਪਣੇ ਬੇਮੁਹਾਰ ਮਨ ਦੀਆਂ ਵਾਗਾਂ ਆਪ ਹੀ ਖੁੱਲ੍ਹੀਆਂ ਛੱਡ ਦਿਓ ਤਾਂ ਉਸਦੇ ਨਿਕਲਣ ਵਾਲੇ ਸਿੱਟਿਆਂ ਨੂੰ ਪ੍ਰਸਥਿਤੀਆਂ ਤੋਂ ਪ੍ਰਾਪਤ ਸੱਚ ਦੇ ਖਾਤੇ ਨਹੀਂ ਪਾਇਆ ਜਾ ਸਕਦਾ। ਇਸ ਤਰ੍ਹਾਂ ਤਾਂ ਤੁਸੀਂ ਹਰੇਕ ਮਾੜੇ ਕਰਮ ਨੂੰ ਪ੍ਰਸਥਿਤੀਆਂ ਦੀ ਦੇਣ ਆਖ ਕੇ ਆਪਣਾ ਬਚਾਅ ਕਰ ਸਕਦੇ ਹੋ।

'ਪ੍ਰਸਥਿਤੀਆਂ ਦਾ ਸੱਚ' ਉਦੋਂ ਹੀ ਆਖਿਆ ਜਾ ਸਕਦਾ ਹੈ ਜਦੋਂ ਬਾਹਰਲੇ-ਅੰਦਰਲੇ ਸਹਿਜ ਦਬਾਵਾਂ ਅਧੀਨ ਬੰਦਾ ਕੋਈ ਕੰਮ ਕਰਨ ਲਈ ਮਜਬੂਰ ਹੋਵੇ ਪਰ ਜਿੱਥੇ ਉਹ 'ਕੰਮ ਕਰਨ' ਦੀ ਤੁਹਾਡੀ ਸੁਚੇਤ ਇੱਛਾ ਦਾ ਦਖ਼ਲ ਹੋਵੇ ਓਥੇ ਇਸਨੂੰ ਪ੍ਰਸਥਿਤੀਆਂ ਦਾ ਸੱਚ ਨਹੀਂ ਕਿਹਾਜਾ ਸਕਦਾ।

ਇਸ ਪ੍ਰਕਾਰ ਮੈਂ ਸਮਝਦਾ ਹਾਂ ਕਿ ਇਸ ਕਹਾਣੀ ਨੇ ਬੜੇ ਸੂਖ਼ਮ ਤਰੀਕੇ ਨਾਲ ਹਰੇਕ ਕਿਸਮ ਦੀ ਸਮਾਜਕ ਮਰਿਆਦਾ ਨੂੰ ਤੋੜ ਕੇ ਨਿਰੋਲ ਪ੍ਰਕ੍ਰਿਤਕ ਸੰਬੰਧਾਂ ਦੀ ਵਾਜਬੀਅਤ ਸਥਾਪਤ ਕਰਨ ਦਾ ਰਾਹ ਖੋਲ੍ਹ ਦਿੱਤਾ ਤੇ ਕਥਾਕਾਰਾਂ ਦੀ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਇਸ ਨਵੇਂਪਨ ਨੂੰ ਅਪਣਾ ਕੇ ਨਵਾਂ ਤੇ ਵੱਖਰਾ ਦਿਸਣ ਲਈ ਪ੍ਰੇਰਿਤ ਵੀ ਕੀਤਾ ਤੇ ਮੁਲ-ਵਿਹੂਣਾ ਕਾਮੁਕ ਸਾਹਿਤ ਰਚਣ ਲਈ ਹੁਲਾਰਾ ਵੀ ਦਿੱਤਾ।

# ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿੱਚ ਮਨੁੱਖੀ ਹੋਂਦ ਦੀ ਪਛਾਣ ਦਾ ਮਸਲਾ

-ਡਾ. ਪਰਮਜੀਤ ਕੌਰ ਸਿੱਧੂ

ਹੁਣ ਤੱਕ ਦੀ ਖੋਜ ਅਨੁਸਾਰ ਜੀਵ ਵਿਗਿਆਨ ਵਿੱਚ ਮਨੁੱਖ ਬ੍ਰਹਿਮੰਡ ਵਿੱਚ ਸਭ ਤੋਂ ਵੱਧ ਚੇਤਨ ਜੀਵ ਹੈ। ਇਸੇ ਚੇਤਨਾ ਨੇ ਉਸਨੂੰ ਸਮਾਜਿਕ ਇਕਾਈ ਵਿੱਚ ਬੰਨ੍ਹਿਆ। ਉਸਨੇ ਪਰਿਵਾਰਿਕ ਇਕਾਈ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਤੱਕ ਜਿੰਨੇ ਵੀ ਰਿਸ਼ਤੇ ਬਣਾਏ ਹਨ ਉਹ ਇਸੇ ਚੇਤਨਾ ਦਾ ਹਿੱਸਾ ਹੈ। ਪ੍ਰਮੁੱਖ ਰੂਪ ਵਿੱਚ ਉਸ ਦਾ ਮਸਲਾ ਜੀਣ ਨਾਲੋਂ ਥੀਣ ਦਾ ਹੈ। ਇਹ ਥੀਣ ਦਾ ਵਰਤਾਰਾ ਬਹੁਤ ਜਟਿਲ ਹੈ। ਇਹ ਸਭਿਅਤਾ ਤੇ ਸਭਿਆਚਾਰ ਦਾ ਮਸਲਾ ਹੈ। ਸਭਿਅਤਾ ਸੰਦਾਂ ਦੀ ਖੋਜ ਅਤੇ ਪੈਦਾਵਾਰ ਵੰਡ ਦੀਆਂ ਵਿਧੀਆਂ ਨਾਲ ਜੁੜੀ ਹੋਈ ਹੈ ਅਤੇ ਸਭਿਆਚਾਰ ਉਸ ਤੋਂ ਪੈਦਾ ਹੋਏ ਸੁਹਜ ਦੇ ਪ੍ਰਗਟਾਵੇ ਦੇ ਵੱਖ-ਵੱਖ ਰੂਪਾਂ ਨਾਲ। ਥੀਣਾ ਇਹੀ ਵਰਤਾਰਾ ਹੈ। ਇਸ ਵਿੱਚੋਂ ਹੀ ਮਨੁੱਖ ਆਪਣੀ ਸਮਾਜਿਕ ਹੋਂਦ ਦੀ ਤਲਾਸ਼ ਕਰਦਾ ਹੈ। ਇਸ ਤਲਾਸ਼ ਨਾਲ ਵਾਦ-ਵਿਵਾਦ ਵਿੱਚੋਂ ਇੱਕ ਸਿਧਾਂਤਕ ਆਧਾਰ ਤਿਆਰ ਹੁੰਦਾ ਹੈ। ਇਹ ਫਿਰ ਅੱਗੇ ਚੱਲ ਕੇ ਗਿਆਨ ਦੇ ਕਈ ਅਨੁਸ਼ਾਸਨਾਂ ਤੱਕ ਫੈਲਦਾ ਹੈ। ਇਹਨਾਂ ਵਿੱਚੋਂ ਸਾਹਿਤ ਵੀ ਇੱਕ ਗਿਆਨ ਦਾ ਅਨੁਸ਼ਾਸਨ ਹੈ ਪ੍ਰੰਤੂ ਉਸਦਾ ਵਿਧੀ-ਵਿਧਾਨ ਸਿਰਜਣਕਾਰੀ ਤੇ ਆਧਾਰਿਤ ਸੁਹਜ ਨਾਲ ਜੁੜਿਆ ਹੁੰਦਾ ਹੈ। ਇਹ ਸੁਹਜ ਭਾਵੇਂ ਸਾਹਿਤ ਦਾ ਮੂਲ ਤੱਤ ਹੁੰਦਾ ਹੈ ਪ੍ਰੰਤੂ ਇਹ ਜੀਵਨ ਦੇ ਨਾਲ-ਨਾਲ ਜੀਵਨ ਦ੍ਰਿਸ਼ਟੀ ਦਾ ਵੀ ਵਾਹਨ ਬਣਦਾ ਹੈ। ਕਈ ਲੇਖਕ ਦ੍ਰਿਸ਼ਟੀ ਨੂੰ ਹੀ ਸਿਰਜਣਕਾਰੀ ਦਾ ਮੂਲ ਬਣਾ ਲੈਂਦੇ ਹਨ। ਅਸਲ ਵਿੱਚ ਇਹ ਜੀਵਨ ਵਿਹਾਰ ਵਿੱਚੋਂ ਉੱਭਰਨੀ ਚਾਹੀਦੀ ਹੈ। ਇਸ ਲਈ ਕਈ ਵਾਰੀ ਉੱਤਮ ਸਾਹਿਤ ਇਤਿਹਾਸ ਦਾ ਵੀ ਪ੍ਰਮਾਣਿਕ ਦਸਤਾਵੇਜ਼ ਬਣ ਜਾਂਦਾ ਹੈ। ਆਧੁਨਿਕ ਪੰਜਾਬੀ ਕਹਾਣੀ ਦੀ ਲੱਗਭੱਗ ਇੱਕ ਸਦੀ ਦੀ ਲੰਮੀ ਪਰੰਪਰਾ ਹੈ। ਇਸ ਪਰੰਪਰਾ ਕਾਰਨ ਪੰਜਾਬੀ ਕਹਾਣੀ ਕਈ ਪੜਾਵਾਂ ਅਤੇ ਪ੍ਰਵਿਰਤੀਆਂ ਵਿੱਚੋਂ ਲੰਘੀ ਹੈ। ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦੀ ਦੂਜੀ ਪੀੜੀ ਦਾ ਪ੍ਰਮੁੱਖ ਕਹਾਣੀਕਾਰ ਹੈ।

ਆਧੁਨਿਕ ਪੰਜਾਬੀ ਕਹਾਣੀ ਪੰਜਾਬੀ ਸਾਹਿਤ ਦੀਆਂ ਬਾਕੀ ਵਿਧਾਵਾਂ ਵਾਂਗ ਬਸਤੀਵਾਦੀ ਵਰਤਾਰੇ ਅਧੀਨ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਉਂਝ ਭਾਰਤ ਵਿਚ ਕਹਾਣੀ ਦੀ ਬਹੁਤ ਲੰਬੀ ਪਰੰਪਰਾ ਹੈ। ਪੰਜਾਬੀ ਕਹਾਣੀ ਦੀ ਇਸ ਲੰਮੀ ਤੇ ਦੀਰਘ ਪਰੰਪਰਾ ਬਾਰੇ ਟਿੱਪਣੀ ਕਰਦਿਆਂ ਡਾ. ਰਜਨੀਸ਼ ਬਹਾਦਰ ਲਿਖਦਾ ਹੈ:

> ਪੰਜਾਬੀ ਕਹਾਣੀ ਦਾ ਸਿਰਜਣਾਤਮਕ ਅਵਚੇਤਨ ਭਾਰਤ ਤੋਂ ਲੈਕੇ ਸੰਪੂਰਨ ਏਸ਼ੀਆ ਤੱਕ ਫੈਲਿਆ ਹੋਇਆ ਹੈ। ਇਸ ਵਿਚ ਵੇਦ, ਉਪਨਿਸ਼ਦ, ਸਿਮਰਤੀਆਂ, ਸੁਕਤੀਆਂ, ਪੁਰਾਣ, ਗੁਰਬਾਣੀ, ਵਾਰਾਂ, ਕੁਰਾਨ ਸ਼ਰੀਫ, ਹਦੀਸਾਂ, ਜਾਤਕ ਕਥਾਵਾਂ ਕਿੱਸੇ, ਲੋਕ ਕਥਾਵਾਂ, ਸਾਖੀਆਂ, ਮਹਾਂਭਾਰਤ,



> ਰਮਾਇਣ, ਕਥਾ ਸਰਿਤ ਸਾਗਰ, ਹਿਤੋਪਦੇਸ਼, ਅਲਿਫ਼ ਲੈਲਾ ਦੀਆਂ ਕਹਾਣੀਆਂ ਸ਼ਾਮਲ ਹਨ।[1]

ਇਹੀ ਉਹ ਪਰੰਪਰਾ ਹੈ ਜਿਹੜੀ ਆਧੁਨਿਕ ਪੰਜਾਬੀ ਕਹਾਣੀ ਦੀ ਮੂਲ ਪ੍ਰੇਰਕ ਅਤੇ ਸਰੋਤ ਹੈ। ਇਸ ਪਰੰਪਰਾ ਅਤੇ ਵਰਤਮਾਨ ਦੇ ਅੰਤਰ-ਵਿਰੋਧੀ ਸੰਵਾਦ ਪੰਜਾਬੀ ਕਹਾਣੀ ਦੀ ਵਿਧਾ ਦਾ ਅਧਾਰ ਬਣਦਾ ਹੈ। ਪੰਜਾਬੀ ਕਹਾਣੀ ਆਪਣਾ ਵਿਧਾਗਤ ਚੌਖਟਾ ਪੱਛਮ ਤੋਂ ਲੈਂਦੀ ਹੈ ਪਰ ਇਸ ਦੇ ਖਮੀਰ ਵਿੱਚ ਇਹ ਪਰੰਪਰਾ ਵੀ ਪਈ ਹੋਈ ਹੈ।

ਪੰਜਾਬੀ ਕਹਾਣੀ ਦੀਆਂ ਜੜ੍ਹਾਂ ਭਾਰਤੀ ਅਤੇ ਏਸ਼ਿਆਈ ਕਹਾਣੀ ਵਿੱਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਆਧੁਨਿਕ ਪੰਜਾਬੀ ਕਹਾਣੀ ਦਾ ਰੂਪਾਕਾਰਕ ਸੰਗਠਨ ਪੱਛਮੀ ਨਿੱਕੀ ਕਹਾਣੀ ਦੇ ਮਾਡਲ 'ਤੇ ਅਧਾਰਿਤ ਹੈ। ਇਸ ਦੇ ਕਾਰਣ ਪੰਜਾਬੀ ਨਿੱਕੀ ਕਹਾਣੀ ਦੇ ਹੋਂਦ ਗ੍ਰਹਿਣ ਕਰਨ ਦੇ ਵਰਤਾਰੇ ਨਾਲ ਜੁੜੇ ਹੋਏ ਹਨ। ਆਧੁਨਿਕ ਪੰਜਾਬੀ ਨਿੱਕੀ ਕਹਾਣੀ ਬਾਕੀ ਸਾਹਿਤ ਦੀਆਂ ਆਧੁਨਿਕ ਵਿਧਾਵਾਂ ਵਾਂਗ ਬਸਤੀਵਾਦੀ ਵਰਤਾਰੇ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਸ ਲਈ ਉਸ ਸਾਹਮਣੇ ਉਹੀ ਰੂਪਾਕਾਰਕ ਮਾਡਲ ਸਨ ਜਿਹੜੇ ਪੱਛਮ ਵਿੱਚ ਪ੍ਰਚਲਿਤ ਸਨ। ਇਸੇ ਕਾਰਣ ਪੰਜਾਬੀ ਕਹਾਣੀ ਵਿਚ ਬਿਰਤਾਂਤਕ ਪ੍ਰਕ੍ਰਿਆ ਗਲਪੀ ਚਿੰਤਨੀ ਅਵਚੇਤਨ ਅਤੇ ਕਹਾਣੀ ਦੇ ਰੂਪਕ ਸੰਗਠਨ ਵਿੱਚ ਇੱਕ ਤਣਾਅ ਨਿਰੰਤਰ ਚਲਦਾ ਰਿਹਾ।[2]

ਇਹ ਤਣਾਅ ਪੰਜਾਬੀ ਕਹਾਣੀ ਦੀ ਵਿਧਾਗਤ ਗਤੀਸ਼ੀਲਤਾ ਦਾ ਮੁੱਖ ਵਾਹਕ ਹੈ। ਪੰਜਾਬੀ ਕਹਾਣੀ ਦੀ ਪਹਿਲੀ ਪੀੜ੍ਹੀ ਅਜਿਹੀ ਸਥਿਤੀ ਵਿੱਚ ਹੀ ਕਹਾਣੀ ਲਿਖ ਰਹੀ ਸੀ। ਚਰਨ ਸਿੰਘ ਸ਼ਹੀਦ, ਮੋਹਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ ਇਸੇ ਅੰਤਰ-ਵਿਰੋਧ ਨਾਲ ਜੂਝ ਰਹੀ ਸੀ।

ਕੁਲਵੰਤ ਸਿੰਘ ਵਿਰਕ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ ਕਹਾਣੀ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਉਹ ਆਪਣੇ ਲੇਖ 'ਸਹਿਤਕ ਪਿਛਵਾੜਾ' ਵਿੱਚ 'ਚਾਚਾ' ਕਹਾਣੀ ਦੀ ਲਿਖਣ ਪ੍ਰਕਿਆ ਦਾ ਜ਼ਿਕਰ ਕਰਦਾ ਹੋਇਆ ਅੰਗਰੇਜ਼ੀ ਦੇ ਕਿਸੇ ਪਰਚੇ ਵਿਚ ਛਪੀ ਕਹਾਣੀ ਦਾ ਜ਼ਿਕਰ ਕਰਦਾ ਹੈ। ਪਰ ਜਦੋਂ ਉਹ ਆਪਣੇ ਪਿੰਡ ਦੇ ਕਿਸੇ ਅਜਿਹੇ ਵਿਅਕਤੀ ਵੱਲ ਵੇਖਦਾ ਹੈ ਤਾਂ ਉਹ ਉਸਨੂੰ ਕਮਜ਼ੋਰ ਪਾਤਰ ਨਜ਼ਰ ਆਉਂਦਾ ਹੈ। ਫਿਰ ਉਹ ਆਪਣੀ ਕਲਪਨਾ ਨਾਲ ਇਕ ਕਹਾਣੀ ਦੀ ਸਿਰਜਣਾ ਕਰਦਾ ਹੈ। ਇਹ ਕਹਾਣੀ ਅਜਿਹੇ ਛੜੇ ਵਿਅਕਤੀ ਦੀ ਕਲਪਨਾ ਹੈ ਜਿਹੜਾ ਆਪਣੀ ਕਲਪਿਤ ਪਤਨੀ ਦੀਆਂ ਗੱਲਾਂ ਕਰਦਾ ਹੋਇਆ ਉਸ ਸਮੇਂ ਦੇ ਕੁਆਰੇ ਚਾਚੇ ਦਾ ਇਕ ਸਹਿਜ ਬਿੰਬ ਉਸਾਰਦਾ ਹੈ। ਇਸੇ ਕਰਕੇ ਵਿਰਕ ਦੇ ਕਹਾਣੀ ਸੰਗ੍ਰਿਹ ਦੁਆਦਸ਼ੀ ਦੀ ਭੂਮਿਕਾ ਵਿੱਚ ਅਤਰ ਸਿੰਘ ਵਿਰਕ ਨੂੰ 'ਸਾਧਾਰਣ ਮਨੁੱਖ ਦੀ ਸਾਧਾਰਣਤਾ' ਚਿੱਤਰਣ ਵਾਲਾ ਕਹਾਣੀਕਾਰ ਕਹਿੰਦਾ ਹੈ। ਡਾ. ਟੀ.ਆਰ. ਵਿਨੋਦ ਇਸ ਦੀ ਵਿਆਖਿਆ ਕਰਦਾ ਲਿਖਦਾ ਹੈ:

> ਉਸ ਦੀਆਂ ਕਹਾਣੀਆਂ ਵਿਚਲਾ ਸਾਧਾਰਣ ਮਨੁੱਖ ਪ੍ਰਗਤੀਵਾਦੀਆਂ ਦਾ

> ਸ਼ੋਸ਼ਿਤ/ਦਲਿਤ ਮਨੁੱਖ ਨਹੀਂ ਹੈ, ਨਾ ਹੀ ਆਧੁਨਿਕਵਾਦੀਆਂ ਦਾ ਉਲਾਰ/ ਵਿਸ਼ਾਦਗ੍ਰਸਤ ਮਨੁੱਖ। ਇਹ ਮਨੁੱਖ ਤਾਂ ਮਨੁੱਖਤਾ ਦੇ ਸਦੀਵੀ ਸਰਵਸਾਂਝੇ ਅਤੇ ਸਰਵਵਿਆਪੀ ਸੁਭਾ ਦਾ ਪ੍ਰਤਿਨਿਧ ਮਨੁੱਖ ਹੈ। ਵਿਰਕ ਦੀ ਕਲਾ ਦ੍ਰਿਸ਼ਟੀ ਨੂੰ ਇਹ ਮਨੁੱਖ, ਮਨੁੱਖ ਵਜੋਂ ਹੀ ਪ੍ਰਵਾਨ ਹੈ, ਕਿਸੇ ਆਦਰਸ਼ ਵਿਸ਼ੇਸ਼ ਜਾਂ ਵਚਿੱਤਰ ਵਿਅਕਤੀ ਵਜੋਂ ਨਹੀਂ। ਇਹੀ ਕਾਰਣ ਹੈ ਕਿ ਇਹ ਸਾਧਾਰਣ ਮਨੁੱਖ ਆਪਣੀਆਂ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ ਆਪਣੇ ਸਿਰਜਣਹਾਰ ਦੀ ਹਮਦਰਦੀ ਅਤੇ ਮੋਹ ਦਾ ਪਾਤਰ ਬਣਿਆ ਰਹਿੰਦਾ ਹੈ।[3]

ਗੁਰਦੇਵ ਸਿੰਘ ਚੰਦੀ ਉਸ ਦੀ ਵੱਖਰਤਾ ਤਲਾਸ਼ਦਾ ਹੋਇਆ ਲਿਖਦਾ ਹੈ :

> ਉਹ ਸਮੂਹਿਕ ਜੀਵਨ ਦੇ ਸਮਾਜਿਕ ਆਧਾਰਾਂ ਪ੍ਰਤੀ ਸੁਚੇਤ ਰਿਹਾ ਹੈ।[4]

ਇਸ ਦਾ ਅਰਥ ਇਹ ਹੈ ਕਿ ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ ਅਤੇ ਵਿਚਾਰਧਾਰਾਈ ਸੰਦਰਭਾਂ ਤੋਂ ਮੁਕਤ ਕਹਾਣੀ ਦੀ ਸਿਰਜਣਕਾਰੀ ਵਿੱਚ ਲੱਗਿਆ ਰਿਹਾ।

ਵਿਰਕ 1945 ਈ: ਵਿੱਚ 'ਚਾਚਾ' ਕਹਾਣੀ ਰਾਹੀਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਇਹ ਸਮਾਂ ਦੁਨੀਆਂ ਦੇ ਦੂਜੀ ਸੰਸਾਰ ਜੰਗ ਵਿਚੋਂ ਉਭਰਨ ਦਾ ਸਮਾਂ ਸੀ। ਇਸ ਪੁਨਰ ਉਸਾਰੀ ਸਮੇਂ ਦੁਨੀਆਂ ਸਮਾਜਵਾਦੀ ਅਤੇ ਸਾਮਰਾਜਵਾਦੀ ਕੈਂਪਾਂ ਵਿਚ ਵੰਡੀ ਹੋਈ ਸੀ। ਇਹ ਸਮਾਂ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਪ੍ਰਗਤੀਵਾਦ ਦਾ ਦੌਰ ਸੀ। ਲਖਨਊ ਵਿਚ ਮੁਨਸ਼ੀ ਪ੍ਰੇਮ ਚੰਦ ਦੀ ਅਗਵਾਈ ਵਿਚ ਪ੍ਰਗਤੀਵਾਦੀ ਲੇਖਕ ਸੰਘ ਦੀ ਸਥਾਪਨਾ ਹੋ ਚੁੱਕੀ ਸੀ। ਇਹ ਸਮਾਂ 1936 ਈ: ਦਾ ਪ੍ਰਗਤੀਵਾਦ ਅਧੀਨ ਪ੍ਰਗਤੀਵਾਦੀ ਮੈਨੀਫੈਸਟੋ ਦੇ ਪ੍ਰਚਾਰ ਅਤੇ ਪਾਸਾਰ ਦਾ ਸਮਾਂ ਸੀ। ਪੰਜਾਬੀ ਕਹਾਣੀ ਵਿੱਚ ਸੰਤ ਸਿੰਘ ਸੇਖੋਂ ਮਾਨਵਵਾਦੀ ਵਿਚਾਰਾਂ ਦਾ ਵਿਆਖਿਆਕਾਰ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਵਿਚਾਰ ਅਧੀਨ ਪ੍ਰਗਤੀਸ਼ੀਲਤਾ ਦਾ ਪ੍ਰਚਾਰ ਕਰ ਰਿਹਾ ਸੀ ਅਤੇ ਇੱਕ ਨਿਸ਼ਚਤ ਵਿਚਾਰਧਾਰਾ ਨੂੰ ਲੈ ਕੇ ਕਹਾਣੀ ਦੀ ਸਿਰਜਣਕਾਰੀ ਵਿਚ ਲੱਗਿਆ ਹੋਇਆ ਸੀ। ਇਹਨਾਂ ਤੋਂ ਬਿਨਾਂ ਸੰਤੋਖ ਸਿੰਘ ਧੀਰ, ਸੁਜਾਨ ਸਿੰਘ ਪ੍ਰਗਤੀਵਾਦੀ ਕਹਾਣੀਆਂ ਲਿਖ ਰਹੇ ਸਨ। ਪ੍ਰਗਤੀਵਾਦੀਆਂ ਅਤੇ ਆਪਣੀ ਦ੍ਰਿਸ਼ਟੀ ਬਾਰੇ ਲਿਖਦੇ ਹੋਏ ਕੁਲਵੰਤ ਸਿੰਘ ਵਿਰਕ ਲਿਖਦਾ ਹੈ:

> ਕੁਝ ਮਿੱਤਰ ਇਹ ਕਹਿੰਦੇ ਹਨ ਕਿ ਭਾਵੇਂ ਮੈਂ ਸਮਾਜ ਦੀ ਤੋਰ ਨੂੰ ਜਾਂਚ ਕੇ ਰੁਪਮਾਨ ਵੀ ਕਰ ਸਕਦਾ ਹਾਂ ਮੈਂ ਉਸ ਨੂੰ ਕਮਿਊਨਿਸਟ ਦਰਸ਼ਨ ਅਨੁਸਾਰ ਬਦਲਦਾ ਨਹੀਂ ਚਿਤਰਦਾ। ਕਿਧਰੇ ਕ੍ਰਾਂਤੀ ਦੀ ਗੱਲ ਸਮੇਂ ਨਾ ਹੀ ਕੋਈ ਕ੍ਰਾਂਤੀਕਾਰੀ ਪਾਤਰ ਚਿੱਤਰਿਆ ਹੈ। ਇਹ ਗੱਲ ਠੀਕ ਹੈ। ਜੇ ਆਪਣੇ ਕੋਲੋਂ ਘੜ ਕੇ ਹੀ ਕੁਝ ਚਿਤਰਨਾ ਹੈ ਤਾਂ ਕਮਿਊਨਿਸਟ ਆਪ ਹੀ ਚਿਤਰ ਸਕਦੇ ਹਨ। ਕਿਸੇ ਲੇਖਕ ਦੀ ਕੀ ਲੋੜ ਹੈ? ਅਸਾਂ ਆਪਣੀ ਸੰਭਾਲ ਵਿਚ ਕੋਈ ਕ੍ਰਾਂਤੀ ਨਹੀਂ ਵੇਖੀ, ਸਮਝੌਤੇ ਹੁੰਦੇ ਹੀ ਵੇਖੇ ਹਨ। ਅਕਾਲੀਆਂ ਦਾ ਤੇ ਕਦੀ ਕਮਿਊਨਿਸਟਾਂ ਦਾ ਕਾਂਗਰਸ ਨਾਲ ਸਮਝੌਤਾ, ਕਮਿਊਨਿਸਟ (ਖੱਬੇ ਅਤੇ ਸੱਜੇ ਦੋਵਾਂ) ਦਾ ਅਕਾਲੀਆਂ ਅਤੇ ਜਨ-ਸੰਘ ਨਾਲ ਸਮਝੌਤਾ ਆਦਿ। ਫਿਰ ਕ੍ਰਾਂਤੀ ਕਿਵੇਂ ਚਿਤਰਾਂ?"[5]



ਇਸ ਦਾ ਅਰਥ ਹੈ ਕਿ ਕਹਾਣੀਕਾਰ ਉਹੀ ਚਿਤਰਦਾ ਹੈ ਜੋ ਉਹ ਦੇਖਦਾ ਹੈ। ਇਸ ਤਰ੍ਹਾਂ ਸਾਹਿਤ ਦੇ ਮਨੋਰਥ ਵਾਲੇ ਮਸਲੇ ਉਤੇ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ। ਪਰੰਤੂ ਵਿਰਕ ਇਸ ਮਸਲੇ ਬਾਰੇ ਬਹੁਤ ਸਪਸ਼ਟ ਸੀ। ਉਸ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਮਨੁੱਖ ਅਤੇ ਉਸ ਦੀ ਹੋਂਦ ਦੇ ਮਸਲੇ ਹਨ।

ਮਨੁੱਖੀ ਹੋਂਦ ਦੇ ਅਧਾਰ ਦੇ ਕੁਝ ਤੱਤ ਹਨ ਜਿਹੜੇ ਮਨੁੱਖ ਦੀ ਸਮਾਜਿਕ ਹੋਂਦ ਨੂੰ ਪ੍ਰਭਾਵਿਤ ਕਰਦੇ ਹਨ। ਇਸ ਵਿਚ ਦ੍ਰਿਸ਼ਟੀ ਦਾ ਇਕ ਤੱਤ ਹੁੰਦਾ ਹੈ: ਪਰੰਤੂ ਸਾਹਿਤ ਵਿਚ ਦ੍ਰਿਸ਼ਟੀ ਦਾ ਰੂਪਾਂਤਰਣ ਬਹੁਤ ਜਟਿਲ ਵਰਤਾਰਾ ਹੈ। ਮਨੁੱਖੀ ਹੋਂਦ ਨੂੰ ਨਿਰਧਾਰਿਤ ਕਰਨ ਵਾਲੇ ਤੱਤਾਂ ਵਿਚ ਭੂਗੋਲਿਕ ਖਿੱਤਾ ਸਭ ਤੋਂ ਮਹੱਤਵਪੂਰਨ ਤੱਤ ਹੁੰਦਾ ਹੈ। ਇਹ ਤੱਤ ਵਿਅਕਤੀ ਦੀ ਜੈਵਿਕਤਾ ਤੋਂ ਲੈ ਕੇ ਉਸ ਦੀ ਸਮਾਜਿਕਤਾ ਨੂੰ ਤੈਅ ਕਰਦਾ ਹੈ। ਮਨੁੱਖ ਨੂੰ ਉਸ ਆਲੇ ਦੁਆਲੇ ਨਾਲ ਮੋਹ ਹੁੰਦਾ ਹੈ ਜਿਸ ਵਿਚ ਉਹ ਪੈਦਾ ਹੁੰਦਾ ਹੈ ਅਤੇ ਆਪਣਾ ਜੀਵਨ ਗੁਜ਼ਾਰਦਾ ਹੈ। ਦੂਜਾ ਮਹੱਤਵਪੂਰਨ ਤੱਤ ਉਹ ਕਿੱਤਾ ਹੁੰਦਾ ਹੈ ਜਿਹੜਾ ਵਿਅਕਤੀ ਦੇ ਪਰਿਵਾਰ ਦੀ ਆਰਥਿਕਤਾ ਨਾਲ ਸੰਬੰਧਿਤ ਹੁੰਦਾ ਹੈ। ਇਸ ਕਿੱਤੇ ਦੇ ਸੰਦ, ਆਰਥਿਕ ਵਰਤਾਰੇ ਦੀ ਪ੍ਰਕਿਰਿਆ, ਉਸ ਵਿਚੋਂ ਪੈਦਾ ਹੋਏ ਦੁੱਖ-ਸੁੱਖ, ਗਮੀ-ਖੁਸ਼ੀ ਵਰਗੇ ਮਸਲੇ ਵਿਅਕਤੀ ਦੀ ਹੋਂਦ ਨੂੰ ਨਿਰਧਾਰਿਤ ਕਰਨ ਵਿਚ ਭੂਮਿਕਾ ਨਿਭਾਉਂਦੇ ਹਨ। ਇਸ ਵਰਤਾਰੇ ਵਿਚੋਂ ਹੀ ਸਭਿਆਚਾਰ ਪੈਦਾ ਹੁੰਦਾ ਹੈ। ਤੀਜਾ ਤੱਤ ਜਿਹੜਾ ਵਿਅਕਤੀ ਦੀ ਹੋਂਦ ਨੂੰ ਨਿਰਧਾਰਿਤ ਕਰਦਾ ਹੈ ਉਹ ਧਰਮ ਹੈ। ਧਰਮ ਜੀਵਨ ਜਾਂਚ ਅਤੇ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਵਿਅਕਤੀ ਅੰਦਰ ਸਮੂਹਿਕ ਚੇਤਨਾ ਦਾ ਭਾਵ ਪੈਦਾ ਕਰਦਾ ਹੈ। ਇਹ ਸਮੂਹਿਕ ਚੇਤਨਾ ਵਿਅਕਤੀ ਅੰਦਰ ਭਾਈਚਾਰਕ ਸਾਂਝ ਦਾ ਸੂਤਰ ਬਣਦੀ ਹੈ। ਇਸ ਤਰ੍ਹਾਂ ਇਹ ਭਾਈਚਾਰਕ ਚੇਤਨਾ ਵਿਅਕਤੀ ਅੰਦਰ ਵਿਅਕਤੀ ਦੇ ਵਿਹਾਰ ਨੂੰ ਨਿਰਧਾਰਿਤ ਕਰਦੀ ਹੈ। ਭਾਰਤ ਵਿਚ ਵਿਅਕਤੀ ਦੀ ਹੋਂਦ ਨੂੰ ਨਿਰਧਾਰਤ ਕਰਨ ਵਾਲਾ ਤੱਤ ਜਾਤੀ ਹੈ। ਇਹ ਬਾਕੀ ਭਾਰਤ ਵਾਂਗ ਪੰਜਾਬ ਵਿਚ ਵੀ ਪ੍ਰਮੁੱਖ ਤੱਤ ਹੈ ਜਿਹੜਾ ਬਾਕੀ ਦੁਨੀਆਂ ਤੋਂ ਵੱਖਰਾ ਹੈ। ਹਜ਼ਾਰਾਂ ਸਾਲਾਂ ਦੀ ਜਾਤੀ ਅਧਾਰਿਤ ਵੰਡ ਨੇ ਇਕ ਸੰਸਕ੍ਰਿਤੀ ਦਾ ਨਿਰਮਾਣ ਕੀਤਾ ਹੈ। ਇਸ ਨੇ ਕੁਝ ਹੱਦ ਤਕ ਵਿਅਕਤੀ ਦੇ ਵਿਹਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਹੋਂਦ ਦੇ ਇਹਨਾ ਚਾਰ ਕਾਰਕਾਂ ਦੇ ਪ੍ਰਸੰਗ ਵਿਚ ਅਸੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਨੂੰ ਮਨੁੱਖੀ ਹੋਂਦ ਦੇ ਪ੍ਰਸੰਗ ਵਿੱਚ ਸਮਝਣ ਦੀ ਕੋਸ਼ਿਸ਼ ਕਰਾਂਗੇ।

ਕੁਲਵੰਤ ਸਿੰਘ ਵਿਰਕ ਪੰਜਾਬ ਦੇ ਭੂਗੋਲਿਕ ਖਿੱਤੇ ਨਾਲ ਜੁੜਿਆ ਹੋਇਆ ਹੈ। ਇਹ ਭੂਗੋਲਿਕ ਖਿੱਤਾ ਮੁਢਲੇ ਪੜਾਅ ਵਿਚ ਸਿੰਧ ਤੋਂ ਸਰਸਵਤੀ ਤਕ ਫੈਲਿਆ ਹੋਇਆ ਸੀ। ਇਹ ਭਾਰਤ ਦੇ ਮੁਢਲੇ ਮਹਾਕਾਵਾਂ ਦਾ ਘਟਨਾ ਸਥਾਨ ਰਿਹਾ ਹੈ। ਇਸ

ਦਾ ਅਰਥ ਇਹ ਹੈ ਕਿ ਇਸ ਖਿੱਤੇ ਦੀ ਦਾਰਸ਼ਨਿਕ ਪਰੰਪਰਾ ਭਾਰਤੀ ਦਰਸ਼ਨ ਦਾ ਮੂਲ ਰਹੀ ਹੈ। ਇਸਲਾਮ ਨੇ ਇਥੇ ਆ ਕੇ ਮਿਸ਼ਰਤ ਸੱਭਿਆਚਾਰ ਦੀ ਨੀਂਹ ਰੱਖੀ। ਸੰਵਾਦ ਇਸਦੀ ਪਰੰਪਰਾ ਦਾ ਅਧਾਰ ਬਣ ਗਿਆ ਜਿਸ ਦੇ ਸਿੱਟੇ ਵਜੋਂ ਬਾਰ੍ਹਵੀਂ ਸਦੀ ਵਿੱਚ ਪੰਜਾਬ ਇਕ ਖੁਦਮੁਖਤਿਆਰ ਸੱਭਿਆਚਾਰਕ ਇਕਾਈ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਖਿੱਤੇ ਦਾ ਬਾਕੀ ਭਾਰਤ ਵਾਂਗ ਮੂਲ ਸਭਿਆਚਾਰ ਕਿਸਾਨੀ ਸਭਿਆਚਾਰ ਰਿਹਾ ਹੈ। ਕੁਲਵੰਤ ਸਿੰਘ ਵਿਰਕ ਕੋਲ ਮੂਲ ਅਨੁਭਵ ਕਿਸਾਨੀ ਸਮਾਜ ਦਾ ਸੀ। ਉਸ ਸਮੇਂ ਖੇਤੀ ਪਛੜੇ ਸੰਦਾਂ ਨਾਲ ਹੁੰਦੀ ਸੀ, ਮੰਡੀ ਦਾ ਸੰਕਲਪ ਤਾਂ ਮੌਜੂਦ ਸੀ ਪਰੰਤੂ ਖੇਤੀ ਅਧਾਰਿਤ ਸਮਾਜ ਬਹੁਤ ਸਾਦਾ ਸੀ। ਇਸੇ ਲਈ ਵਿਰਕ 'ਕਹਾਣੀ ਕਲਾ ਤੇ ਮੇਰਾ ਅਨੁਭਵ', ਲੇਖ ਵਿਚ ਲਿਖਦਾ ਹੈ:

> ਜਿਸ ਜੀਵਨ ਦਾ ਅਨੁਭਵ ਮੈਨੂੰ ਹੋਇਆ ਉਹ ਬੜਾ ਸਾਦਾ ਜਿਹਾ ਸੀ। ਬਸ ਮਨੁੱਖ, ਉਸ ਦਾ ਟੱਬਰ ਅਤੇ ਡੰਗਰ, ਪੈਲੀਆਂ, ਮੀਂਹ ਅਤੇ ਰੁੱਤਾਂ ਜਿਨ੍ਹਾਂ ਨਾਲ ਫਸਲਾਂ ਵਧ ਕੇ ਪੱਕਦੀਆਂ ਅਤੇ ਮਨੁੱਖ ਦਾ ਬਲੀ ਹੱਥ ਜਿਹੜਾ ਹਰ ਸ਼ੈਅ ਵਿਚ ਜਾਨ ਪਾਉਂਦਾ ਅਤੇ ਦੁਸ਼ਮਨਾ ਨੂੰ ਨੱਥ ਪਾਈ ਰੱਖਦਾ। ਬਾਕੀ ਚੀਜਾਂ ਜਿਵੇਂ ਕਲਾ, ਪ੍ਰੇਮ ਅਤੇ ਲਿੰਗ ਐਵੇਂ ਫੈਸ਼ਨ ਜਾਂ ਵੈਲ ਸਨ। ਆਪਣੀ ਲਿਖਤ ਵਿਚ ਮੈਂ ਅਸਚਰਜ ਅਤੇ ਵਚਿੱਤਰ ਪਿੱਛੇ ਨਹੀਂ ਜਾਂਦਾ। ਬੀ ਦਾ ਉਗਣਾ ਹੀ ਮੇਰੇ ਲਈ ਇਕ ਅਦਭੁਤ ਗੱਲ ਸੀ। ਜੇ ਸ਼ਾਮ ਵੇਲੇ ਸਜਰੇ ਬੀਜੇ ਖੇਤ ਕੋਲ ਜਾਓ ਤਾਂ ਕੁਝ ਨਹੀਂ ਦਿਸਦਾ। ਅਗਲੇ ਦਿਨ ਸਵੇਰੇ ਜਾਉ ਤੇ ਕਈ ਹਜ਼ਾਰ ਅੰਕੁਰ ਫੁੱਟ ਆਏ ਹੁੰਦੇ ਹਨ।[6]

ਇਹ ਕੁਦਰਤ ਅਧਾਰਿਤ ਸਾਧਾਰਣ ਜੀਵਨ ਆਪਣੀਆਂ ਖੁਸ਼ੀਆਂ ਗਮੀਆਂ, ਸੰਕਟਾਂ ਸਮੇਤ ਵਿਰਕ ਦੀਆਂ ਕਹਾਣੀਆਂ ਦਾ ਸਿਰਜਣੀ ਅਧਾਰ ਬਣਦਾ ਹੈ। ਵਿਰਕ ਦੀਆਂ ਕਹਾਣੀਆਂ ਵਿੱਚ ਪੇਸ਼ ਸੰਕਟ ਸਹਿਜ ਜੀਵਨ ਤੋਂ ਲੈ ਕੇ ਵਰਤਮਾਨ ਸਥਿਤੀਆਂ ਵਿਚੋਂ ਉਪਜੇ ਹੋਏ ਹਨ। ਸਹਿਜ ਜੀਵਨ ਦੇ ਸਹਿਜ ਸੰਕਟਾਂ ਅਤੇ ਖੁਸ਼ੀਆਂ ਗਮੀਆਂ ਦੇ ਅੰਸ਼ ਕਈ ਕਹਾਣੀਆਂ ਵਿਚ ਮੌਜੂਦ ਹਨ ਪਰ ਅਸੀਂ ਆਪਣੇ ਤਰਕ ਲਈ ਕੁਝ ਕਹਾਣੀਆਂ ਦਾ ਹਵਾਲਾ ਹੀ ਦਿਆਂਗੇ।

ਵਿਰਕ ਦੀਆਂ ਕਹਾਣੀਆਂ ਵਿਚਲੇ ਭੂਗੋਲਿਕ ਖਿੱਤੇ ਦੀਆਂ ਕਹਾਣੀਆਂ ਦੀ ਪਛਾਣ ਦਾ ਅਧਾਰ ਉਸ ਖਿੱਤੇ ਵਿਚ ਵਸਦੇ ਲੋਕ ਹਨ। ਉਹ ਇਕ ਖ਼ਾਸ ਕਿੱਤੇ ਨਾਲ ਜੁੜੇ ਹੋਏ ਹਨ ਅਤੇ ਵਿਸ਼ੇਸ਼ ਜਾਤੀ ਨਾਲ ਸਬੰਧਤ ਹਨ ਜੋ ਇੱਕ ਵਿਸ਼ੇਸ਼ ਧਰਮ ਦੇ ਅਨੁਯਾਈ ਹਨ। ਇਸ ਤਰ੍ਹਾਂ ਵਿਰਕ ਦੀਆਂ ਕਹਾਣੀਆਂ ਦੇ ਪਾਤਰ ਇਹਨਾਂ ਸਥਿਤੀਆਂ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਇਸ ਦਾ ਪਹਿਲਾ ਮਸਲਾ ਦੇਸ਼ ਵੰਡ ਦੇ ਆਰ-ਪਾਰ ਫੈਲੇ ਸਮਾਜ ਦਾ ਹੈ। ਇਸ ਸਮਾਜ ਦੇ ਕੇਂਦਰ ਵਿਚ ਕਿਸਾਨੀ ਹੈ। ਕਿਸਾਨੀ ਸਮਾਜ ਵਿੱਚ ਸਹਿਜ ਮਸਲਾ ਵਿਆਹ ਦੇ ਪ੍ਰਬੰਧ ਅਤੇ ਇਸ ਤੋਂ ਬਾਹਰ ਔਰਤ ਮਰਦ ਸਬੰਧਾਂ ਨਾਲ ਜੁੜਿਆ ਹੋਇਆ ਹੈ। ਇਹ ਮਹੱਤਵਪੂਰਨ ਮਸਲਾ ਸਦੀਵੀ ਅਤੇ ਸਮਾਜ



ਦੇ ਹਰ ਪੜਾਅ ਉਤੇ ਦਰਪੇਸ਼ ਹੈ। ਖਾਸ ਕਰ ਕਿਸਾਨੀ ਸਮਾਜ ਵਿਚ ਅਣਵਿਆਹੇ ਰਹਿ ਜਾਣ ਦੀ ਵੱਡੀ ਸਮੱਸਿਆ ਸੀ। ਇਸ ਲਈ ਔਰਤ ਅਤੇ ਔਲਾਦ ਉਹਨਾਂ ਦੇ ਅਵਚੇਤਨ ਦਾ ਹਿੱਸਾ ਬਣ ਜਾਂਦੇ ਸਨ। ਵਿਰਕ ਦੀ ਪਹਿਲੀ ਕਹਾਣੀ 'ਚਾਚਾ' ਮਰਦ ਦੀ ਹੋਂਦ ਨੂੰ ਔਰਤ ਤੋਂ ਬਿਨਾ ਅਧੂਰਾ ਹੋਣ ਵਿੱਚ ਨਿਸ਼ਚਿਤ ਕਰਦੀ ਹੈ। ਵਿਰਕ ਸਹਿਜ ਰੂਪ ਵਿੱਚ ਕਿਸਾਨੀ ਦੀ ਆਰਥਿਕ ਸਥਿਤੀ ਨੂੰ ਵੀ ਇਸੇ ਵਿੱਚ ਨਿਸ਼ਚਿਤ ਕਰਦਾ ਹੈ। ਚਾਚਾ ਕਿਸਾਨੀ ਦੇ ਸੰਕਟ ਅਤੇ ਦੇਸ਼ ਦੀ ਮਜ਼ਹਬੀ ਸਥਿਤੀ ਨੂੰ ਕਲਪਿਤ ਨਾਰੀ ਦੇ ਹੁੰਗਾਰੇ ਨਾਲ ਜੋੜਦਾ ਹੈ।

> "ਮਾਮਲਾ ਵੀ ਘੱਟ ਹੁੰਦਾ ਕੋਈ ਨਹੀਂ ਦਿਸਦਾ ਤੇ ਘਰਾਂ ਦੀ ਲੀਰ ਟਾਕੀ ਦਾ ਖਰਚ ਵੀ ਢੇਰ ਵੱਧ ਗਿਆ ਹੈ। ਮੈਂ ਤੇ ਆਹਨਾਂ ਇਹ ਖੱਦਰ ਪਾਣ ਵਾਲੀ ਗੱਲ ਚੰਗੀ ਏ, ਜੇ ਜਨਾਨੀਆਂ ਮੰਨਣ ਤੇ।" ਚਾਚੇ ਨੇ ਆਪਣੇ ਆਪ ਨੂੰ ਟੱਬਰਦਾਰ ਦਸਦਿਆਂ ਹੋਇਆ ਆਖਿਆ। ਮੈਨੂੰ ਉਸ ਦੀ ਏਸ ਗੱਲ ਤੇ ਕੋਈ ਹੈਰਾਨੀ ਨਾ ਹੋਈ ਕਿਉਂ ਜੋ ਮੈਨੂੰ ਨਿੱਕੇ ਹੁੰਦੇ ਈ ਫਰਜ਼ੀ ਚਾਚੀ ਦੀਆਂ ਸਭ ਗੱਲਾਂ ਯਾਦ ਸਨ।[7]

ਚਾਚਾ ਇਸ ਕਲਪਨਾ ਵਿੱਚ ਰਹਿੰਦਾ ਹੈ। ਇਹ ਮਸਲਾ ਉਸਦੇ ਅਵਚੇਤਨ ਦਾ ਹਿੱਸਾ ਬਣਿਆ ਹੋਇਆ ਹੈ। ਔਰਤ ਅਤੇ ਵਿਆਹ ਤੋਂ ਬਿਨਾਂ ਉਸ ਲਈ ਕਲਪਨਾ ਅਸੰਭਵ ਹੈ। ਉਹ ਜਦੋਂ ਬਿਮਾਰ ਹੋ ਜਾਂਦਾ ਹੈ ਤਾਂ ਫੌਜ ਚੋਂ ਆਪਣੇ ਭਤੀਜੇ ਨੂੰ ਵੀ ਔਰਤ ਲਿਆਉਣ ਲਈ ਕਹਿੰਦਾ ਹੈ।

> "ਤੂੰ ਮੇਰਾ ਪੁੱਤਰ ਏ ਕੰਨੂੰ" ਚਾਚੇ ਨੇ ਮੇਰੇ ਵਲ ਪਿਆਰ ਭਰੀ ਨਜ਼ਰ ਕਰਕੇ ਆਖਿਆ। "ਆਹੋ ਚਾਚਾ" ਮੈਂ ਉਹਦੀ ਹਾਂ ਵਿਚ ਹਾਂ ਮਿਲਾਉਣਾ ਚਾਹੁੰਦਾ ਸੀ।" ਕਾਈ ਚਾਚੀ ਤੇ ਫੜੀ ਆਵੇਂ ਆ ਮੇਰੇ ਲਈ ਉਥੋਂ। ਧਕੋ ਧਕੀ ਗੱਡੀ ਵਿੱਚ ਸੁਟ ਲਿਆਉਂਦੈ, ਫੌਜੀਆਂ ਨੂੰ ਕੌਣ ਪੁੱਛਦਾ", "ਹੁਣ ਆਇਆ ਤੇ ਲਿਆਵਾਂਗਾਂ ਚਾਚਾ।" "ਆਖੀਂ ਹਮ ਤੁਮਕੋ ਉਥੇ ਬਾਰ ਮੇ ਬਹੁਤ ਆਰਾਮ ਦੇਵੇਗਾ।"[8]

ਇਸ ਬਿਰਤਾਂਤ ਵਿੱਚੋਂ ਕਿਸਾਨੀ ਦੀ ਤਸਵੀਰ ਹੀ ਨਹੀਂ ਉਭਰਦੀ ਸਗੋਂ ਕਿਸਾਨੀ ਦਾ ਵਿਹਾਰ ਵੀ ਸਾਹਮਣੇ ਆਉਂਦਾ ਹੈ। ਇਸ ਪਾਸਾਰ ਦੀ ਇਕ ਬਹੁਤ ਖ਼ੂਬਸੂਰਤ ਕਹਾਣੀ 'ਛਾਹ ਵੇਲਾ' ਹੈ। ਇਹ ਕਹਾਣੀ ਕਿਸਾਨੀ ਸਮਾਜ ਦੇ ਉਸ ਪੜਾਅ ਦੀ ਪੇਸ਼ਕਾਰੀ ਕਰਦੀ ਹੈ ਜਦੋਂ ਭਾਈਚਾਰਕ ਏਕਤਾ ਕਾਇਮ ਸੀ। ਇੱਕ ਦੂਜੇ ਨਾਲ ਸਾਂਝੇ ਰੂਪ ਵਿੱਚ ਕੰਮ ਕਰਾਉਣ ਦੀ ਪਰੰਪਰਾ ਸੀ। ਇਸ ਵਿਚ ਵਿਅਕਤੀ ਦਾ ਵਿਹਾਰ ਭਾਵਨਾਵਾਂ ਦੇ ਨਿਰਧਾਰੀਕਰਨ ਨਾਲ ਸਬੰਧਿਤ ਸੀ। ਇਸ ਕਹਾਣੀ ਦਾ ਪਾਤਰ ਤੇਜਾ ਸਿੰਘ ਇਕ ਕਾਮਾ ਕਿਸਾਨ ਅਤੇ ਮੰਨੀ ਪ੍ਰਮੰਨੀ ਬਲਦਾਂ ਦੀ ਜੋੜੀ ਦਾ ਮਾਲਕ ਹੈ। ਉਹ ਕਾਲਾ ਸਿੰਘ ਦੇ ਖੇਤ ਵਿਚ ਸ਼ਰੀਕੇ ਦੀ ਸਹਾਇਤਾ ਲਈ ਹਲ ਵਾਹੁਣ ਜਾਂਦਾ ਹੈ। ਉਸ ਕੋਲ ਵਧੀਆ ਬਲਦਾਂ ਦੀ ਜੋੜੀ ਹੋਣ ਕਰਕੇ ਸਭ ਤੋਂ ਅੱਗੇ ਆਪਣੇ ਬਲਦਾਂ ਦੀ ਜੋੜੀ

ਵਾਲੇ ਹੱਲ ਨੂੰ ਅੱਗੇ ਲਾ ਲੈਂਦਾ ਹੈ। ਪਰ ਅੱਜ ਉਸ ਤੋਂ ਹਲ ਚੰਗੀ ਤਰ੍ਹਾਂ ਵਾਹਿਆ ਨਹੀਂ ਜਾ ਰਿਹਾ। ਅੱਜ ਉਸਦੇ ਬਲਦਾਂ ਦੀ ਚਾਲ ਵੀ ਢਿੱਲੀ ਹੈ। ਇੰਨੇ ਵਿਚ ਛਾਹ ਵੇਲਾ ਲੈ ਕੇ ਕਰਤਾਰੀ ਆ ਜਾਂਦੀ ਹੈ। ਉਹ ਸ਼ਰੀਕੇ ਵਿਚੋਂ ਉਸ ਦੀ ਭਾਬੀ ਲਗਦੀ ਹੈ। ਉਸ ਦੀ ਤੇਜੂ ਕੁਆਰੇ ਨਾਲ ਭਾਵੁਕ ਸਾਂਝ ਹੈ। ਉਹ ਕਰਤਾਰੀ ਸਾਮਹਣੇ ਆਪਣੀ ਸਥਿਤੀ ਪ੍ਰਗਟ ਨਹੀਂ ਕਰਦਾ।

ਅੱਗੜ ਪਿੱਛੜ ਦੋ ਮਿੰਟਾ ਵਿਚ ਸਾਰੇ ਹਾਲੀਆਂ ਦਾ ਛਾਹ ਵੇਲਾ ਆ ਗਿਆ। ਤ੍ਰੇਹ ਨਾਲ ਭਾਵੇਂ ਜੱਟ ਮਰਦਾ ਪਿਆ ਹੋਵੇ ਰੋਟੀ ਆਈ ਤੋਂ ਇਕ ਦੋ ਫੇਰੇ ਹਲਾਂ ਦੇ ਜ਼ਰੂਰ ਲਿਆਉਂਦਾ ਹੈ। ਝਟ-ਪਟ ਹਲ ਖਲ੍ਹਾਰਨ ਨੂੰ ਉਹ ਲੋਝਪੁਣਾਂ ਅਤੇ ਕਮਜ਼ੋਰੀ ਸਮਝਦਾ ਹੈ ਤੇ ਇਸ ਤਰ੍ਹਾਂ ਵਹੁਟੀ ਤੇ ਉਸ ਦਾ ਰੋਹਬ ਘੱਟ ਜਾਣ ਦਾ ਡਰ ਹੁੰਦਾ ਸੀ।[9]

ਤੇਜੂ ਛਾਹ ਵੇਲਾ ਕਰਦੇ ਸਮੇਂ ਕਰਤਾਰੀ ਨਾਲ ਸੁਪਨਿਆਂ ਵਿਚ ਖੋ ਜਾਂਦਾ ਹੈ। ਇਹਨਾਂ ਸੁਪਨਿਆਂ ਦਾ ਆਧਾਰ ਉਹ ਗੱਲਬਾਤ ਹੈ ਜਿਹੜੀ ਤੇਜੂ ਅਤੇ ਕਰਤਾਰੀ ਵਿਚਕਾਰ ਹੁੰਦੀ ਹੈ। ਇਸ ਰਿਸ਼ਤੇ ਦੇ ਵਧਣ ਫੁੱਲਣ ਦੀਆਂ ਸੰਭਾਵਨਾਵਾਂ ਕਿਸਾਨੀ ਸਮਾਜ ਵਿਚ ਸਭ ਤੋਂ ਜ਼ਿਆਦਾ ਹਨ। ਜਿਹੜੇ ਕਲਪਿਤ ਰਿਸ਼ਤੇ ਦੀ ਉਹ ਕਲਪਨਾ ਕਰਦਾ ਹੈ ਉਸ ਦੇ ਪ੍ਰਭਾਵ ਥੱਲੇ ਛਾਹ ਵੇਲੇ ਤੋਂ ਪਹਿਲਾਂ ਦਾ ਤੇਜੂ ਬਿਲਕੁਲ ਬਦਲ ਜਾਂਦਾ ਹੈ। ਉਹ ਉਤਸ਼ਾਹ ਨਾਲ ਭਰ ਜਾਂਦਾ ਹੈ।

> "ਲੈ ਬਈ ਬਾਬਾ ਕਾਲਾਂ ਸਿਹਾਂ ਹਾਲੀਆਂ ਨੂੰ ਆਖ ਜਿਹਦੀ ਸਲਾਹ ਏ ਮੇਰੇ ਮਗਰ ਲਾ ਲਏ। ਜਿਹੜਾ ਅੱਜ ਮੈਨੂੰ ਰਲ ਪਏ ਉਹਨੂੰ ਮੈਂ ਆਪਣੀ ਜੋਗ ਦੇ ਛਡਨੀ ਤੇ ਜੇ ਕੋਈ ਵੀ ਨਾ ਰਲੇ ਤਾਂ ਮੈਂ ਸੱਭੇ ਹੀ ਹੱਕ ਕੇ ਲਿਜਾਣੀਆਂ। ਰਾਸ਼ਿਆਂ ਨੂੰ ਦੇ ਕੇ ਚਾਰ ਦਿਨ ਛੈਲ ਸਪਾਟਾ ਹੀ ਕਰਾਂਗੇ।" ਇਹ ਗੱਲ ਕਰਕੇ ਤੇਜੂ ਕੂਕਾਂ ਮਾਰਨ ਲੱਗ ਪਿਆ। ਤੇ ਇਕ ਹਾਲੀ ਨੇ ਆਖਿਆ, "ਹੱਦ ਹੋ ਗਈ ਏ ਭਾਈ। ਤੇਜੂ ਤੇ ਮੈਂ ਜਾਨਣਾ ਛਾਹ ਵੇਲਾ ਈ ਨਹੀਂ ਸੀ ਉਡੀਕਦਾ।"[10]

ਇਹ ਕਹਾਣੀ ਸਿੱਧੀ ਮਨੁੱਖੀ ਮਾਨਸਿਕਤਾ ਅਤੇ ਵਿਹਾਰ ਨਾਲ ਜੁੜੀ ਹੋਈ ਹੈ। ਇਹ ਜੀਵਨ ਵਿਹਾਰ ਕਿਸਾਨੀ ਸਮਾਜ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ।

ਭਾਰਤੀ ਸਮਾਜਚਾਰੇ ਵਿਚ ਭਾਈਚਾਰਕ ਸਾਂਝ ਦਾ ਇਕ ਪ੍ਰਮੁੱਖ ਸੂਤਰ ਜਾਤੀਗਤ ਵਿਵਸਥਾ ਨਾਲ ਜੁੜਿਆ ਹੋਇਆ ਹੈ। ਇਸੇ ਜਾਤੀਗਤ ਪ੍ਰਬੰਧ ਵਿਚ ਪੰਜਾਬੀ ਚਿੰਤਨ ਅਤੇ ਸਿਰਜਣਕਾਰੀ ਵਿਚ ਹਾਸ਼ੀਆਗਤ ਧਿਰ ਵਿਰਕ ਬਾਰੇ ਪ੍ਰਚਾਰਦੀ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਤੇ ਜਾਤੀ ਪ੍ਰਸੰਗ ਨੂੰ ਹਵਾ ਹੀ ਨਹੀਂ ਦਿੰਦਾ ਸਗੋਂ ਉਹਨਾਂ ਦੀ ਪੀੜਾ ਨੂੰ ਵੀ ਕਹਾਣੀ ਦੀ ਮੁੱਖ ਸੁਰ ਬਣਾ ਕੇ ਪੇਸ਼ ਕਰਦਾ ਹੈ। ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਉਸ ਦੀ ਕਹਾਣੀ 'ਸਾਬਣ ਦੀ ਚਿੱਪਰ', 'ਤੂੜੀ ਦੀ ਪੰਡ' ਅਤੇ 'ਕਸ਼ਟ ਨਿਵਾਰਣ' ਦਾ ਹਵਾਲਾ ਦਿੰਦੇ ਹਨ। ਇਹ ਕਹਾਣੀਆਂ ਭਾਈਚਾਰੇ ਦੀਆਂ ਤੰਦਾਂ ਨੂੰ ਫੜਦੀਆਂ ਹਨ। ਮੈਨੂੰ ਇਹਨਾਂ ਕਹਾਣੀਆਂ ਵਿਚੋਂ ਭਾਈਚਾਰਕ ਏਕਤਾ ਦੇ ਟੁੱਟਣ ਦਾ ਅਹਿਸਾਸ ਵਿਖਾਈ ਦਿੰਦਾ ਹੈ। ਵੇਖਿਆ ਜਾਵੇ ਤਾਂ ਇਹਨਾਂ



ਕਹਾਣੀਆਂ ਵਿਚ ਪ੍ਰਗਤੀਵਾਦ ਦੀ ਨਹੀਂ ਪ੍ਰਗਤੀਸ਼ੀਲਤਾ ਦੀ ਝਲਕ ਦਿਖਾਈ ਦਿੰਦੀ ਹੈ। 'ਸਾਬਣ ਦੀ ਚਿੱਪਰ', ਕਹਾਣੀ ਵਿਚ ਤਿੰਨ ਦੋਸਤ ਕਹਾਣੀ ਦੀ ਵਸਤ ਉੱਤੇ ਬਹਿਸ ਕਰਦੇ ਹਨ। ਮੁੱਖ ਪਾਤਰ ਆਪਣੀ ਆਪ ਬੀਤੀ ਸੁਣਾਉਂਦਾ ਹੈ ਕਿ ਕਿਵੇਂ ਉਸ ਦੇ ਘਰ ਕੰਮ ਕਰਨ ਵਾਲੀ ਨੌਕਰ ਕੁੜੀ ਉਸਦੇ ਨੇੜੇ ਹੋ ਕੇ ਸਾਹਮਣੇ ਪਈ ਸਾਬਣ ਦੀ ਚਿੱਪਰ ਲੈਣ ਦੀ ਗੱਲ ਕਰਦੀ ਹੈ। ਵਿਰਕ ਕਹਾਣੀ ਦੇ ਅੰਤ ਵਿੱਚ ਕਹਾਣੀ ਨੂੰ ਮੋੜ ਦਿੰਦਾ ਹੋਇਆ ਆਖਰੀ ਬਿਰਤਾਂਤਕ ਖੰਡ ਵਿੱਚ ਆਪਣਾ ਦ੍ਰਿਸ਼ਟੀਗਤ ਪਾਸਾਰ ਸਪਸ਼ਟ ਕਰਦਾ ਹੈ:

> "ਉਸੇ ਦਿਨ ਤੋਂ ਪਿਛੋਂ ਹਰ ਇਕ ਲਈ ਰੱਜਵੀਂ ਰੋਟੀ ਤੋਂ ਬਿਨਾਂ ਹੋਰ ਕੋਈ ਗੱਲ ਮੇਰੇ ਮਨ ਵਿਚ ਖੁਭਣੀ ਅਸੰਭਵ ਹੋਈ ਹੋਈ ਏ। ਜਦੋਂ ਕੁਝ ਲੋਕਾਂ ਲਈ ਬੁਝਾਂ ਸਰੀਰ ਦੇ ਹੋਰ ਸਾਰੇ ਰਸਤੇ ਤੇ ਸੁਆਲ ਬੰਦ ਕਰ ਦੇਣ ਤਾਂ ਬਾਕੀ ਦੇ ਲੋਕਾਂ ਨੂੰ ਕੁਝ ਚਿਰ ਹੋਰ ਗੱਲਾਂ ਬੰਦ ਕਰ ਦੇਣੀਆਂ ਚਾਹੀਆਂ ਨੇ। ਬੱਸ ਆਪਣੀਆਂ ਲਿਖਤਾਂ ਦੀ ਸਫ਼ਾਈ ਵਿਚ ਮੇਰੇ ਕੋਲ ਹੋਰ ਕੋਈ ਦਲੀਲ ਨਹੀਂ।"[11]

ਇਸ ਤਰ੍ਹਾਂ ਉਹ ਗਰੀਬੀ ਦੀ ਸਤਾਈ ਔਰਤ ਲਈ ਉਸ ਸਮੇਂ ਸਾਬਣ ਦੀ ਚਿੱਪਰ ਇਕ ਪੈਸਿਆਂ ਨਾਲ ਖਰੀਦੀ ਹੋਈ ਦਾਤ ਸੀ ਜਿਹੜੀ ਉਸਦੀ ਆਰਥਿਕਤਾ ਤੋਂ ਅਪਹੁੰਚ ਸੀ। ਵਿਰਕ ਉਸੇ ਸਥਿਤੀ ਦੀ ਗੱਲ ਕਰਦਾ ਹੈ। ਅਗਲੀ ਮਹੱਤਵਪੂਰਨ ਕਹਾਣੀ 'ਤੂੜੀ ਦੀ ਪੰਡ' ਹੈ। ਇਹ ਕਹਾਣੀ ਕਿਸਾਨੀ ਸਮਾਜ ਦੀ ਭਾਈਚਾਰਕ ਸਾਂਝ ਅਤੇ ਉਸਦੇ ਟੁੱਟਣ ਦੇ ਵਰਤਾਰੇ ਨਾਲ ਜੁੜੀ ਹੋਈ ਹੈ। ਵਿਰਕ ਇਸ ਵਰਤਾਰੇ ਬਾਰੇ ਲਿਖਦਾ ਹੈ:

> "ਮੈਂ ਇਕ ਪਿੰਡ ਵਿਚ ਜਨਮਿਆ। ਮੇਰਾ ਪਿਤਾ ਕਿਰਸਾਨ ਸੀ ਜਿਹੜਾ ਆਪਣੀ ਭੋਏਂ ਆਪ ਵਾਹੁੰਦਾ ਸੀ। ਪਿੰਡ ਦੇ ਹੋਰ ਕਿਸਾਨ ਸਾਡੇ ਸੱਕੇ ਸਨ। ਅਸੀਂ ਸਾਰੇ ਇਕੋ ਵਡਿੱਕੇ ਦੀ ਔਲਾਦ ਸਾਂ। ਕੋਲ ਦੇ ਸਾਰੇ ਪਿੰਡਾ ਵਿਚ ਵੀ ਇਸ ਤਰ੍ਹਾਂ ਹੀ ਸੀ। ਇਸ ਤਰ੍ਹਾਂ ਡੇਢ ਕੁ ਸੌ ਪਿੰਡਾਂ ਦੇ ਲੋਕ, ਜਿਨ੍ਹਾਂ ਨੇ ਤਿੰਨ ਸੌ ਮੁਰੱਬਾ ਮੀਲ ਦਾ ਰਕਬਾ ਮੱਲਿਆ ਹੋਇਆ ਸੀ, ਇਕੋ ਵਡਿੱਕੇ (ਵਿਰਕ) ਦੀ ਔਲਾਦ ਅਖਵਾਂਦੇ ਸਨ ਅਤੇ ਇਕ ਦੂਜੇ ਦੇ ਸੱਕੇ ਸਨ। ਪੰਜਾਬ ਦੇ ਬਹੁਤੇ ਕਿਸਾਨ ਜੱਟ ਨਸਲ ਵਿਚੋਂ ਹਨ। ਇਹ ਲੋਕ ਖੇਤੀ ਦਾ ਕੰਮ ਕਰਦੇ ਹਨ ਅਤੇ ਪਿੰਡਾਂ ਵਿਚ ਰਹਿੰਦੇ ਹਨ।"[12]

ਅਵਿਕਸਤ ਖੇਤੀ ਅਧਾਰਿਤ ਇਹ ਏਕਤਾ ਅਰਥਾਤ ਭਾਈਚਾਰਕ ਸਾਂਝ ਇਕ ਮਹੱਤਵ ਰੱਖਦੀ ਸੀ। ਵਿਰਕ ਇਸੇ ਸਥਿਤੀ ਨੂੰ 'ਤੂੜੀ ਦੀ ਪੰਡ' ਕਹਾਣੀ ਦਾ ਅਧਾਰ ਬਣਾਉਂਦਾ ਹੈ। ਜਿਹੜਾ ਭੂਗੋਲਿਕ ਖਿੱਤਾ ਇਸ ਕਹਾਣੀ ਦਾ ਪਿਛੋਕੜ ਹੈ ਉਹ ਚੱਠਾ ਬਰਾਦਰੀ ਦੀ ਬਹੁ-ਗਿਣਤੀ ਨਾਲ ਸੰਬੰਧਤ ਹੈ। ਚੱਠਾ ਭਾਈਚਾਰੇ ਵਿਚ ਇਕ ਸਾਂਝ ਦਾ ਸੂਤਰ ਹੈ। ਇਹ ਸੂਤਰ ਬਹਾਦਰੀ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ।

ਬਹਾਦਰ ਸਿੰਘ ਸੱਚਮੁੱਚ ਹੀ ਬਹਾਦਰ ਆਦਮੀ ਸੀ। ਉਸ ਦੀ ਬਹਾਦਰੀ ਕੇਵਲ

ਡਾਂਗ ਸੋਟੇ ਦੀ ਬਹਾਦਰੀ ਨਹੀਂ, ਉਹ ਆਪਣੀ ਜਾਤ ਬਰਾਦਰੀ ਦੇ ਨਾਮ 'ਤੇ ਅਣਖ ਤੇ ਮਰ ਮਿਟਣ ਵਾਲਾ ਆਦਮੀ ਸੀ। ਚੱਠਾ ਬਰਾਦਰੀ ਦੇ ਉਥੇ ਬਹੁਤ ਸਾਰੇ ਪਿੰਡ ਸਨ। ਬਸ ਇਹ ਬਰਾਦਰੀ ਹੀ ਬਹਾਦਰ ਸਿੰਘ ਦੀ ਜਾਨ ਸੀ। ਇਸ ਬਰਾਦਰੀ ਵਿੱਚ ਕਿਸੇ ਦਾ ਪੁੱਤਰ ਆਪਣਾ ਪੁੱਤਰ ਸੀ, ਕਿਸੇ ਦੀ ਧੀ ਆਪਣੀ ਧੀ ਸੀ ਅਤੇ ਕਿਸੇ ਨੂੰਹ ਆਪਣੀ ਨੂੰਹ ਸੀ। ਜੇ ਇਸ ਬਰਾਦਰੀ 'ਚੋਂ ਕਿਸੇ ਬੰਦੇ ਹੀ ਹੇਠੀ ਹੋ ਜਾਏ ਤਾਂ ਇਸ ਨੂੰ ਬਹਾਦਰ ਸਿੰਘ ਆਪਣੀ ਹੇਠੀ ਸਮਝਦਾ ਤੇ ਕਿਸੇ ਦਾ ਮਾਣ ਉਸਦਾ ਆਪਣਾ ਮਾਣ। ਇਹ ਬਰਾਦਰੀ ਬਸ ਬਹਾਦਰ ਸਿਘ ਦਾ ਇਕ ਵੱਡਾ ਟੱਬਰ ਸੀ, ਜਿਸ ਉੱਤੇ ਉਸਨੇ ਕੁਕੜੀ ਵਾਂਗ ਖੰਭ ਖਿਲਾਰੇ ਹੋਏ ਸਨ।[13]

ਇਹ ਭਾਈਚਾਰਕ ਸਾਂਝ ਇਕ ਇਤਿਹਾਸਕ ਖੰਡ ਦੀ ਹੈ। ਹੌਲੀ-ਹੌਲੀ ਸਥਿਤੀਆਂ ਬਦਲਣ ਨਾਲ ਇਹ ਸਾਂਝ ਤਿੜਕਣ ਲੱਗ ਜਾਂਦੀ ਹੈ। ਇਹੀ ਵਰਤਾਰਾ ਬਹਾਦਰ ਸਿੰਘ ਦੇ ਭਾਈਚਾਰੇ ਨਾਲ ਵਾਪਰਦਾ ਹੈ। ਮਸ਼ੀਨੀ ਯੁਗ ਨੇ ਆਰਥਿਕ ਸਬੰਧਾਂ ਵਿਚ ਤਬਦੀਲੀ ਨੂੰ ਜਨਮ ਦਿੱਤਾ। ਇਸ ਨਾਲ ਭਾਈਚਾਰੇ ਦਾ ਇੱਕ ਹਿੱਸਾ ਪਿੱਛੇ ਰਹਿ ਗਿਆ। ਇਸ ਨਾਲ ਸਾਂਝ ਹੀ ਨਹੀਂ ਤਿੜਕੀ ਸਗੋਂ ਇਸ ਨੇ ਬਰਾਦਰੀਆਂ ਦੀ ਸਾਂਝ ਵਿਚ ਵੀ ਨਵੀਂ ਕਤਾਰਬੰਦੀ ਨੂੰ ਜਨਮ ਦਿੱਤਾ। ਪਹਿਲਾਂ ਚੋਣਾਂ ਵਿਚ ਸਾਰੀ ਬਰਾਦਰੀ ਇਕ ਪਾਸੇ ਚੱਠੇ ਉਮੀਦਵਾਰ ਦੇ ਹੱਕ ਵਿਚ ਭੁਗਤਦੀ ਸੀ, ਹੁਣ ਅਜਿਹਾ ਨਹੀਂ ਹੁੰਦਾ। ਬਹਾਦਰ ਸਿੰਘ ਭਾਈਚਾਰਕ ਸਾਂਝ ਨੂੰ ਮੁੜ ਬੰਨਣ ਦੀ ਕੋਸ਼ਿਸ਼ ਕਰਦਾ ਹੈ ਪਰੰਤੂ ਅਸਫਲ ਰਹਿੰਦਾ ਹੈ।

> "ਹਰ ਪਾਸੇ ਲੋਕ ਉਸ ਦੇ ਹੱਥਾਂ ਵਿਚੋਂ ਤਿਲਕ ਤਿਲਕ ਕੇ ਬਾਹਰ ਜਾ ਰਹੇ ਸਨ। ਕਿਧਰੇ ਚੱਠੇ, ਚੱਠਿਆਂ ਦੇ ਟੱਬਰ ਖਿਲਾਫ਼ ਵੋਟਾਂ ਪਾ ਰਹੇ ਸਨ ਕਿਧਰੇ ਕੋਈ ਚੱਠਾ ਟਾਂਗਾ ਵਾਹੁੰਦਾ ਸੀ ਤੇ ਉਸ ਦੀ ਵਹੁਟੀ ਝੀਊਰਾਂ ਨੂੰ ਰੋਟੀਆਂ ਖੁਆਉਂਦੀ ਸੀ, ਕਿਧਰੇ ਉਸ ਦਾ ਕੋਈ ਮੁੰਡਾ ਖਤਰੀ ਤਸੀਲਦਾਰ ਦੇ ਭਾਂਡੇ ਮਾਂਜਦਾ ਸੀ। ਹਰ ਇਕ ਦਾ ਵੱਖੋ ਵੱਖ ਪਾਸੇ ਮੂੰਹ ਸੀ। ਬਰਾਦਰੀ ਦੀ ਕੁੱਖ ਵਿੱਚੋਂ ਨਿਕਲ ਕੇ ਲੋਕ ਉਪਰੀ ਉਪਰੀ ਥਾਂਈ ਸਾਂਝਾ ਜੋੜ ਰਹੇ ਸਨ ਤੇ ਇਸ ਰਾਖੇ ਮੁੰਡੇ ਵਾਂਗ ਜੋ ਨਹੀਂ ਜੋੜਦੇ ਸਨ, ਇਹਨਾਂ ਉਪਰੀਆਂ ਥਾਵਾਂ ਵਿਚ ਰਚਦੇ ਮਿਚਦੇ ਨਹੀਂ ਸਨ, ਉਹ ਔਖੇ ਰਹਿੰਦੇ।"[14]

ਇਕ ਪ੍ਰਕਾਰ ਇਹ ਕਹਾਣੀ ਜਾਤੀ ਹਉਮੈਂ ਦੀ ਨਹੀਂ ਸਗੋਂ ਉਸ ਪੀੜਾ ਦੀ ਹੈ ਜਿਹੜੀ ਭਾਈਚਾਰੇ ਦੀ ਟੁੱਟ-ਭੱਜ ਵਿਚੋਂ ਉਪਜ ਰਹੀ ਹੈ। ਇਹ ਸਾਰੇ ਭਾਈਚਾਰਿਆਂ ਦੀ ਸਮੱਸਿਆ ਹੈ। ਕਿਤੇ ਇਸ ਵਿੱਚ ਅੱਗੇ ਵਧਿਆ ਜਾ ਰਿਹਾ ਹੈ ਅਤੇ ਜਿਹੜੇ ਇਸ ਸਾਂਝ ਨਾਲ ਭਾਵੁਕਤਾ ਨਾਲ ਜੁੜੇ ਹੋਏ ਹਨ ਉਹਨਾਂ ਲਈ ਇਹ ਸਥਿਤੀ ਮਾਨਸਿਕ ਪੀੜਾ ਦਾ ਬਾਇਸ ਬਣੀ ਹੋਈ ਹੈ। ਵਿਰਕ ਇਸ ਪੀੜਾ ਦਾ ਪ੍ਰਗਟਾਵਾ ਕਰਦਾ ਹੈ। ਇਹ ਸਥਿਤੀ ਅੱਗੇ ਚੱਲ ਕੇ ਕਿਸਾਨੀ ਸਮਾਜ ਦੀ ਇਕਾਈ ਵਿਚੋਂ ਉਸਦੀ ਸਮਾਜਿਕ ਹੋਂਦ ਦੇ ਖੁਰਨ ਦੀਆਂ ਕਨਸੋਆਂ ਦੇ ਰਹੀ ਹੈ। ਵਿਰਕ ਇਸ ਵਰਤਾਰੇ ਨੂੰ 'ਕਸ਼ਟ ਨਿਵਾਰਨ'



ਕਹਾਣੀ ਵਿਚ ਉਠਾਉਂਦਾ ਹੈ। ਇਹ ਕਹਾਣੀ ਕਰਨਾਲ ਤੋਂ ਦਿੱਲੀ ਵਿਖੇ ਜ਼ਮੀਨੀ ਝਗੜੇ ਕਾਰਨ ਸਫ਼ਰ ਕਰਨ ਵਾਲੇ ਕਿਸਾਨ ਨਾਲ ਜੁੜੀ ਹੋਈ ਹੈ। ਬਦਲਦੇ ਸਮਾਜ ਵਿਚ ਕਿਸਾਨ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਹੈ। ਬੱਸ ਕਰਨਾਲ ਤੋਂ ਚੱਲਣ ਸਮੇਂ ਭਰੀ ਹੋਈ ਹੈ। ਨੱਕੋ ਨੱਕ ਭਰੀ ਬੱਸ ਵਿਚ ਇਕ ਸੀਟ ਖਾਲੀ ਹੈ। ਜਦੋਂ ਕਿਸੇ ਸੂਟਿਡ ਬੂਟਿਡ ਬਾਬੂ ਨੂੰ ਉਸ ਖਾਲੀ ਸੀਟ ਤੇ ਬੈਠਣ ਲਈ ਕਿਹਾ ਜਾਂਦਾ ਹੈ ਤਾਂ ਉਹ ਇਨਕਾਰ ਕਰ ਦਿੰਦਾ ਹੈ। ਇਸ ਸੀਟ ਉੱਤੇ ਕਿਸੇ ਨੇ ਉਲਟੀ ਕੀਤੀ ਹੋਈ ਹੈ। ਕੰਡਕਟਰ ਉਸ ਕਿਸਾਨ ਨੂੰ ਆਪਣੀ ਸੀਟ ਤੋਂ ਉਠਾ ਕੇ ਉਲਟੀ ਵਾਲੀ ਸੀਟ ਤੇ ਬਿਠਾ ਦਿੰਦਾ ਹੈ ਅਤੇ ਬਾਬੂ ਉਸ ਦੀ ਸੀਟ ਲੈ ਲੈਂਦਾ ਹੈ। ਕਿਸਾਨ ਚੁੱਪ ਚਾਪ ਇਹ ਜਿਆਦਤੀ ਜ਼ਰ ਲੈਂਦਾ ਹੈ ਕਿਉਂਕਿ ਉਹ ਬੱਸ ਵਿਚ ਮਾੜੀ ਧਿਰ ਹੈ। ਕਿਸਾਨ ਦੇ ਦੁੱਖ ਜਰਨ ਦੀ ਅਥਾਹ ਸਮਰੱਥਾ 'ਧਰਤੀ ਹੇਠਲਾ ਬੌਲਦ' ਕਹਾਣੀ ਵਿਚੋਂ ਉਭਰਦੀ ਹੈ। ਵਿਰਕ ਨੂੰ ਸ਼ਹੀਦ ਹੋਏ ਕਰਮ ਸਿੰਘ ਦਾ ਪਿਉ ਸਮੁੱਚੀ ਧਰਤੀ ਦਾ ਭਾਰ ਆਪਣੇ ਉੱਤੇ ਚੁੱਕੀ ਫਿਰਦਾ ਮਹਿਸੂਸ ਹੁੰਦਾ ਹੈ। ਇਹ ਕਹਾਣੀ ਕਲਾ ਅਤੇ ਵਸਤ ਦੇ ਪੱਖੋਂ ਪੰਜਾਬੀ ਦੀਆਂ ਸ੍ਰੇਸ਼ਟ ਕਹਾਣੀਆਂ ਵਿਚ ਸ਼ੁਮਾਰ ਹੈ। ਮਾਨ ਸਿੰਘ ਫੌਜ ਵਿਚ ਕਰਮ ਸਿੰਘ ਦਾ ਸਹਿਕਰਮੀ ਹੈ। ਉਹ ਆਪਣੇ ਪਿੰਡ ਛੁੱਟੀ ਆਇਆ ਕਰਮ ਸਿੰਘ ਦੇ ਪਰਿਵਾਰ ਨੂੰ ਮਿਲਣ ਜਾਂਦਾ ਹੈ। ਜਦੋਂ ਉਹ ਪਿੰਡ ਪਹੁੰਚਦਾ ਹੈ ਤਾਂ ਕਰਮ ਸਿੰਘ ਦੇ ਪਰਿਵਾਰ ਵਿਚੋਂ ਕੋਈ ਵੀ ਸਿੱਧੇ ਮੂੰਹ ਗੱਲ ਨਹੀਂ ਕਰਦਾ। ਪਰਿਵਾਰ ਦੇ ਰੁੱਖੇ ਵਿਹਾਰ ਦਾ ਕਾਰਨ ਮਾਨ ਸਿੰਘ ਨੂੰ ਸਮਝ ਨਹੀਂ ਆਉਂਦਾ। ਜਦੋਂ ਡਾਕੀਆ ਕਾਗਜ਼ ਲੈ ਕੇ ਆਉਂਦਾ ਹੈ ਤਾਂ ਮਾਨ ਸਿੰਘ ਸਾਹਮਣੇ ਭੇਤ ਖੁਲਦਾ ਹੈ। ਉਹ ਜਦੋਂ ਮਾਨ ਸਿੰਘ ਦੇ ਪਿਉ ਤੋਂ ਪੁੱਛਦਾ ਹੈ ਤਾਂ ਉਹ ਕਹਿੰਦਾ ਹੈ :

> "ਐਵੇਂ ਅਸਾਂ ਆਖਿਆ ਮੁੰਡਾ ਛੁੱਟੀ ਆਇਆ ਹੈ, ਇਹਦੀ ਛੁੱਟੀ ਖਰਾਬ ਨਾ ਹੋਵੇ। ਆਪੇ ਛੁੱਟੀ ਕੱਟ ਕੇ ਪਲਟਣ ਵਿਚ ਜਾਏਗੇ, ਸੁਣ ਲਏਗਾ। ਫੌਜੀ ਨੂੰ ਛੁੱਟੀ ਪਿਆਰੀ ਹੁੰਦੀ ਏ। ਜਿੰਨੀ ਕਰਮ ਸਿੰਘ ਨੂੰ ਪਿਆਰੀ ਸੀ ਉਨੀ ਹੀ ਤੈਨੂੰ ਹੋਊ ਨਾ, ਸਗੋਂ ਬਹੁਤੀ ਹੋਊ। ਬਾਰ ਦੇ ਪਿੰਡਾਂ ਦੇ ਲੋਕ ਤਾਂ ਸਾਉਣ ਦੇ ਜੰਮਪਲ ਹਨ, ਉਹਨਾਂ ਨੂੰ ਤੇ ਥੋੜਾ ਔਖ ਵੀ ਬਹੁਤਾ ਦਿਸਦਾ ਹੋਊ। ਪਰ ਅਸੀਂ ਗੱਲ ਲੁਕਾਣ ਚ ਰਤਾ ਕਾਮਯਾਬ ਨਹੀਂ ਹੋਏ। ਐਵੇਂ ਬੇਸੁਆਦੀ ਹੀ ਕੀਤੀ।"[15]

ਕਿਸਾਨੀ ਦੀ ਜੀਵਨ ਜਾਂਚ ਦਾ ਇਹ ਪੱਖ ਕਹਾਣੀ ਨੂੰ ਸਰੇਸ਼ਟ ਬਣਾਉਂਦਾ ਹੈ। ਕੁਲਵੰਤ ਵਿਰਕ ਦੀਆਂ ਕਹਾਣੀਆਂ ਦਾ ਕਿਸਾਨੀ ਸਮਾਜ ਦੇਸ਼ ਵੰਡ ਨਾਲ ਹੋਂਦ ਸੰਕਟ ਦੇ ਨਵੇਂ ਦੌਰ ਵਿਚ ਸ਼ਾਮਲ ਹੋ ਜਾਂਦਾ ਹੈ। ਇਸ ਵੰਡ ਨੇ ਪੰਜਾਬ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਕਿਸਾਨੀ ਪਿੰਡਾਂ ਵਿਚ ਵਸਣ ਕਰਕੇ ਆਵਾਜਾਈ ਦੇ ਸਾਧਨਾਂ ਤੋਂ ਦੂਰ ਵਿਅਕਤੀਗਤ ਸਾਧਨਾਂ ਕਰਕੇ ਸੰਕਟ ਵੱਲ ਧੱਕੀ ਗਈ। ਉਹ ਆਪਣੀਆਂ ਫਸਲਾਂ, ਡੰਗਰ, ਘਰਬਾਰ ਛੱਡ ਕੇ ਚੜ੍ਹਦੇ ਪੰਜਾਬ ਵੱਲ ਤੁਰ ਪਏ। ਇਸ ਸਥਿਤੀ ਨੇ ਵੱਡੇ ਸੰਕਟ ਖੜੇ ਕਰ ਦਿੱਤੇ। ਕੁਲਵੰਤ ਸਿੰਘ ਵਿਰਕ ਜਦੋਂ ਪੰਜਾਬ ਦੀ ਕਹਾਣੀ

ਸਿਰਜਣਾ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ ਉਹ ਦੇਸ਼ ਵੰਡ ਦੇ ਆਰ-ਪਾਰ ਫੈਲਿਆ ਹੋਇਆ ਹੈ। ਪਾਕਿਸਤਾਨ ਅਤੇ ਭਾਰਤ ਦੀ ਵੰਡ ਨਾਲ ਸਬੰਧਿਤ 'ਖੱਬਲ' 'ਓਪਰੀ ਧਰਤੀ' ਅਤੇ 'ਮੁਰਦੇ ਦੀ ਤਾਕਤ' ਪ੍ਰਮੁੱਖ ਕਹਾਣੀਆਂ ਹਨ। ਇਹ ਕਹਾਣੀਆਂ ਵੰਡ ਦੀ ਪੀੜਾ ਵਿੱਚੋਂ ਉੱਭਰੀਆਂ ਹਨ ਅਤੇ ਮਾਨਵੀ ਹੋਂਦ ਦੀ ਮੁੜ ਉਸਾਰੀ, ਉਜਾੜਾ ਤੇ ਫ਼ਿਰਕੂ ਮਾਹੌਲ ਵਿੱਚ ਫ਼ਿਰਕੇ ਦੇ ਆਧਾਰ ਉੱਤੇ ਵੰਡੀ ਮਾਨਸਿਕਤਾ ਦੇ ਮਸਲੇ ਇਹਨਾਂ ਕਹਾਣੀਆਂ ਦੀ ਪ੍ਰਮੁੱਖ ਵਸਤ ਹਨ। ਇਸ ਸਮੱਸਿਆ ਨਾਲ ਸਬੰਧਿਤ 'ਖੱਬਲ' ਕਹਾਣੀ ਬਹੁਤ ਮਹੱਤਵਪੂਰਨ ਹੈ ਜੋ ਵਿਰਕ ਦੀਆਂ ਸ੍ਰੇਸ਼ਠ ਕਹਾਣੀਆਂ ਵਿੱਚੋਂ ਇੱਕ ਹੈ। 'ਖੱਬਲ' ਕਹਾਣੀ ਅਜਿਹੇ ਮੈਟਾਫ਼ਰ ਉੱਤੇ ਉਸਾਰੀ ਗਈ ਹੈ ਜਿਸ ਵਿੱਚ ਹਰ ਸਥਿਤੀ ਵਿੱਚੋਂ ਉੱਭਰ ਕੇ ਬੰਦੇ ਅੰਦਰ ਮੁੜ ਪੁੰਗਰਨ ਅਤੇ ਵਿਗਸਣ ਦੀ ਖ਼ਾਹਿਸ਼ ਬਾਕੀ ਰਹਿੰਦੀ ਹੈ। ਇਹ ਵਰਤਾਰਾ ਪ੍ਰਕ੍ਰਿਤੀ ਤੋਂ ਲੈ ਕੇ ਵਿਅਕਤੀ ਤੱਕ ਫੈਲਿਆ ਹੁੰਦਾ ਹੈ। ਵਿਰਕ ਇਸ ਕਹਾਣੀ ਨੂੰ ਅਨੁਭਵੀ ਛੂਹ ਦਿੰਦਾ ਹੈ। ਦੇਸ਼ ਵੰਡ ਸਮੇਂ ਫ਼ਿਰਕੂ ਹਨੇਰੀ ਦੇ ਅਸਰ ਹੇਠ ਉੱਜੜੀ ਔਰਤ ਅੰਦਰ ਆਪਣੇ ਘਰ-ਪਰਿਵਾਰ ਨੂੰ ਵਸਾਉਣ ਦੀ ਖਾਹਿਸ਼ ਜ਼ਿੰਦਾ ਰਹਿੰਦੀ ਹੈ। ਦੇਸ਼ ਵੰਡ ਸਮੇਂ ਹੋਈ ਹਿੰਸਾ ਵਿੱਚ ਧਾੜਵੀ ਉਹਨੂੰ ਚੁੱਕ ਲੈਂਦੇ ਹਨ। ਜਦੋਂ ਏਧਰਲੇ ਪੰਜਾਬ ਤੋਂ ਗਿਆ ਲਿਆਜ਼ਨ ਅਫ਼ਸਰ ਇਸ ਕੁੜੀ ਨੂੰ ਲੈਣ ਗਿਆ, ਉਹ ਬਾਹਰ ਇੱਕ ਕੋਠੇ ਵਿੱਚ ਇਕੱਲੀ ਸੀ। ਉਹ ਆਪਣਾ ਧਰਮ, ਇੱਜ਼ਤ ਗੁਆ ਚੁੱਕੀ ਸੀ। ਉਹ ਇਸ ਸਥਿਤੀ ਵਿੱਚ ਵੀ ਮੁੜ ਆਪਣੀ ਹੋਂਦ ਨੂੰ ਬਚਾਉਣਾ ਹੀ ਨਹੀਂ ਸਗੋਂ ਇੱਕ ਨਵਾਂ ਭਾਈਚਾਰਾ ਉਸਾਰਨ ਦੀ ਖਾਹਿਸ਼ ਮਨ ਵਿੱਚ ਪਾਲੀ ਬੈਠੀ ਸੀ। ਉਹ ਹੁਣ ਵਾਪਸ ਚੜ੍ਹਦੇ ਪੰਜਾਬ ਵਾਪਸ ਨਹੀਂ ਜਾਣਾ ਚਾਹੁੰਦੀ ਸੀ। ਉਹ ਲਿਆਜ਼ਨ ਅਫ਼ਸਰ ਨੂੰ ਕਹਿੰਦੀ ਹੈ:

"ਤੂੰ ਮੇਰਾ ਸਿੱਖ ਭਰਾ ਏ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਏਸ ਵੇਲੇ ਏਸ ਦੁਨੀਆਂ 'ਤੇ ਮੇਰਾ ਕੋਈ ਨਹੀਉਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇੱਕ ਨਨਾਣ ਏ ਨਿੱਕੀ। ਰੁੜ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੇ। ਉਸ ਦਿਨ ਹਮਲੇ ਵਿੱਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ ਤੇ ਉਹ ਹੀ ਉਸਨੂੰ ਲੈ ਗਏ ਨੀ। ਤੇਰੀ ਏਸ ਵੇਲੇ ਮੈਨੂੰ ਬੜੀ ਟੌਹਰ ਜਾਪਦੀ ਐ। ਤੂੰ ਉਹਨੂੰ ਇੱਥੇ ਮੇਰੇ ਕੋਲ ਲਿਆਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਹਨਾਂ ਨੂੰ ਤਰਲਾ ਭਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ। ਮਾਂ ਬਰੋਬਰ ਆ। ਉਹ ਮੇਰੇ ਕੋਲ ਆਏਗੀ। ਮੈਂ ਆਪਣੇ ਹੱਥੀਂ ਉਹਨੂੰ ਕਿਸੇ ਦੇ ਲੜ ਲਾਵਾਂਗੀ। ਮੇਰੀ ਸਾਂਝ ਵਧੇਗੀ। ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ।"[16]

ਇਹ ਖਾਹਿਸ਼ ਕਹਾਣੀ ਨੂੰ ਸ੍ਰੇਸ਼ਠ ਬਣਾਉਂਦੀ ਹੈ। 'ਓਪਰੀ ਧਰਤੀ' ਦਾ ਹਜ਼ਾਰਾ ਸਿੰਘ ਆਪਣੇ ਇਲਾਕੇ ਵਿੱਚ ਕਸਬੀ ਚੋਰ ਸੀ। ਚੋਰੀਆਂ ਉਸਦਾ ਸ਼ੌਕ ਸੀ। ਉਹ ਚੋਰ ਹੋਣ ਦੇ ਬਾਵਜੂਦ ਇਲਾਕੇ ਵਿੱਚ ਮੰਨਿਆ-ਪ੍ਰਮੰਨਿਆ ਵਿਅਕਤੀ ਸੀ। ਇਲਾਕੇ ਵਿੱਚ



ਚੋਰੀ ਦੇ ਮਾਮਲੇ ਵਿੱਚ ਜਦੋਂ ਠਾਣੇਦਾਰ ਆਉਂਦਾ, ਲੋਕਾਂ ਨੂੰ ਚੋਰੀ ਦੇ ਸ਼ੱਕ ਵਿੱਚ ਕੁੱਟਦਾ: ਪ੍ਰੰਤੂ ਹਜ਼ਾਰਾ ਸਿੰਘ ਚਿੱਟੇ ਕੱਪੜੇ ਪਾ ਕੇ ਠਾਣੇਦਾਰ ਦੀ ਸੇਵਾ ਵਿੱਚ ਤੁਰਿਆ ਫਿਰਦਾ। ਜਦੋਂ ਦੇਸ਼ ਵੰਡ ਹੋਈ ਹਜ਼ਾਰਾ ਸਿੰਘ ਨੂੰ ਵੀ ਆਪਣਾ ਇਲਾਕਾ ਛੱਡ ਕੇ ਇੱਧਰ ਕਰਨਾਲ ਕੋਲ ਪਿੰਡਾਂ ਵਿੱਚ ਆਉਣਾ ਪਿਆ। ਇੱਥੇ ਆ ਕੇ ਉਸ ਲਈ ਲੋਕ ਅਤੇ ਧਰਤੀ ਓਪਰੀ ਸੀ। ਜਦੋਂ ਉਸਨੂੰ ਕੋਈ ਪੁੱਛਦਾ ਕਿ ਤੈਨੂੰ ਦੇਸ਼ ਵੰਡ ਨਾਲ ਕੀ ਫ਼ਰਕ ਪਿਆ, ਤੇਰੇ ਕੋਲ ਤਾਂ ਕਸਬ ਸੀ। ਤਾਂ ਉਹ ਕਹਿੰਦਾ:

"ਹੱਛਾ! ਤੂੰ ਉਹ ਗੱਲ ਕਰਨਾ ਏਂ, ਨਹੀਂ ਨਹੀਂ। ਉਹ ਕੋਈ ਗੱਲ ਨਹੀਂ। ਏਸ ਧਰਤੀ 'ਤੇ ਤਾਂ ਅਸਲੋਂ ਮੇਰਾ ਪੈਰ ਹੀ ਨਹੀਂ ਉੱਠਦਾ, ਚੋਰੀ ਮੈਂ ਕੀ ਕਰਨੀ ਏ।"[17]

ਦੇਸ਼ ਵੰਡ ਨੇ ਉਹਨਾਂ ਬੰਦਿਆਂ ਦੀ ਸਮਾਜਿਕ ਹੋਂਦ ਉੱਤੇ ਹੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਅਜਿਹੀ ਹੀ ਭਿਆਨਕ ਸਥਿਤੀ ਦਾ ਇੱਕ ਹੋਰ ਪਾਸਾਰ 'ਮੁਰਦੇ ਦੀ ਤਾਕਤ' ਕਹਾਣੀ ਵਿੱਚ ਉੱਭਰਦਾ ਹੈ। ਦੇਸ਼ ਵੰਡ ਸਮੇਂ ਸ਼ਰਣਾਰਥੀਆਂ ਦੇ ਕੈਂਪਾਂ ਦੀ ਰਾਖੀ ਨਵੇਂ ਬਣੇ ਪਾਕਿਸਤਾਨ ਦੀ ਸਾਂਝੀ ਸੁਰੱਖਿਆ ਟੁਕੜੀਆਂ ਕਰਦੀਆਂ ਸਨ। ਲੋਕਾਂ ਦੀ ਢਾਲ ਸੁਰੱਖਿਆ ਟੁਕੜੀਆਂ ਵਿੱਚ ਵੀ ਫ਼ਿਰਕੂ ਵੰਡ ਨਜ਼ਰ ਆਉਂਦੀ ਸੀ। ਇਹ ਕੈਂਪ ਨਹਿਰ ਕਿਨਾਰੇ ਸੀ। ਜਦੋਂ ਨਹਿਰ ਵਿੱਚ ਕੋਈ ਮੁਰਦਾ ਤਰਦਾ ਹੋਇਆ ਆਉਂਦਾ ਤਾਂ ਉਸਦਾ ਧਰਮ ਵੇਖ ਕੇ ਰੱਖਿਆ ਟੁਕੜੀਆਂ ਦਾ ਪ੍ਰਤੀਕਰਮ ਹੁੰਦਾ ਹੈ। ਇਹ ਪ੍ਰਤੀਕਰਮ ਉਸ ਧਿਰ ਲਈ ਗਮੀ ਦਾ ਬਾਇਸ ਬਣਦਾ ਹੈ ਜਿਹੜੀ ਧਿਰ ਦੇ ਮੁਰਦੇ ਦਾ ਧਰਮ ਉਹਨਾਂ ਵਾਲਾ ਹੁੰਦਾ। ਵਿਰਕ ਦੀਆਂ ਕਹਾਣੀਆਂ ਦੇ ਅੰਤ ਵਿੱਚ ਅਜਿਹਾ ਮੋੜ ਆਉਂਦਾ ਹੈ ਜਦੋਂ ਵਾਰਤਾ ਕਹਾਣੀ ਵਿੱਚ ਤਬਦੀਲ ਹੋ ਜਾਂਦੀ ਹੈ।

> "ਹਿੰਦੂ ਸੀ ਵਿਚਾਰਾ।" ਇੱਕ ਛਾਛੀ ਨੇ ਜੇਤੂ ਹਮਦਰਦੀ ਵਿੱਚ ਕਿਹਾ। "ਆਹੋ" ਦੋ ਹੋਰ ਛਾਛੀਆਂ ਨੇ ਸਿਰ ਹਿਲਾ ਕੇ ਤਾਈਦ ਕੀਤੀ। ਕਿਸੇ ਗੜ੍ਹਵਾਲੀ ਨੇ ਇਸ ਗੱਲ ਨੂੰ ਟੋਕਿਆ ਨਾ।
>
> ਛਾਛੀਆਂ ਨੇ ਮੁਰਦੇ ਨੂੰ ਫਿਰ ਪਾਣੀ ਵਿੱਚ ਰੋੜ੍ਹ ਦਿੱਤਾ ਤੇ ਉਹ ਉਸੇ ਤਰ੍ਹਾਂ ਹੀ ਪਾਣੀ ਵਿੱਚ ਤਰਨ ਲੱਗ ਪਿਆ ਜਿਵੇਂ ਉਹ ਕੋਈ ਜਲ ਜੰਤੂ ਹੀ ਹੈ। ਇਸ ਤੋਂ ਛਾਛੀਆਂ ਦਾ ਸਾਰਾ ਸਹਿਮ ਜਾਂਦਾ ਰਿਹਾ। ਉਹਨਾਂ ਦੀਆਂ ਬਾਰਕਾਂ ਦਾ ਵਾਯੂਮੰਡਲ ਵੀ ਬਦਲ ਗਿਆ। ਹੁਣ ਉਹ ਮਾਘੇ ਮਾਰ ਮਾਰ ਕੇ ਕਵਾਲੀਆਂ ਪੜ੍ਹਦੇ ਤੇ ਬੋਲੀਆਂ ਪਾਂਦੇ। ਉਸ ਮੁਰਦੇ ਨੇ ਉਹਨਾਂ ਵਿੱਚ ਬੜੀ ਜਾਨ ਪਾ ਦਿੱਤੀ ਸੀ।"[18]

ਵਿਰਕ ਨੇ ਕੁਝ ਕਹਾਣੀਆਂ ਸ਼ਹਿਰੀ ਜੀਵਨ ਬਾਰੇ ਵੀ ਲਿਖੀਆਂ। ਉਹ ਦੇਸ਼ ਵੰਡ ਤੋਂ ਬਾਅਦ ਦੇਸ਼ ਦੀ ਪੁਨਰ-ਉਸਾਰੀ ਅਤੇ ਇਸ ਵਿੱਚੋਂ ਪੈਦਾ ਹੋ ਰਹੀ ਤਹਿਜ਼ੀਬ ਅਤੇ ਇਸ ਉੱਤੇ ਉਸਰੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਚਿੱਤਰਦਾ ਹੈ। ਨਵੇਂ ਪ੍ਰਬੰਧ ਵਿੱਚ ਮਨੁੱਖ ਦੀ ਸਮਾਜਿਕ ਹੋਂਦ ਦੇ ਨਵੇਂ ਪਾਸਾਰ ਸਾਹਮਣੇ ਆ ਰਹੇ ਸਨ। ਉਸ ਦੀਆਂ ਕਹਾਣੀਆਂ 'ਨਵੇਂ ਲੋਕ', 'ਰਸਭਰੀਆਂ', 'ਪਲਟਾ', 'ਅਲੀ ਬਾਬਾ

ਤੇ ਕਾਸਮ’ ਅਤੇ ‘ਘੁੰਡ’ ਵਰਗੀਆਂ ਕਹਾਣੀਆਂ ਨਵੇਂ ਦੌਰ ਦੀ ਬਾਤ ਪਾਉਂਦੀਆਂ ਹਨ। ਸਿਰਜਣਕਾਰੀ ਵਿੱਚ ਇਹ ਔਖਾ ਕਾਰਜ ਹੈ, ਪ੍ਰੰਤੂ ਵਿਰਕ ਨੇ ਇਹ ਕਰ ਵਿਖਾਇਆ ਹੈ।

ਕੁਲਵੰਤ ਸਿੰਘ ਵਿਰਕ ਲੱਗਭੱਗ ਚਾਰ ਦਹਾਕੇ ਆਧੁਨਿਕ ਪੰਜਾਬੀ ਕਹਾਣੀ ਦੀ ਸਿਰਜਣਕਾਰੀ ਵਿੱਚ ਲੱਗਿਆ ਰਿਹਾ। ਉਸ ਨੇ ਕੁੱਲ 106 ਕਹਾਣੀਆਂ ਲਿਖੀਆਂ। ਸਿਰਜਣਕਾਰੀ ਦੇ ਇਸ ਸਮੇਂ ਦੌਰਾਨ ’ਚਾਚਾ’ ਕਹਾਣੀ ਤੋਂ ਲੈ ਕੇ ’ਪੂਰਨ ਭਗਤ’ ਤੱਕ ਕਲਾਤਮਕ ਮਿਆਰ ਕਾਇਮ ਰੱਖਿਆ ਹੈ। ਉਸ ਦੀਆਂ ਕਹਾਣੀਆਂ ਦੀ ਵਸਤ ਉਸ ਦੇ ਅਨੁਭਵ ਨਾਲ ਨਿਰੰਤਰ ਗਤੀਸ਼ੀਲ ਰਹੀ ਹੈ। ਸੰਜਮੀ ਸ਼ੈਲੀ, ਸਹਿਜਤਾ ਅਤੇ ਅੰਤਿਮ ਸਤਰਾਂ ਵਿੱਚ ਕਹਾਣੀ ਨੂੰ ਇੱਕ ਮੋੜਾ ਦੇਣਾ ਉਸ ਦੀ ਕਹਾਣੀ ਕਲਾ ਦੇ ਮੀਰੀ ਗੁਣ ਰਹੇ ਹਨ। ਇਸੇ ਲਈ ਉਸ ਦੇ ਤੁਰ ਜਾਣ ਤੋਂ ਕਈ ਦਹਾਕੇ ਬਾਅਦ ਉਸਦੀ ਗੱਲ ਤੁਰ ਰਹੀ ਹੈ। ਉਹ ਹੁਣ ਤੱਕ ਭਾਰੂ ਰੂਪ ਵਿੱਚ ਪੰਜਾਬੀ ਕਹਾਣੀ ਦਾ ਪ੍ਰਮਾਣਿਕ ਕਥਾਕਾਰ ਬਣਿਆ ਹੋਇਆ ਹੈ।

**ਹਵਾਲੇ ਤੇ ਟਿੱਪਣੀਆਂ**


1. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਕਹਾਣੀ, ਪੰਨਾ 46
2. ਉਹੀ, ਪੰਨਾ 45
3. ਟੀ. ਆਰ. ਵਿਨੋਦ, ਪੰਜਾਬੀ ਕਹਾਣੀ ਅਧਿਐਨ, ਪੰਨਾ 83
4. ਗੁਰਦੇਵ ਸਿੰਘ ਚੰਦੀ (ਸੰਪਾ.), ਕੁਲਵੰਤ ਸਿੰਘ ਵਿਰਕ ਦਾ ਬਿਰਤਾਂਤ ਸ਼ਾਸਤਰ, ਪੰਨਾ 34
5. ਕੁਲਵੰਤ ਸਿੰਘ ਵਿਰਕ, ਮੇਰੀਆਂ ਸਾਰੀਆਂ ਕਹਾਣੀਆਂ, ਪੰਨਾ 538
6. ਉਹੀ, ਪੰਨਾ 527
7. ਉਹੀ, ਪੰਨਾ 19
8. ਉਹੀ, ਪੰਨਾ 20
9. ਉਹੀ, ਪੰਨਾ 27
10. ਉਹੀ, ਪੰਨਾ 30
11. ਉਹੀ, ਪੰਨਾ 330
12. ਉਹੀ, ਪੰਨਾ 526
13. ਉਹੀ, ਪੰਨਾ 145
14. ਉਹੀ, ਪੰਨਾ 150
15. ਉਹੀ, ਪੰਨਾ 234
16. ਉਹੀ, ਪੰਨਾ 113
17. ਉਹੀ, ਪੰਨਾ 103
18. ਉਹੀ, ਪੰਨਾ 131




## ‘ਸਵੈ’ ਅਤੇ ‘ਪਰ’: ਪੇਸ਼ਕਾਰੀ ਅਤੇ ਘਾੜਤ

### (ਗੁਰਬਚਨ ਰਚਿਤ ‘ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ’ ਦੇ ਸੰਦਰਭ ਵਿਚ)

**-ਡਾ. ਹਰਪ੍ਰੀਤ ਕੌਰ**

‘ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ’ ਗੁਰਬਚਨ ਰਚਿਤ ਗਲਪੀ ਬਿਰਤਾਂਤ ਹੈ। ਇਸ ਵਿਚ ਲੇਖਕ ਨੇ ਪੱਛਮੀ ਦੇਸ਼ਾਂ ਦੀ ਯਾਤਰਾ ਦੌਰਾਨ ਹਾਸਿਲ ਅਨੁਭਵਾਂ ਦੇ ਅਧਾਰ ਉੱਤੇ ਬਿਰਤਾਂਤ ਸਿਰਜਿਆ ਹੈ। ਇਸ ਲਿਹਾਜ ਨਾਲ ਇਹ ਪਾਠ ਯਾਤਰਾ ਲੇਖਣ ਦੇ ਦਾਇਰੇ ਵਿਚ ਆ ਜਾਂਦਾ ਹੈ ਪਰ ਲੇਖਕ ਇਸ ਨੂੰ ਸਫ਼ਰਨਾਮਾ ਕਹਿਣਾ ਪਸੰਦ ਨਹੀਂ ਕਰਦਾ।[1] ਪ੍ਰੇਮ ਪ੍ਰਕਾਸ਼ ਨੇ ਇਸ ਨੂੰ ਨਵਾਂ ਗਲਪ ਆਖਿਆ ਹੈ।[2] ਇਸ ਲਈ ਇਸ ਰਚਨਾ ਨੂੰ ਵਿਚਾਰਨ ਸਮੇਂ ਇਸ ਨੂੰ ਰੂਪਾਕਾਰਕ ਪੱਖੋਂ ਵਿਚਾਰਨਾ ਵੀ ਜ਼ਰੂਰੀ ਹੈ। ਰੂਪਾਕਾਰਕ ਪੱਖੋਂ ਇਹ ਵਾਰਤਕ ਲਿਖਤ ਵੱਖਰੀ ਤਰ੍ਹਾਂ ਦਾ ਯਾਤਰਾ ਬਿਰਤਾਂਤ ਹੈ ਕਿਉਂਕਿ ਇਹ ਤੱਥ ਦਾ ਦਾਅਵਾ ਕਰਨ ਦੀ ਥਾਂ ਗਲਪ ’ਤੇ ਆਸ਼ਰਿਤ ਹੈ। ਇਸ ਵਿਚ ਗਲਪੀ ਪਾਤਰਾਂ ਰਾਹੀਂ ਪਰਵਾਸੀ ਜੀਵਨ ਬਾਰੇ ਬਿਰਤਾਂਤ ਸਿਰਜਿਆ ਗਿਆ ਹੈ। ਇਹਨਾਂ ਵਿਸ਼ੇਸ਼ਤਾਵਾਂ ਦੇ ਆਧਾਰ ’ਤੇ ਇਸ ਨੂੰ ਨਿਬੰਧ ਦੀ ਇੱਕ ਵੰਨਗੀ ਬਿਰਤਾਂਤਕ ਨਿਬੰਧ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ, ਜਿਸ ਬਾਰੇ ਵਰਿਆਮ ਸੰਧੂ ਦਾ ਕਹਿਣਾ ਹੈ ਕਿ “ਬਿਰਤਾਂਤਕ ਨਿਬੰਧ ਇੱਕ ਹੋਰ ਨਿਬੰਧ—ਵੰਨਗੀ ਹੈ ਜਿਸ ਵਿਚ ਕਾਲ ਦੇ ਵਹਿਣ ਵਿਚ ਵਿਅਕਤੀ ਦੇ ਜੀਵਨ, ਉਸ ਨਾਲ ਸੰਬੰਧਤ ਗਤੀਸ਼ੀਲ ਤੱਥਾਂ ਦਾ ਵਰਨਣ ਅਤੇ ਬਿਰਤਾਂਤ ਹੁੰਦਾ ਹੈ। ਤੱਥਾਂ ਨੂੰ ‘ਮੰਨਣ—ਯੋਗਤਾ’ ਦੇ ਦਾਇਰੇ ਵਿਚ ਰੱਖਦਾ ਹੋਇਆ ਲੇਖਕ ਕਲਪਨਾ ਦਾ ਸਹਾਰਾ ਲੈ ਕੇ ਬਿਰਤਾਂਤ ਉਸਾਰਦਾ ਹੈ।”[3] ਇਸ ਰਚਨਾ ਵਿਚ ਸ਼ਾਮਿਲ ਨਿਬੰਧ ਵੀ ਬਿਰਤਾਂਤਕ ਹਨ ਜਿਹਨਾਂ ਵਿਚ ਲੇਖਕ ਗਲਪ ਨੂੰ ਟੇਕ ਬਣਾਉਂਦਾ ਹੈ। ਗਲਪੀ ਬਿਰਤਾਂਤ ਹੋਣ ਕਰਕੇ ਇਹ ਰਚਨਾ ਤੱਥਾਤਮਕ ਜਾਣਕਾਰੀ ਦੇਣ ਵੱਲ ਰੁਚਿਤ ਨਹੀਂ। ਇਸ ਵਿਚ ਗਾਲਪਨਿਕ ਪਾਤਰਾਂ ਰਾਹੀਂ ਸਵੈ ਦੇ ਨੁਕਤੇ ਤੋਂ ਦੂਜੀਆਂ ਧਿਰਾਂ ਦੀ ਪਛਾਣ ਘੜੀ ਅਤੇ ਪੇਸ਼ ਕੀਤੀ ਗਈ ਹੈ। ਅਸੀਂ ਇਹ ਮਾਨਤਾ ਲੈ ਕੇ ਤੁਰੇ ਹਾਂ ਕਿ ਬਿਰਤਾਂਤ ਸਿਰਫ ਸੱਚ ਨੂੰ ਬਿਆਨ ਨਹੀਂ ਕਰਦਾ ਸਗੋਂ ਕਿਸੇ ਨੁਕਤੇ ਤੋਂ ਯਥਾਰਥ ਦੀ ਘਾੜਤ ਵੀ ਕਰਦਾ ਹੈ।

‘ਸਵੈ’ ਅਤੇ ‘ਪਰ’ ਦੀ ਘਾੜਤ ਦੁਵੱਲੀ ਪ੍ਰਕਿਰਿਆ ਹੈ। ਇਸ ਲਈ ‘ਸਵੈ’ ਅਤੇ ‘ਪਰ’ ਨੂੰ ਇਕ ਸਿੱਕੇ ਦੇ ਦੋ ਪਾਸੇ ਵੀ ਕਿਹਾ ਗਿਆ ਹੈ। ਇਸ ਦੇ ਬਾਵਜੂਦ ‘ਸਵੈ’ ਅਤੇ ‘ਪਰ’ ਦੀ ਘਾੜਤ ਦੇ ਤਕਾਜ਼ੇ ਵੱਖ—ਵੱਖ ਹੁੰਦੇ ਹਨ ਕਿਉਂਕਿ ਇਸ ਘਾੜਤ ਵਿਚ ਸ਼ਕਤੀ ਸਬੰਧ ਅਸਰ—ਅੰਦਾਜ਼ ਹੁੰਦੇ ਵੇਖੇ ਜਾ ਸਕਦੇ ਹਨ। ਮਿਸਾਲ ਵਜੋਂ ਪੰਜਾਬ ਵਿਚ ਆ ਕੇ ਵਸਣ ਵਾਲੇ ਬਿਹਾਰੀ ਮਜ਼ਦੂਰਾਂ ਦੀ ਪਛਾਣ ਦੀ ਘਾੜਤ ਵਿਚੋਂ ਪੱਖਪਾਤ ਨੂੰ ਵੇਖਿਆ ਜਾ ਸਕਦਾ ਹੈ। ਸਿਮੋਨ ਅਤੇ ਫ਼ੈਨਨ ਔਰਤਾਂ ਅਤੇ ਕਾਲੇ ਲੋਕਾਂ ਬਾਰੇ ਪਛਾਣ ਦੀ ਇਸ ਪੱਖਪਾਤੀ ਘਾੜਤ ਬਾਬਤ ਵਿਚਾਰ ਦਿੰਦੇ ਹਨ।[4] ਇਸ ਲਈ ‘ਸਵੈ’ ਅਤੇ

'ਪਰ' ਵਿਚ ਦਰਸਾਈ ਭਿੰਨਤਾ ਅਸਲ ਹੋਵੇ, ਇਹ ਜ਼ਰੂਰੀ ਨਹੀਂ। ਇਹ ਭਿੰਨਤਾ ਹੋ ਵੀ ਸਕਦੀ ਹੈ, ਨਹੀਂ ਵੀ ਹੋ ਸਕਦੀ। ਇਸ ਲਈ ਪਛਾਣ ਦੀ ਪੇਸ਼ਕਾਰੀ ਦੇ ਨਾਲ ਘਾੜਤ ਦੇ ਤਕਾਜ਼ੇ ਵੀ ਵੇਖਣੇ ਜ਼ਰੂਰੀ ਹਨ। ਜਦੋਂ ਇੱਕ ਧਿਰ ਕਿਸੇ ਦੂਜੀ ਧਿਰ ਨੂੰ ਆਪਣੇ ਮੁਕਾਬਲਤਨ ਨੀਵਾਂ/ਊਣਾ/ਕਮਜ਼ੋਰ/ਅਸਭਿਅਕ ਵਿਖਾਉਂਦੀ ਹੈ ਤਾਂ ਇਸ ਰੂਪ ਵਿਚ ਵੀ 'ਪਰ' ਦੀ ਪਛਾਣ ਘੜੀ ਜਾਂਦੀ ਹੈ। ਪੱਛਮ ਨੇ ਪੂਰਬ ਦੀ ਪਛਾਣ ਇਸ ਰੂਪ ਵਿਚ ਘੜੀ ਸੀ। ਜਿਸ ਨੂੰ ਬਾਅਦ ਵਿਚ ਚਿੰਤਕਾਂ ਨੇ ਵੰਗਾਰਿਆ ਵੀ।

ਹਥਲੇ ਪਾਠ ਵਿਚ ਪਰਵਾਸੀ ਪੰਜਾਬੀ 'ਪਰ' ਵਜੋਂ ਉਭਰਦੇ ਹਨ। ਇੱਕ ਪਾਸੇ, ਮੂਲਵਾਸ ਦੀ ਸਾਂਝ ਹੋਣ ਕਰਕੇ ਉਹ ਬਿਰਤਾਂਤਕਾਰ ਦੇ ਸਵੈ ਦਾ ਹਿੱਸਾ ਵੀ ਹਨ ਪਰ ਇਸ ਦੇ ਬਾਵਜੂਦ ਪਰਵਾਸੀ ਹੋਣ ਕਰਕੇ ਉਸ ਤੋਂ ਵੱਖ ਵੀ ਹਨ। ਦੂਜੇ ਪਾਸੇ, ਪਰਵਾਸੀ ਪੰਜਾਬੀ ਉਸ ਦੇਸ ਦੇ ਵਾਸੀਆਂ ਤੋਂ ਵੀ ਊਣੇ ਹਨ ਜਿਸ ਵਿਚ ਉਹਨਾਂ ਨੇ ਸ਼ਰਨ ਲਈ ਹੈ। ਇਸ ਲਈ ਉਹਨਾਂ ਦੀ ਪਛਾਣ ਦੀ ਘਾੜਤ ਸਮੇਂ ਦੂਹਰੇ ਦਬਾਅ ਵੇਖੇ ਜਾ ਸਕਦੇ ਹਨ। ਮੂਲਵਾਸ ਅਤੇ ਪਰਵਾਸ ਉਹਨਾਂ ਨੂੰ ਵੱਖੋ—ਵੱਖ ਕਸੌਟੀਆਂ ਮੁਤਾਬਕ ਪਰਖਦੇ ਤੇ ਭੰਨਦੇ—ਘੜਦੇ ਹਨ। ਸਮੁੱਚੇ ਤੌਰ 'ਤੇ ਇਸ ਪਾਠ ਦੇ ਕੇਂਦਰ ਵਿਚ ਪਰਵਾਸੀ ਪੰਜਾਬੀ ਹਨ ਪਰ ਇਹਨਾਂ ਦੀ ਪੇਸ਼ਕਾਰੀ ਦੌਰਾਨ ਪੱਛਮੀ ਸਮਾਜ, ਪੱਛਮੀ ਔਰਤ ਅਤੇ ਅਫ਼ਰੀਕੀ ਲੋਕ ਆਦਿ ਧਿਰਾਂ ਦੀ ਪਛਾਣ ਵੀ ਉਭਰਦੀ ਹੈ।

ਪੰਜਾਬ ਅੱਜ ਜਿਸ ਕਿਸਮ ਦੇ ਦਬਾਅ ਵਿਚੋਂ ਲੰਘ ਰਿਹਾ ਹੈ, ਉਸ ਵੇਲੇ ਗੁਰਬਚਨ ਦੀ ਇਹ ਲਿਖਤ ਕਈ ਨੁਕਤਿਆਂ ਤੋਂ ਮਹੱਤਵਪੂਰਣ ਹੈ। ਇਹ ਉਹ ਵੇਲਾ ਹੈ ਜਦੋਂ ਪੰਜਾਬ ਦੀਆਂ ਯੂਨੀਵਰਸਿਟੀਆਂ IELTS ਸੈਂਟਰ ਖੋਲ੍ਹਣ ਵੱਲ ਤੁਰੀਆਂ ਹੋਈਆਂ ਹਨ। ਇਸ ਤੋਂ ਪੰਜਾਬੀ ਮਨ ਵਿਚ ਪਰਵਾਸ ਦੀ ਜੋ ਸੰਕਲਪਨਾ ਵਸੀ ਹੋਈ ਹੈ ਜਾਂ ਵਸਾਈ ਜਾ ਰਹੀ ਹੈ, ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿੰਦਾ। ਪਰਵਾਸ ਦਾ ਇਹ ਰੂਪ ਹਰ ਮਰਜ਼ ਦੀ ਦਵਾ ਪਰਵਾਸ ਵਿਚੋਂ ਭਾਲਦਾ ਜਾਪਦਾ ਹੈ। ਦੂਜੇ ਪਾਸੇ, ਪਰਵਾਸ ਉਪਰੰਤ ਉਭਰਦੇ ਸੰਕਟਾਂ ਨੂੰ ਵਿਚਾਰਨ ਦਾ ਮਸਲਾ ਦਰਪੇਸ਼ ਹੈ। ਹਥਲੀ ਲਿਖਤ ਪਰਵਾਸ ਦੇ ਦੂਜੇ ਪੱਖ ਨੂੰ ਵਿਚਾਰਦੀ ਹੈ, ਜਿਸ ਵਿਚ ਦੂਜੇ ਸਮਾਜ ਦੀਆਂ ਸਮਾਜਕ—ਸਭਿਆਚਾਰਕ ਬਣਤਰਾਂ ਦੀ ਹੈਜਮਨੀ ਅਧੀਨ ਬੇਗ਼ਾਨਗੀ ਤੇ ਮਾਨਸਿਕ ਟੁੱਟ—ਭੱਜ ਸਹਿਣ ਕਰਦੇ ਲੋਕਾਂ ਦੇ ਸੰਕਟਾਂ ਦਾ ਜ਼ਿਕਰ ਹੈ। ਲੇਖਕ ਦਾ ਸਵੈ—ਇਕਬਾਲ ਹੈ ਕਿ ਇਹ ਗਲਪ ਲੜੀ ਚੂਲੋਂ ਉਖੜੇ ਵਿਅਕਤੀਆਂ ਬਾਰੇ ਹੈ। ਇਹਨਾਂ ਦੇ ਉਖੜਨ ਦੇ ਕਾਰਨਾਂ ਦੀ ਖੋਜ ਵਿਚੋਂ ਹੀ ਇਸ ਦੀ ਸਿਰਜਣਾ ਹੋਈ ਹੈ। ਲੇਖਕ ਚਾਰ ਵਾਰ ਵਿਦੇਸ਼ ਜਾਣ ਦਾ ਦਾਅਵਾ ਕਰਦਾ ਹੈ। ਇਸ ਦੌਰਾਨ ਹਾਸਲ ਹੋਏ ਅਨੁਭਵਾਂ ਨੂੰ ਹੀ ਉਸ ਨੇ ਬਿਰਤਾਂਤ ਰਾਹੀਂ ਪੁਨਰ—ਸਿਰਜਤ ਕੀਤਾ ਹੈ। ਲੇਖਕ ਦੇ ਮੂਲ ਸਵਾਲ ਨਿਮਨ ਲਿਖਤ ਅਨੁਸਾਰ ਹਨ:

(ੳ) ਉਹ ਕਿਹੜਾ ਸੁਰਖ਼ਾਬ ਹੈ ਜਿਸ ਦੀ ਤਲਾਸ਼ 'ਚ ਆਪਣੇ ਮੁੰਡੇ ਜਾਨ ਤਲੀ ਤੇ ਰੱਖ ਕੇ ਬਦੇਸ਼ਾਂ 'ਚ ਜਾਣ ਲਈ ਤਿਆਰ ਹਨ?



(ਅ) ਪੱਛਮ ਦੀ ਆਰਥਿਕ ਗਤੀ 'ਚ ਖੁੱਭ ਕੇ ਉਹ ਕੀ ਬਣ ਜਾਂਦੇ ਹਨ?

(ੲ) ਕਿੰਨੇ ਸਬੂਤੇ ਰਹਿੰਦੇ ਹਨ ਤੇ ਕਿੰਨਾ ਟੁੱਟਦੇ ਹਨ?

(ਸ) ਇਸ ਸਥਿਤੀ ਲਈ ਕੌਣ ਜ਼ਿੰਮੇਵਾਰ ਹੈ?[5]

ਇਹਨਾਂ ਸਵਾਲਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕ ਦਾ ਮੂਲ ਸਰੋਕਾਰ ਜੀਣ (Survival) ਦੀ ਥਾਂ ਥੀਣ (Existence) ਦਾ ਮਸਲਾ ਹੈ। ਇਸ ਲਈ ਆਰਥਿਕ ਸਮਰੱਥਾ ਨੂੰ ਪ੍ਰਾਪਤੀ ਨਹੀਂ ਮੰਨਿਆ ਗਿਆ। ਇਹ ਜ਼ਿਕਰਯੋਗ ਹੈ ਕਿ ਇਸ ਪਾਠ ਵਿਚ ਪਰਵਾਸ ਦੇ ਜਿਸ ਪੜਾਅ ਦੀ ਗੱਲ ਕੀਤੀ ਗਈ ਹੈ ਉਸ ਨੂੰ ਸਮਕਾਲੀ ਦੌਰ ਦੇ ਪਰਵਾਸ ਦਾ ਪੂਰਵਲਾ ਪੜਾਅ ਆਖਿਆ ਜਾ ਸਕਦਾ ਹੈ, ਜਿਸ ਵਿਚ ਮੁੱਖ ਰੂਪ ਵਿਚ ਪਰਵਾਸ ਲਈ ਗ਼ੈਰ—ਕਾਨੂੰਨੀ ਤਰੀਕੇ ਅਪਣਾਏ ਜਾਂਦੇ ਰਹੇ ਜਿਹਨਾਂ ਵਿਚੋਂ ਜਾਅਲੀ ਵਿਆਹ ਕਰਵਾਕੇ ਪੱਕੇ ਵਾਸੀ ਹੋਣਾ ਮੁੱਖ ਹੈ। ਪਰਵਾਸ ਦਾ ਇਹ ਉਹ ਦੌਰ ਹੈ ਜਦੋਂ ਮੁੱਖ ਰੂਪ ਵਿਚ ਗ਼ੈਰ—ਹੁਨਰਮੰਦ ਕਾਮੇ ਪਰਵਾਸ ਕਰਕੇ ਗਏ। ਇਸ ਦੌਰ ਦੇ ਪਰਵਾਸੀ ਵਰ੍ਹਿਆਂ ਬਾਅਦ ਘਰ ਪਰਤਦੇ ਸੀ। ਜਿਵੇਂ ਕਿ 'ਨਿਊਯਾਰਕ 'ਚ ਪਾਲ ਸਿੰਘ' ਨਾਮੀ ਨਿਬੰਧ ਵਿਚ। 1991 ਵਿਚ ਪਾਲ ਸਿੰਘ ਜਾਅਲੀ ਬੰਦੇ ਦੀ ਹੈਸੀਅਤ ਵਿਚ ਪਰਵਾਸ ਕਰਦਾ ਹੈ।[6] ਇਸ ਲਈ ਇਹਨਾਂ ਪਰਵਾਸੀਆਂ ਦੀਆਂ ਸਮੱਸਿਆਵਾਂ ਹੁਣ ਦੇ ਸਮਿਆਂ ਵਿਚ ਪਰਵਾਸ ਕਰਨ ਵਾਲੇ ਪਰਵਾਸੀਆਂ ਤੋਂ ਕੁੱਝ ਹੱਦ ਤੱਕ ਭਿੰਨ ਹਨ।

ਪੱਛਮ ਬਾਰੇ ਜੋ ਪ੍ਰਵਚਨਕਾਰੀ ਪ੍ਰਚਲਿਤ ਹੈ ਉਸ ਅਨੁਸਾਰ ਪੱਛਮ ਨਿਹਮਤਾਂ ਵਾਲਾ ਨਿਆਂਕਾਰੀ ਸਮਾਜਕ—ਸਿਆਸੀ ਢਾਂਚਾ ਹੈ। ਗੁਰਬਚਨ ਪੱਛਮ ਦੇ ਇਸ ਬਿੰਬ ਨੂੰ ਤੋੜਦਾ ਹੈ। ਜਿਸ ਨਾਲ ਪੱਛਮ ਦੀ ਪ੍ਰਬੰਧਕੀ ਨਿਆਂਕਾਰੀ ਬਾਰੇ ਪ੍ਰਚਲਿਤ ਪ੍ਰਵਾਨਿਤ ਪ੍ਰਵਚਨ ਧੁੰਦਲਾ ਹੋ ਜਾਂਦਾ ਹੈ ਅਤੇ ਇਸ ਦੀ ਤਹਿ ਥੱਲੇ ਕਾਰਜਸ਼ੀਲ ਕਾਰਪੋਰੇਟ ਤੰਤਰ ਦੀ ਸਿਆਸਤ ਉਭਰਦੀ ਹੈ ਜੋ ਸਿਰਫ਼ ਆਰਥਿਕ ਤਰੱਕੀ ਨੂੰ ਹੀ ਵਿਕਾਸ ਦਾ ਏਜੰਡਾ ਬਣਾ ਕੇ ਪ੍ਰਚਾਰਦੀ/ਪ੍ਰਸਾਰਦੀ ਹੈ। ਉਸ ਦੇ ਬਿਰਤਾਂਤ ਵਿਚ ਇਹ ਅਤਿ ਵਿਕਸਤ ਸੰਸਾਰ ਮਸ਼ੀਨ ਦੀ ਗਤੀ ਨਾਲ ਆਤੰਕਿਤ ਸਮਾਜ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਜੋ ਬੰਦੇ ਨੂੰ ਉਸ ਦੀ ਬੰਦਿਆਈ ਤੋਂ ਤੋੜ ਕੇ ਮਸ਼ੀਨੀਕ੍ਰਿਤ ਆਪੇ ਵਿਚ ਬਦਲ ਰਿਹਾ ਹੈ। ਇਸ ਵਿਚ ਕਾਰਪੋਰੇਟ ਏਜੰਡੇ ਅਧੀਨ ਵਿਕਸਤ ਹੋਈ ਦਿਓ ਕੱਦ ਮੰਡੀ ਵਿਚ ਬੰਦੇ ਦੇ ਖੀਣ ਅਤੇ ਬੇਮਤਲਬ ਹੋ ਜਾਣ ਦੀ ਬਾਤ ਉਭਰਦੀ ਹੈ। ਇਸ ਆਰਥਿਕ ਗੇੜ ਵਿਚ ਬੰਦਾ ਸਿਰਫ਼ ਭੋਗਣਹਾਰ/ਖਰੀਦਦਾਰ[7] ਬਣਕੇ ਰਹਿ ਗਿਆ ਹੈ। ਉਸ ਦੀ ਜ਼ਿੰਦਗ਼ੀ ਦਾ ਮਨੋਰਥ ਇਹੀ ਗੇੜ ਹੈ। ਇਸ ਦੀ ਬੇਰੋਕ ਰਫ਼ਤਾਰ ਨੂੰ ਉਹ ਅਚੇਤ ਰੂਪ ਵਿਚ ਭਾਰਤੀ ਪੰਜਾਬ ਦੇ ਹਵਾਲੇ ਨਾਲ ਤੁਲਨਾਉਂਦਾ ਹੋਇਆ ਅਮਰੀਕਨ ਗਤੀ ਨੂੰ ਰੱਦ ਕਰਦਾ ਹੈ। ਜਿਵੇਂ 'ਅਸੀਂ ਲੜਾਂਗੇ ਸਾਥੀ' ਨਿਬੰਧ ਵਿਚ ਮੋਗੇ ਤੋਂ ਨਿੱਕੇ ਭਰਾ ਕੋਲ ਗਏ ਬੰਦੇ (ਜੋ ਕੈਲੇਫੋਰਨੀਆ ਰਹਿਣ ਤੋਂ ਆਕੀ ਹੈ) ਦੇ ਬਿਰਤਾਂਤ ਰਾਹੀਂ ਇਹ ਵੇਖਿਆ ਜਾ ਸਕਦਾ ਹੈ। ਉਸ ਦੇ ਬੋਲ ਹਨ, "ਬੰਦਾ ਤਾਂ ਕੋਈ ਦੀਹਦਾ ਈ ਨਹੀਂ ਗੱਲ ਕਰਨ ਨੂੰ, ਕਾਰਾਂ ਹੀ ਦੌੜੀ ਜਾਂਦੀਆਂ, ਜਾਂ ਦਿਸਦੀਆਂ ਸੜਕਾਂ। ਮੈਂ ਏਥੇ ਆ ਕੇ ਕੀ ਕਰਨਾ?"[8] ਪਰ ਇਸ

ਦਾ ਭਾਵ ਇਹ ਵੀ ਨਹੀਂ ਕਿ ਇਸ ਰਾਹੀਂ ਪੰਜਾਬ ਨੂੰ ਰਹਿਣਯੋਗ ਮੰਨਿਆ ਗਿਆ ਹੋਵੇ। ਇਸ ਦੀ ਥਾਂ "ਇੰਡੀਆ 'ਚ ਗ਼ਰੀਬੀ ਦੀ ਦਹਿਸ਼ਤ"[9] ਵੀ ਬਿਰਤਾਂਤ ਵਿਚ ਦਰਜ ਹੈ।

ਆਜ਼ਾਦੀ ਦਾ ਸਵਾਲ ਬੰਦੇ ਦੇ ਜੀਣ—ਥੀਣ ਦੇ ਬੁਨਿਆਦੀ ਸਵਾਲਾਂ ਨਾਲ ਜੁੜਦਾ ਹੈ। ਆਧੁਨਿਕ ਯੁੱਗ ਵਿਚ ਵਿਅਕਤੀਗਤ ਆਜ਼ਾਦੀ ਨੂੰ ਮਾਨਤਾ ਮਿਲੀ ਹੈ ਅਤੇ ਪੱਛਮੀ ਸਮਾਜਾਂ ਵਿਚ ਇਸ ਨੂੰ ਮਹੱਤਵਪੂਰਣ ਕਦਰ ਵੀ ਮੰਨਿਆ ਜਾਂਦਾ ਹੈ ਪਰ ਇਸ ਨਿੱਜੀ ਆਜ਼ਾਦੀ ਦੀ ਦਿਸ਼ਾ ਕੀ ਹੋਵੇ, ਇਹ ਸਵਾਲ ਵੀ ਵਿਚਾਰਨਯੋਗ ਹੈ। ਭਾਵ ਕੀ ਇਹ ਸੁਹਜ ਭਰਪੂਰ ਜੀਵਨ ਦੀ ਜ਼ਾਮਨ ਬਣ ਰਹੀ ਹੈ ਜਾਂ ਨਹੀਂ? ਕਿਉਂਕਿ ਬੰਦੇ ਦੀਆਂ ਮੂਲ ਪ੍ਰਵਿਰਤੀਆਂ ਦਾ ਉਦਾਤੀਕਰਨ ਕਰਨ ਵਾਲੀ ਕਲਾ ਦੀ ਥਾਂ ਇਹਨਾਂ ਦੀ ਉਕਸਾਹਟ ਰਾਹੀਂ ਬੰਦੇ ਨੂੰ ਗ਼ਲਤਾਨ ਰੱਖਣ ਵਾਲੇ ਤੰਤਰ ਇਸ ਅਤਿ ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਪੱਖ ਵਿਚ ਹਨ। ਇਸ ਲਈ ਅਜਿਹੇ ਪ੍ਰਬੰਧ ਵਿਚ ਨਿੱਜੀ ਆਜ਼ਾਦੀ ਦੇ ਨਾਂ 'ਤੇ ਇਹਨਾਂ ਬਿਰਤੀਆਂ ਦੀ ਉਕਸਾਹਟ ਜ਼ਾਇਜਤਾ ਹਾਸਲ ਕਰ ਗਈ ਹੈ। ਮਨੋਰੰਜਨ ਦੇ ਨਾਂ ਉੱਤੇ ਬੰਦੇ ਦੀ ਚੇਤਨਾ ਨੂੰ ਸੁੰਨ ਕਰਨ ਲਈ ਜੂਆ ਘਰ, ਕੈਬਰੇ ਸ਼ੋਅ ਆਦਿ ਇਸ ਦੀ ਮਿਸਾਲ ਹਨ। ਬੰਦੇ ਦੀ ਦੇਹ ਤੇ ਮਨ ਨੂੰ ਕਾਬੂ ਕਰਨ ਵਾਲੀ ਇਸ ਗੁੱਝੀ ਜੁਗਤਬੰਦੀ ਨੂੰ ਗੁਰਬਚਨ ਆਪਣੇ ਨਿਬੰਧਾਂ ਵਿਚ ਵਿਅੰਗ ਨਾਲ ਪੇਸ਼ ਕਰਦਾ ਹੈ। ਅਮਰੀਕਾ ਵਿਚ ਹਥਿਆਰਾਂ ਦੀ ਹੋੜ, ਸੈਕਸ—ਖੁੱਲ੍ਹ, ਬੇਲੋੜਾ ਖਾਣ—ਪੀਣ ਆਦਿ ਨਿੱਜੀ ਅਜ਼ਾਦੀ ਦੇ ਨਾਂ 'ਤੇ ਕਾਰਪੋਰੇਟ ਪ੍ਰਬੰਧ ਦੀ ਇਸੇ ਕੁਚਾਲ ਦਾ ਹਿੱਸਾ ਹਨ, ਜਿਸ ਨੂੰ ਇਸ ਪਾਠ ਵਿਚ ਨਿਮਨ ਲਿਖਤ ਅਨੁਸਾਰ ਦਰਜ ਕੀਤਾ ਗਿਆ ਹੈ:

> ਅਮਰੀਕਨਾ ਦਾ ਵੀ ਇਹੀ ਹਾਲ ਹੈ। ਇਕੱਲੇ ਨੇ ਇਹ। ਰਤਾ ਕੁ ਵਿਹਲ ਮਿਲਦੀ ਹੈ ਤਾਂ ਸੜਕਾਂ 'ਤੇ ਕਾਰ ਦੌੜਾਈ ਜਾਣਗੇ। ਸੈਂਕੜੇ ਮੀਲ ਸਫਰ ਕਰਕੇ ਲਾਸ- ਵੇਗਾਸ ਜਾ ਪੁੱਜਦੇ ਨੇ, ਵੀਕ—ਐਂਡ, ਜੂਆ ਮਸ਼ੀਨਾਂ 'ਚ ਸਿੱਕੇ ਪਾਈ ਜਾਣਗੇ ਸਾਰੀ ਰਾਤ ਤੇ ਫਿਰ ਸੰਡੇ ਅੱਧਾ ਦਿਨ ਤਕ ਸੁੱਤੇ ਰਹਿਣਗੇ ਮੂੰਹ ਅੱਡੀ। ਇਸ ਨੂੰ ਕਹਿੰਦੇ ਨੇ ਅਮਰੀਕੀ ਕਲਚਰ। ਏਥੇ ਕਲਚਰ ਦਾ ਮਤਲਬ ਕੈਸੀਨੋ 'ਚ ਜੂਆ ਖੇਡਣਾ ਬਣ ਗਿਆ ਜਾਂ ਪੋਰਨ ਫਿਲਮਾਂ ਦੇਖਣਾ ਜਾਂ ਸੈਕਸ ਕਰਨਾ। ਇਸ ਦੇਸ 'ਚ ਦੋ ਥਾਵਾਂ ਨੇ ਅਮਰੀਕੀ ਜੀਵਨ ਦਾ ਚਿੰਨ੍ਹ: ਇਕ, ਨਿਊਯੌਰਕ ਦਾ ਵਰਲਡ ਟਰੇਡ ਸੈਂਟਰ ਤੇ ਦੂਜਾ, ਨਵੇਡਾ 'ਚ ਲਾਸ ਵੇਗਾਸ। ਜਾਂ ਫਿਰ ਹੌਲੀਵੁੱਡ ਹੈ। ਸਭ ਥਾਂ ਨੋਟ ਬੀਜਣ/ਵੱਢਣ ਦਾ ਕੰਮ ਹੁੰਦਾ।[10]

ਸਮੁੱਚੇ ਰੂਪ ਵਿਚ ਪੱਛਮੀ ਸਮਾਜ ਬਾਬਤ ਚਿਤਵਦਿਆਂ ਇਸ ਪਾਠ ਨੂੰ ਪਰਵਾਸ ਬਾਬਤ ਪ੍ਰਚਲਿਤ ਸੰਕਲਪਨਾ ਦੇ ਪ੍ਰਤਿਕਰਮ ਵਜੋਂ ਵੇਖਿਆ ਜਾ ਸਕਦਾ ਹੈ। ਇਹ ਪੱਛਮ ਦੇ ਵਿਕਾਸ ਮਾਡਲ ਦੀਆਂ ਕਮੀਆਂ ਨੂੰ ਬਿਆਨ ਕੇ ਸਪਸ਼ਟ ਕਰਦਾ ਹੈ ਕਿ ਅਤਿ ਵਿਕਸਤ ਪੂੰਜੀਵਾਦੀ ਪ੍ਰਬੰਧ ਮਨੁੱਖੀ ਸਮਾਜ ਲਈ ਕੋਈ ਸੁਚੱਜਾ ਜਾਂ ਜੀਵਨ—ਭਰਪੂਰ ਬਦਲ ਨਹੀਂ ਜਿਵੇਂ ਕਿ ਆਰਥਿਕ ਉਨਤੀ ਨੂੰ ਵੇਖ ਕੇ ਜਾਪਦਾ ਹੈ। ਜਿਸ



ਦਿਸ਼ਾਹੀਣਤਾ ਵੱਲ ਇਹ ਸਮਾਜ ਅੰਨ੍ਹੇਵਾਹ ਦੌੜੇ ਜਾ ਰਹੇ ਹਨ। ਇਸ ਆਰਥਿਕ ਗਤੀ ਨੂੰ ਹੀ ਗੁਰਬਚਨ ਆਤੰਕ ਦਾ ਨਾਂ ਦਿੰਦਾ ਹੈ। ਇਹ ਆਤੰਕ ਹੀ ਉਸ ਦਾ ਫ਼ਿਕਰ ਹੈ। ਜਿਸ ਬਾਰੇ ਉਹ ਲਿਖਦਾ ਹੈ "ਬੰਦੇ ਦੇਸ 'ਚ ਵੀ ਟੁੱਟ ਰਹੇ ਨੇ। ਦੇਸੋਂ ਬਾਹਰ ਜਾ ਕੇ ਹੋਰ ਤਰ੍ਹਾਂ ਟੁੱਟਦੇ ਨੇ।"[11] ਲੇਖਕ ਦੀ ਪ੍ਰਵਚਨਕਾਰੀ ਵਿਚੋਂ ਪੱਛਮ ਦੀ ਉਹ ਕੁਟਿਲਤਾ ਨਜ਼ਰ ਆਉਂਦੀ ਹੈ ਜੋ ਕਮਜ਼ੋਰ ਧਿਰਾਂ ਨੂੰ ਆਪਣੇ ਆਰਥਿਕ ਤੇ ਸਿਆਸੀ ਹਿੱਤਾਂ ਲਈ ਵਰਤਦੀ ਹੈ।[12] ਇਸ ਖਪਤ ਕਲਚਰ ਵਿਚ ਪੱਛਮੀ ਔਰਤ ਵੀ ਨਸ਼ੇ ਅਤੇ ਪੈਸੇ ਲੈ ਕੇ ਫ਼ਰਜੀ ਵਿਆਹ ਕਰਵਾਉਣ ਦੇ ਕਾਰੋਬਾਰ ਵਿਚ ਹਿੱਸੇਦਾਰ ਹੈ। ਆਰਥਿਕ ਗਤੀ ਦਾ ਗੇੜ ਬੰਦੇ ਨੂੰ ਇਸ ਕਦਰ ਦਿਸ਼ਾਹੀਣ ਕਰਦਾ ਹੈ ਕਿ ਇਕੱਲਤਾ ਅਤੇ ਬੇਲਾਗਤਾ ਵਿਚ ਬੰਦਾ ਪ੍ਰਬੰਧ ਲਈ ਖਤਰਾ ਬਣਨ ਦੀ ਥਾਂ ਉਸ ਦਾ ਸ਼ਿਕਾਰ ਬਣ ਜਾਂਦਾ ਹੈ। ਸਿਸਟਮ ਵਿਚ ਟਰੈਪ ਹੋਏ ਅਜਿਹੇ ਬੰਦੇ ਦੇ ਨੁਮਣੇ ਨੂੰ 'ਅਮਰੀਕੀ ਬੁਲਬਲੀ' ਨਿਬੰਧ ਦਾ ਪਾਤਰ ਕਰਮਜੀਤ ਨਲਵਾ "ਅਮਰੀਕੀ ਬੁਲਬੁਲੀ" ਦੇ ਰੂਪ ਵਿਚ ਚਿੰਨ੍ਹਤ ਕਰਦਾ ਹੈ। ਗੋਰਿਆਂ ਵਿਚ ਹਥਿਆਰਾਂ ਰਾਹੀਂ ਹੋਰਾਂ ਨੂੰ ਮਾਰਨ ਦੀ ਬਿਰਤੀ, ਪਰਵਾਸੀ ਪੰਜਾਬੀਆਂ ਵਿਚ ਖਾਲਿਸਤਾਨ, ਅਫ਼ਰੀਕਨਾਂ ਦੀ ਲੁੱਟ—ਖੋਹ ਦੀ ਬਿਰਤੀ, ਨਵੀਂ ਪੀੜ੍ਹੀ ਵਿਚ ਭੋਗਣ ਦੀ ਬਿਰਤੀ ਨੂੰ ਉਹ ਅਮਰੀਕਨ ਬੁਲਬੁਲੀ ਆਖਦਾ ਹੈ।[13]

ਪੱਛਮ ਦੇ ਅਤਿ ਵਿਕਸਤ ਪੂੰਜੀਵਾਦੀ ਪ੍ਰਬੰਧ ਵਿਚ ਆਪਣੀ ਸਥਾਨਕਤਾ ਤੋਂ ਟੁੱਟਿਆ ਪਰਵਾਸੀ ਬੰਦਾ ਆਰਥਿਕ ਕਾਮਾ ਬਣਿਆ ਨਜਰ ਆਉਂਦਾ ਹੈ। ਪਰਵਾਸੀ ਪੰਜਾਬੀਆਂ ਵੱਲੋਂ ਆਰਥਿਕ ਕਾਮੇ ਦੇ ਰੂਪ ਵਿਚ ਹੰਢਾਈ ਟੁੱਟ—ਭੱਜ ਦੀਆਂ ਅਨੇਕ ਪਰਤਾਂ ਇਸ ਬਿਰਤਾਂਤ ਵਿਚ ਪੇਸ਼ ਕੀਤੀਆਂ ਗਈਆਂ ਹਨ। ਇਸ ਲਈ ਪੰਜਾਬੀ ਬੰਦਾ ਸਹੂਲਤਾਂ ਸੰਪੰਨ ਤਾਂ ਹੈ ਪਰ ਅੰਦਰੋਂ ਟੁੱਟਿਆ ਹੋਇਆ ਤੇ ਇਕੱਲ ਭੋਗਦਾ ਹੈ। ਇਸ ਖਲਾਅ ਨੇ ਮਾਨਸਿਕ ਬੇਚੈਨੀਆਂ ਸਮੇਤ ਕਈ ਵਿਗਾੜਾਂ ਜਿਵੇਂ ਪਰਿਵਾਰਾਂ ਵਿਚ ਟੁੱਟ—ਭੱਜ, ਵਿਆਹ ਵਿਚ ਸੌਦੇਬਾਜ਼ੀ ਆਦਿ ਨੂੰ ਜਨਮ ਦਿੱਤਾ ਹੈ।

ਇਸ ਪਾਠ ਵਿਚ ਸਿਰਜੇ ਬਿਰਤਾਂਤ ਅਨੁਸਾਰ ਪਰਵਾਸੀ ਪੰਜਾਬੀਆਂ ਨੇ ਬਾਹਰਲੇ ਮੁਲਕਾਂ ਵਿਚ ਆ ਕੇ ਨਿੱਕੇ—ਮੋਟੇ ਕੰਮਾਂਕਾਰਾਂ ਤੋਂ ਕੰਮ ਸ਼ੁਰੂ ਕੀਤਾ। ਇਹਨਾਂ ਕੰਮਾਂ ਵਿਚ ਮਜ਼ਦੂਰੀ, ਸਕਿਊਰਟੀ ਗਾਰਡ, ਕੈਬ ਚਲਾਉਣ, ਰੈਸਟੋਰੈਂਟਾਂ ਵਿਚ ਰੋਟੀ ਬਣਾਉਣ ਤੋਂ ਵਰਤਾਉਣ ਤੱਕ ਦੇ ਕੰਮ ਇਹਨਾਂ ਦੇ ਹਿੱਸੇ ਆਏ। ਇੱਥੋਂ ਸ਼ੁਰੂ ਕਰਕੇ ਇਹ ਵੱਡੇ ਘਰਾਂ ਅਤੇ ਰੈਸਟੋਰੈਂਟਾਂ ਦੇ ਮਾਲਕ ਬਣੇ। ਜਿਵੇਂ ਕਿ 'ਇਹ ਪੰਜਾਬ ਨਹੀਂ' ਦਾ ਹਰਜੀਤ ਸਿੰਘ ਮਾਵੀ ਸਕਿਉਰਟੀ ਗਾਰਡ ਹੈ। 'ਹੈਪੀ ਫੈਮਿਲੀ' ਦਾ ਦਲੀਪ ਸਿੰਘ ਤੰਦੂਰ ਉੱਤੇ ਰੋਟੀਆਂ ਲਾਹੁਣ ਤੋਂ ਕੰਮ ਸ਼ੁਰੂ ਕਰਕੇ ਹੁਣ ਰੈਸਟੋਰੈਂਟ ਦਾ ਮਾਲਕ ਹੈ। ਪਰਵਾਸੀ ਪੰਜਾਬੀ ਬਜ਼ੁਰਗ ਇੱਥੇ ਚੌਥੇ ਦਰਜੇ ਦੇ ਸਫ਼ਾਈ ਸੇਵਕ ਵਜੋਂ ਕੰਮ ਕਰਦੇ ਹਨ। ਆਰਥਿਕ ਉੱਨਤੀ ਲਈ ਕੀਤੀ ਕਸ਼ਮਕਸ਼ ਦੌਰਾਨ ਪਰਵਾਸੀ ਪੰਜਾਬੀ ਕੁਦਰਤੀ ਜੈਵਿਕ ਲੋੜਾਂ ਤੋਂ ਬੇਮੁੱਖ ਨਜ਼ਰ ਆਉਂਦੇ ਹਨ। ਦਿਨ—ਰਾਤ ਕੰਮ ਕਰਕੇ ਵੱਡੇ ਘਰ ਉਸਾਰਨ ਦੇ ਯਤਨਾਂ ਵਿਚ ਜੀਵਨ ਸਾਥੀ ਤੋਂ ਬੇਲਾਗਤਾ ਪਰਵਾਸ ਵਿਚ ਵਿਆਹ ਬਾਹਰੇ ਸਬੰਧਾਂ ਨੂੰ ਜਨਮ ਦਿੰਦੀ ਹੈ।[14]

ਪਰਵਾਸ ਵਿਚ ਪੰਜਾਬੀ ਸਮਾਜ ਦਾ ਨੈਤਿਕ ਸਮਾਜਕ ਦਾਬਾ ਬਰਕਰਾਰ ਨਾ ਹੋਣ ਕਰਕੇ ਓਥੇ ਸਬੰਧਾਂ ਦੇ ਸਿਲਸਿਲੇ ਵਿਚ ਮਰਦ ਦਾ ਦਾਬਾ ਨਜ਼ਰ ਨਹੀਂ ਆਉਂਦਾ ਸਗੋਂ ਇਸ ਦੀ ਥਾਂ ਮਰਦ ਪਾਤਰ ਥਾਂ—ਥਾਂ ਸਮਝੌਤੇ ਕਰਦੇ ਨਜ਼ਰ ਆਉਦੇ ਹਨ। ਜਿਵੇਂ ਕਿ 'ਇਹ ਪੰਜਾਬ ਨਹੀਂ', ਅਤੇ 'ਅਸੀਂ ਲੜਾਂਗੇ ਸਾਥੀ' ਵਿਚ ਇਹ ਹਵਾਲੇ ਵੇਖੇ ਜਾ ਸਕਦੇ ਹਨ। ਅਜਿਹੀ ਆਰਥਿਕ ਦੌੜ ਵਿਚ ਫਸੇ ਬੰਦੇ ਬਾਰੇ ਹੀ 'ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ' ਸਿਰਲੇਖ ਉਚਾਰਿਆ ਗਿਆ ਹੈ। ਹਰਬਖ਼ਸ਼ ਚੀਮੇ ਦੇ ਨਿਮਨ ਲਿਖਤ ਬੋਲ ਉਦਾਹਰਣ ਵਜੋਂ ਵੇਖੇ ਜਾ ਸਕਦੇ ਹਨ:

> ਏਹਨਾਂ ਮੁੰਡਿਆਂ ਨੂੰ ਪੁੱਛੋ ਤੁਸੀਂ ਸੌਂਦੇ ਕਦ ਜੇ ਤਾਂ ਉਤਾਂ ਵਰਗਾ ਮੂੰਹ ਬਣਾ ਕੇ ਕਹਿਣਗੇ 'ਏਥੇ ਸੌਣ ਤਾਂ ਨਹੀਂ ਆਏ'।[15]

ਇਨ੍ਹਾਂ ਕੰਬਖਤਾਂ ਦੀਆਂ ਅੱਖਾਂ ਵਲ ਦੇਖੋ, ਨੀਂਦ ਨਾਲ ਭਰੀਆਂ ਰਹਿੰਦੀਆਂ। ਏਦਾਂ ਥੋੜ੍ਹਾ ਚਲਦਾ। ਮੈਂ ਆਹਨਾਂ ਹੋਨਾਂ, ਏਹਨਾਂ ਮੁੰਡਿਆਂ ਜਲਦੀ ਮਰ ਜਾਣੈ।

ਇਉਂ ਪਰਵਾਸੀ ਬੰਦੇ ਕੰਮ ਵਿਚ ਖਪੇ ਭਾਂਤ—ਭਾਂਤ ਦੇ ਮਾਨਸਿਕ ਰੋਗ ਹੰਢਾ ਰਹੇ ਨਜ਼ਰ ਆਉਂਦੇ ਹਨ। ਇਸ ਲਈ ਬਾਹਰੋਂ ਭਰਪੂਰ ਪਰ ਅੰਦਰੋਂ ਟੁੱਟੇ ਅਨੇਕ ਪਾਤਰ ਇਹਨਾਂ ਨਿਬੰਧਾਂ ਵਿਚ ਵੇਖੇ ਜਾ ਸਕਦੇ ਹਨ। 'ਹੈਪੀ ਫੈਮਿਲੀ', 'ਅਸੀਂ ਲੜਾਂਗੇ ਸਾਥੀ' ਵਿਚ ਇਹ ਪਾਤਰ ਇਕ ਕੜੀ ਵਜੋਂ ਵੇਖੇ ਜਾ ਸਕਦੇ ਹਨ। ਇਸ ਗਤੀ ਦੇ ਖਿਲਾਫ ਹਰਬਖ਼ਸ਼ ਚੀਮੇ ਵਰਗੇ ਟਾਂਵੇ ਪਾਤਰ ਹੀ ਨਜ਼ਰ ਆਏ ਹਨ।

ਇਸ ਪਾਠ ਵਿਚ ਆਰਥਿਕ ਪਨਾਹਗਾਰ ਵਜੋਂ ਆਏ ਪਰਵਾਸੀ ਪੰਜਾਬੀ ਨੂੰ ਬੇਮੁਲਕੇ ਬੰਦੇ ਦੇ ਰੂਪ ਵਿਚ ਚਿਤਵਿਆ ਗਿਆ ਹੈ ਜੋ ਹਰ ਤਰੀਕੇ ਬਾਹਰਲੇ ਮੁਲਕ ਆਉਣ ਲਈ ਕਾਹਲਾ ਹੈ। ਇਸ ਮਕਸਦ ਲਈ ਉਹ ਕੰਮ, ਬੀਵੀ, ਬੱਚੇ, ਘਰ ਆਦਿ ਸਮੇਤ ਆਪਣੀ ਪਛਾਣ ਵੀ ਦਾਅ 'ਤੇ ਲਾਅ ਦਿੰਦਾ ਹੈ। ਇਸ ਲਈ ਪਰਵਾਸ ਧਾਰਨ ਕਰਨ ਤੋਂ ਬਾਅਦ ਇੱਥੇ ਸਥਾਈ ਤੌਰ 'ਤੇ ਵਸਣ ਦਾ ਆਹਰ ਕਰਦੇ ਇਹ ਪਰਵਾਸੀ ਹਰ ਹੀਲਾ ਵਰਤਦੇ ਵੇਖੇ ਜਾ ਸਕਦੇ ਹਨ। ਇਹਨਾਂ ਹੀਲਿਆਂ ਵਿਚੋਂ ਜਾਅਲੀ ਵਿਆਹ, ਸਿਆਸੀ ਪਨਾਹ ਆਦਿ ਮੁੱਖ ਰੂਪ ਵਿਚ ਉਭਾਰੇ ਗਏ ਹਨ। ਨਾਗਰਿਕਤਾ ਲੈਣ ਲਈ ਗੋਰੀਆਂ ਔਰਤਾਂ ਨਾਲ ਮੁੱਲ ਦੇ ਜਾਅਲੀ ਵਿਆਹ ਕਰਵਾਉਣ ਦੇ ਨਾਲ ਪਰਵਾਸੀ ਪੰਜਾਬੀ ਦੇਸ ਰਹਿੰਦੀ ਪਤਨੀ ਨੂੰ ਮੰਗਵਾਉਣ ਲਈ ਜਾਅਲੀ ਵਿਆਹ ਕਰਵਾਉਂਦੇ ਵਿਖਾਏ ਗਏ ਹਨ। 'ਇਹ ਪੰਜਾਬ ਨਹੀਂ' ਦੀ ਸੁਨੀਤਾ ਕਹਿੰਦੀ ਹੈ, "ਸੌਦਾ ਹੀ ਤਾਂ ਹੈ। ਹਰ ਵਿਆਹ ਸੌਦਾ ਹੁੰਦਾ, ਵਿਆਹ ਨਕਲੀ ਹੈ ਜਾਂ ਅਸਲੀ, ਇਟਸ ਬਿਜ਼ਨਸ।"[16] ਖਾਲਿਸਤਾਨ ਦੇ ਨਾਂ ਹੇਠ ਸਿਆਸੀ ਪਨਾਹ ਲੈਣ ਵਾਲਿਆਂ ਵਿਚ 'ਇਹ ਪੰਜਾਬ ਨਹੀਂ' ਦਾ ਹਰਜੀਤ ਮਾਵੀ, ਪੰਜਾਬ ਵਿਚ ਸਿੱਖਾਂ ਨੂੰ ਖਤਰੇ ਦਾ ਐਲਾਨ ਕਰਕੇ ਸਿਆਸੀ ਪਨਾਹ ਲੈ ਕੇ ਪੱਕਾ ਹੁੰਦਾ ਹੈ।[17] ਦੂਜੇ ਪਾਸੇ 'ਫਰੈਂਕਫਰਟ 'ਚ ਜਸਵਿੰਦਰ' ਨਿਬੰਧ ਵਿਚ ਜਸਵਿੰਦਰ ਕਮਿਊਨਿਸਟ ਹੋਣ ਕਰਕੇ ਖਾਲਿਸਤਾਨੀਆਂ ਤੋਂ ਖਤਰਾ ਹੋਣ ਦੀ ਗੱਲ ਕਰਕੇ ਸਿਆਸੀ ਪਨਾਹ ਲੈਂਦਾ ਵੇਖਿਆ ਜਾ ਸਕਦਾ ਹੈ। ਮਿਸਾਲ ਵਜੋਂ ਇਹ ਹਵਾਲਾ



ਵੇਖਿਆ ਜਾ ਸਕਦਾ ਹੈ:

> ਮੇਰੀ ਕਿਸਮਤ ਚੰਗੀ ਸਿਆਸੀ ਪਨਾਹ ਮਿਲ ਗਈ। ਮੈਂ ਕਿਹਾ ਮੈਂ ਕਮਿਊਨਿਸਟ ਆਂ ਮੈਨੂੰ ਖਾਲਿਸਤਾਨੀਆਂ ਤੋਂ ਖਤਰਾ। ਏਨੇ ਨਾਲ ਹੀ ਗੱਲ ਕਵਰ ਹੋ ਗਈ। ਜੇ ਖਾਲਿਸਤਾਨ ਦਾ ਫ਼ਾਇਦਾ ਤਾਂ ਫ਼ਾਇਦਾ ਏਹਦੇ ਖਿਲਾਫ ਹੋ ਕੇ ਵੀ ਘੱਟ ਨਹੀਂ। ਅਹਾ ਆਪਣਾ ਆਨੰਦ ਸਾਹਿਬ ਇਹੀ ਕਰਦਾ। ਖਾਲਿਸਤਾਨ ਨੂੰ ਹੀ ਕੁੱਟੀ ਜਾਂਦਾ ਤੇ ਉਹਦੀ ਗੱਡੀ ਤੁਰੀ ਜਾਂਦੀ ਆ।[18]

'ਅਸੀਂ ਲੜਾਂਗੇ ਸਾਥੀ' ਦਾ ਬਿੱਲੂ 12 ਸਾਲ ਦੀ ਉਮਰ ਵਿਚ ਏਜੰਟ ਦੇ ਜ਼ਰੀਏ ਬਾਹਰ ਆਉਂਦਾ ਹੈ। ਬਿੱਲੂ ਵਰਗਿਆਂ ਲਈ ਮਾਂ ਭੂਮੀ ਦਾ ਸੰਕਲਪ ਵੀ ਰੋਜ਼ੀ—ਰੋਟੀ ਦਾ ਮਸਲਾ ਹੈ। ਇਹ ਗੱਲ ਕੋਈ ਕਿਉਂ ਜਾਵੇ ਪਰਦੇਸ ਦਾ ਜਵਾਬ ਦਿੰਦੀ ਹੈ। ਇਸ ਤੋਂ ਇਲਾਵਾ ਪਰਵਾਸੀ ਲੋਕ ਹੱਦ ਦਰਜੇ ਦੇ ਕੰਜੂਸ ਵਿਖਾਏ ਗਏ ਹਨ ਜੋ ਖਾਣ—ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਪਾਸਾ ਵੱਟਦੇ ਹਨ। ਇਸ ਘਾੜਤ ਵਿਚੋਂ ਭਾਰਤ ਅਤੇ ਪੱਛਮ ਦਾ ਦਵੰਦ ਸਿਰਜਿਆ ਗਿਆ ਹੈ ਜੋ ਢੁਕਵਾਂ ਨਹੀਂ ਜਾਪਦਾ। ਜਿਵੇਂ:

> ਇਥੇ ਮੁੰਡੇ ਪਾਗਲਾਂ ਵਾਂਗ ਕੰਮ ਕਰਦੇ ਆ। ਜਿੰਨਾ ਕਮਾਈ ਜਾਂਦੇ ਆ ਉਨਾ ਜ਼ਿਆਦਾ ਕੰਜੂਸ ਬਣੀ ਜਾਂਦੇ ਆ। ਕਮੀਨਗੀਆਂ 'ਤੇ ਉਤਰ ਆਉਣਗੇ। ਮੇਰਾ ਇਕ ਭਤੀਜਾ, ਇੰਡੀਆ ਤੋਂ ਆਇਆ ਤਾਂ ਭਾਂਤ-ਭਾਂਤ ਦੀਆਂ ਵਸਤਾਂ ਘਰ 'ਚ ਲਿਆਵੇ, ਖਾਣ ਪੀਣ ਦਾ ਹੱਦ ਦਰਜੇ ਦਾ ਸ਼ੌਕੀਨ। ਹੁਣ ਦਸ ਸਾਲ ਹੋ ਗਏ, ਦੋ ਸੌ ਡਾਲਰ ਰੋਜ਼ ਕਮਾਂਦੈ। ਉਹਦੇ ਕਿਚਨ 'ਚ ਜਾਓ ਖਾਣ ਨੂੰ ਕੁੱਕੀ ਨਹੀਂ ਮਿਲਦੀ।[19]

ਭਾਰਤ ਦੇ ਹਵਾਲੇ ਨਾਲ ਅਚੇਤ ਰੂਪ ਵਿਚ ਪੱਛਮੀ ਸਮਾਜ ਦੀਆਂ ਖਾਣ—ਪੀਣ ਦੀਆਂ ਆਦਤਾਂ ਨੂੰ ਨਾਪਸੰਦ ਕਰਨ ਦੀ ਰੁੱਚੀ ਵੀ ਇਸ ਪਾਠ ਵਿਚੋਂ ਵੇਖੀ ਜਾ ਸਕਦੀ ਹੈ। ਇਸ ਕਰਕੇ ਹੀ "ਸੂਰ ਵਾਂਗ ਫੈਲਦੇ"[20] ਮੋਟੇ ਜਿਸਮ ਇਸ ਫਾਸਟ ਫੂਡ ਦੀ ਦੇਣ ਲਗਦੇ ਹਨ। ਇਸ ਦਾ ਕਾਰਨ ਪਰਵਾਸੀ ਪੰਜਾਬੀਆਂ ਦੀ ਘਰ ਖਾਣਾ ਨਾ ਬਣਾਉਣ ਦੀ ਰੁਚੀ ਮੰਨੀ ਗਈ ਹੈ। ਅਸਲ ਵਿਚ ਇਸ ਨੂੰ ਵਿਅਕਤੀਗਤ ਕਮਜ਼ੋਰੀ ਦੀ ਥਾਂ ਹਾਲਤ ਦੀ ਦੇਣ ਵਜੋਂ ਸਮਝਣਾ ਜ਼ਰੂਰੀ ਹੈ। ਜਿਹਾ ਕਿ ਇਸ ਪਾਠ ਵਿਚ ਨਜ਼ਰ ਨਹੀਂ ਆਉਂਦਾ। ਇਸ ਨੂੰ 'ਪਰ' ਦੀ ਘਾੜਤ ਦੇ ਇੱਕ ਪੱਖ ਵਜੋਂ ਵੇਖਿਆ ਜਾ ਸਕਦਾ ਹੈ। ਕਰਮਜੀਤ ਨਲਵੇ ਦੇ ਨਿਮਨਲਿਖਤ ਬੋਲ ਉਪਰੋਕਤ ਕਥਨ ਨੂੰ ਤਸਦੀਕ ਕਰਦੇ ਵੇਖੇ ਜਾ ਸਕਦੇ ਹਨ:

> ਜੰਕ ਫੂਡ ਖਾਂਦੇ ਨੇ। ਆਖਦੇ ਆ ਪੀਜ਼ਾ ਤਾਂ ਡੈਡ ਫੁੱਲ—ਫੂਡ ਹੈ। ਪਹਿਲਾਂ ਮਾਂ ਕੋਲ ਟਾਈਮ ਨਹੀਂ ਸੀ ਰੋਟੀ ਬਨਾਣ ਦਾ। ਅਖੇ ਐ ਲਓ ਦੋ ਡਾਲਰ ਤੇ ਬਰਗਰ ਖਾ ਆਵੋ। ਹੁਣ ਇਹ ਖਾਂਦੇ ਹੀ ਪੀਜ਼ਾ ਜਾਂ ਬਰਗਰ ਨੇ, ਨਹੀਂ ਤਾਂ ਭੁੱਖੇ ਰਹਿਣਗੇ। ਕੋਕ ਚਾੜ੍ਹੀ ਜਾਂਦੇ ਨੇ। ਬੀਅਰ ਬਿੰਜ 'ਚ ਹੁੱਲੜ ਮਚਾਂਦੇ ਨੇ। ਕੁੜੀਆਂ ਲਈ ਫਿਰਦੇ ਨੇ। ਅਖੇ ਇਹ ਸਾਡਾ ਪ੍ਰਸਨਲ ਮੈਟਰ ਹੈ। ਕੰਮ ਕਹੋ

ਤਾਂ ਮਿਰਗੀ ਪੈਂਦੀ ਆ। ਇਹ ਨੇ ਅਮਰੀਕੀ ਬੁਲਬੁਲੀ।[21]

ਪਰਵਾਸੀ ਪੰਜਾਬੀ, ਪੱਛਮੀ ਦੇਸ਼ਾਂ ਵਿਚ ਹਾਸ਼ੀਆਗਤ ਧਿਰ ਦੀ ਹੋਣੀ ਹੰਢਾ ਰਹੇ ਹਨ। ਇਸ ਕਰਕੇ ਉਹ ਦੂਹਰੇ ਦਬਾਅ ਦੀ ਮਾਰ ਵਿਚ ਹਨ। ਉਹਨਾਂ ਦੇ ਬੋਲਾਂ ਵਿਚ ਆਪਣੀਆਂ ਜੜ੍ਹਾਂ ਪ੍ਰਤੀ ਹਿਕਾਰਤ ਇਸ ਦਬਾਅ ਦਾ ਸਿੱਟਾ ਹੈ। 'ਹੈਪੀ ਫੈਮਿਲੀ' ਦੀ ਰੀਟਾ ਦੇ ਭਾਰਤੀ ਅਤੇ ਅਫ਼ਰੀਕਨ ਲੋਕਾਂ ਬਾਰੇ ਵਿਚਾਰ ਇਸ ਪੱਖੋਂ ਜ਼ਿਕਰਯੋਗ ਹਨ। ਉਸ ਨੇ ਸਮੇਂ ਦੀ ਕਦਰ ਨਾ ਕਰਨ ਵਾਲੇ, ਸੈਕਸ ਦੇ ਭੁੱਖੇ, ਬੰਦੇ ਦੀ ਨਿੱਜੀ ਜ਼ਿੰਦਗ਼ੀ ਵਿਚ ਦਖਲ ਦੇਣ ਵਾਲੇ, ਸਰਵਿਸ ਲੈ ਕੇ ਬਿਲ ਅਦਾ ਨਾ ਕਰਨ ਵਾਲੇ, ਵਿਹਲੇ ਆਦਿ ਵਰਗੇ ਸਾਰੇ ਨਾਂਹ—ਪੱਖੀ ਵਿਸ਼ੇਸ਼ਣ ਭਾਰਤੀ ਲੋਕਾਂ ਨਾਲ ਜੋੜੇ ਹਨ। ਮਸਲਨ ਇਹ ਉਦਾਹਰਨਾ ਵੇਖ ਸਕਦੇ ਹਾਂ:

ਸਾਡੇ ਬੰਦੇ ਸੈਕਸ ਦੇ ਭੁੱਖੇ ਆ। ਏਹੋ ਹਾਲ ਬਾਲਟੀਮੋਰ ਦਾ ਹੈ। ਉਥੇ ਬਲੈਕਸ ਨੇ ਗੰਦ ਪਾ ਰੱਖਿਆ। ਉਹ ਵੀ ਸੈਕਸ ਦੇ ਭੁੱਖੇ ਆ।[22]

ਟੀਲੂ/ ਮੀਲੂ ਇੰਡੀਆ ਗਈਆਂ ਪਹਿਲੀ ਵੇਰ, ਦਿੱਲੀ 'ਚ ਹੀ ਰੋਣ ਲੱਗੀਆਂ। ਕਹਿਣ, ਕਿੱਥੇ ਆ ਗਏ ਹਾਂ।...ਮੀਲੂ ਮੇਰੀ ਜਾਨ, ਕਹਵੇ ਮੰਮੀ ਏਥੇ ਬੰਦੇ ਕਿਹੋ ਜਿਹੇ ਨੇ। ਏਹਨਾਂ ਦੇ ਚਿਹਰੇ ਤੋਂ ਲੱਗਦਾ ਜਿਵੇਂ ਕ੍ਰਿਮੀਨਲ ਹੋਣ। ਸਾਡੇ ਬੱਚੇ ਬਹੁਤ ਸੈਂਸੇਟਿਵ ਨੇ।[23]

ਇਸ ਦੇ ਉਲਟ ਪੱਛਮੀ ਲੋਕਾਂ ਬਾਰੇ ਇਸ ਉਸ ਦੇ ਵਿਚਾਰ ਸਾਕਾਰਾਤਮਕ ਹਨ:

ਸਾਊਥਹਾਲ ਜਿਹੜਾ ਵੀ ਆਉਂਦਾ ਸੋਚਦੈ ਆਮਸਟਰਡਾਮ ਦੀ ਨਾਈਟ ਲਾਈਫ ਦੇਖ ਆਵਾਂ। ਫੇਰ ਸਾਡੇ ਰਾਵੀ ਢਾਬੇ 'ਚ ਆ ਜਾਂਦਾ। ਆਪਣੇ ਬੰਦੇ ਫਜ਼ੂਲ ਗੱਲਾਂ ਬੜੀਆਂ ਕਰਦੇ ਨੇ। ਪੁੱਛਣਗੇ: ਏਥੇ ਆਟਾ/ਦਾਲ ਮਿਲਦੇ ਆ? ਨਿੱਜੀ ਸੁਆਲ ਬੜੇ ਕਰਦੇ ਆ। ਏਸ ਕੰਟਰੀ 'ਚ ਲੋਕ ਆਪਣੇ ਮਤਲਬ ਨਾਲ ਮਤਲਬ ਰੱਖਦੇ ਨੇ। ਤਦ ਹੀ ਏਹਨਾਂ ਤਰੱਕੀ ਕੀਤੀ ਆ।[24]

ਰੀਟਾ ਦੇ ਇਸ ਵਤੀਰੇ ਨੂੰ ਸਮਝਣ ਲਈ ਗ੍ਰਾਮਸ਼ੀ ਦੀ ਧਾਰਨਾ ਜ਼ਿਕਰਯੋਗ ਹੈ। "ਗ੍ਰਾਮਸ਼ੀ ਦਾ ਮੰਨਣਾ ਹੈ ਕਿ ਰਾਜਸ਼ਾਹੀ ਜਾਂ ਸਟੇਟ ਆਮ ਲੋਕਾਂ ਨੂੰ ਹਾਸ਼ੀਏ ਉੱਤੇ ਧਕੇਲ ਕੇ ਆਪਣੀ ਪ੍ਰਭੁਸੱਤਾ ਸਥਾਪਤ ਕਰਦੀ ਹੈ। ਇਸ ਪ੍ਰਭੁਸੱਤਾ ਨੂੰ ਹੀ ਗ੍ਰਾਮਸ਼ੀ ਨੇ ਸਿਰਦਾਰੀ (Hegemony) ਕਿਹਾ ਹੈ, ਗ੍ਰਾਮਸ਼ੀ ਦੀ ਧਾਰਨਾ ਹੈ ਕਿ ਸਿਰਦਾਰੀ (Hegemony) ਸਿਰਫ਼ ਧੱਕੇਸ਼ਾਹੀ ਰਾਹੀਂ ਹੀ ਹੋਂਦ ਵਿਚ ਨਹੀਂ ਆਉਂਦੀ ਸਗੋਂ ਅਜਿਹੇ ਮਨੁੱਖ ਵੀ ਸਿਰਜਦੀ ਹੈ, ਜੋ ਬਿਨਾਂ ਵਿਰੋਧ ਦੇ ਆਪਣਾ ਸ਼ੋਸ਼ਣ ਕਰਵਾਉਣ ਲਈ ਤਿਆਰ ਹੋਣ। ਇਸ ਸਮੇਂ ਵਿਚਾਰਧਾਰਾ ਅਹਿਮ ਰੋਲ ਅਦਾ ਕਰਦੀ ਹੈ। ਵਿਚਾਰਧਾਰਾ ਉਹ ਮਾਧਿਅਮ ਹੋ ਨਿਬੜਦੀ ਹੈ, ਜਿਸ ਰਾਹੀਂ ਰਾਜਸੱਤਾ ਦੇ ਵਿਚਾਰਾਂ ਨੂੰ ਸਰਵਸੰਪੰਨ ਸੱਚ ਦੇ ਰੂਪ ਵਿਚ ਪ੍ਰਮਾਣਿਕ ਬਣਾ ਦਿੱਤਾ ਜਾਂਦਾ ਹੈ।[25] ਇੱਥੇ ਇਹ ਵੇਖਣਯੋਗ ਹੈ ਕਿ ਬਿਰਤਾਂਤਕਾਰ ਭਾਰਤੀਆਂ ਜਾਂ ਪੰਜਾਬੀਆਂ ਬਾਰੇ ਦਿੱਤੀ ਸਟੇਟਮੈਂਟ ਨੂੰ ਤਾਂ ਸੰਦੇਹ ਦੇ ਰੂਪ ਵਿਚ ਪੇਸ਼ ਕਰਦਾ ਹੈ ਕਿਉਂਕਿ ਜਿਸ ਪਾਤਰ ਨੇ ਇਹ ਬੋਲ ਕਹੇ ਹਨ ਉਹ ਤਣਾਅ



ਦੀ ਸ਼ਿਕਾਰ ਹੈ। ਉਸ ਦੀ ਮਨੋ—ਦਸ਼ਾ ਦੇ ਹਵਾਲੇ ਨਾਲ ਪੰਜਾਬੀਆਂ ਅਤੇ ਪੱਛਮੀ ਲੋਕਾਂ ਬਾਰੇ ਉਸ ਦੇ ਕਥਨ ਦੂਜੇ ਸਮਾਜ—ਸਭਿਆਚਾਰ ਦੀ ਹੈਜਮਨੀ ਅਧੀਨ ਰਹਿਣ ਵਾਲੇ ਆਵਾਸੀ ਦੇ ਦਮਨ ਨੂੰ ਸਮਝਣ ਦੀ ਇਕ ਜੁਗਤ ਬਣ ਜਾਂਦੇ ਹਨ। ਇਸ ਦੇ ਉਲਟ ਅਫ਼ਰੀਕਨਾਂ ਬਾਰੇ ਵਰਣਿਤ ਵੇਰਵੇ[26] ਪਾਤਰਾਂ ਦੇ ਅਜਿਹੇ ਬੋਲਾਂ[27] ਨੂੰ ਤਸਦੀਕ ਕਰਦੇ ਜਾਪਦੇ ਹਨ। ਇਹਨਾਂ ਵਿਚੋਂ ਅਫ਼ਰੀਕਨਾ ਬਾਰੇ ਜੋ ਬਿੰਬ ਉੱਭਰਦਾ ਹੈ ਉਹ ਉਹਨਾਂ ਨੂੰ ਨਿਕੰਮੇ, ਲੁੱਟ—ਖੋਹ ਕਰਨ ਵਾਲੇ ਮੁਜਰਮ ਰੂਪ ਵਿਚ ਪੇਸ਼ ਕਰਦਾ ਹੈ। ਅਫ਼ਰੀਕਨ ਲੋਕਾਂ ਦੀ ਅਜਿਹੀ ਤਸਵੀਰਕਸ਼ੀ ਨੂੰ ਇਕਪਾਸੜ ਪਹੁੰਚ ਦੀ ਅਲਾਮਤ ਵਜੋਂ ਵੇਖਿਆ ਜਾ ਸਕਦਾ ਹੈ। ਅਫ਼ਰੀਕਨਾਂ ਬਾਰੇ ਇਹਨਾਂ ਨਿਬੰਧਾਂ ਵਿਚ ਇੱਕ ਹਮਦਰਦੀਪੂਰਨ ਵੇਰਵਾ ਦਰਜ ਹੈ ਕਿ ਇਹ ਆਪਣੇ ਨਾਲ ਹੋਏ ਧੱਕਿਆਂ ਦਾ ਬਦਲਾ ਲੈ ਰਹੇ ਹਨ ਪਰ ਇਹ ਉਹਨਾਂ ਦੀ ਪਛਾਣ ਦੀ ਸਾਕਾਰਾਤਮਕ ਘਾੜਤ ਪੱਖੋਂ ਨਾਕਾਫ਼ੀ ਹੈ।

'ਪਰ' ਦੀ ਘਾੜਤ ਲਈ ਵਰਤ—ਵਿਹਾਰ ਦਾ ਪੱਖ ਵੀ ਮਹੱਤਵਪੂਰਣ ਹੈ। ਇਸ ਪੱਖੋਂ ਪਰਵਾਸੀਆਂ ਨੂੰ ਦੂਹਰੇ/ਦੋਗਲੇ ਵਿਹਾਰ ਵਾਲੇ ਵਿਅਕਤੀਆਂ ਵਜੋਂ ਸਿਰਜਿਆ ਗਿਆ ਹੈ। ਮਸਲਨ ਇੱਕ ਪਾਸੇ ਪੰਜਾਬੀ ਪੰਜਾਬ ਛੱਡ ਕੇ ਹਰ ਹੀਲੇ ਪੱਕੇ ਤੌਰ 'ਤੇ ਬਾਹਰ ਵਸਣ ਲਈ ਕਾਹਲੇ ਹੋਏ ਵੇਖੇ ਜਾ ਸਕਦੇ ਹਨ। ਪਰਵਾਸ ਕਰਕੇ ਇਹ ਪੂੰਜੀਵਾਦੀ ਪ੍ਰਬੰਧ ਦੀਆਂ ਨਿਹਮਤਾਂ ਨੂੰ ਮਾਣਦੇ ਹੋਏ ਪੂੰਜੀ ਸੰਗ੍ਰਹਿ ਕਰਨ ਵਿਚ ਗਲਤਾਨ ਹਨ ਪਰ ਦੂਜੇ ਪਾਸੇ ਸਮਾਜਵਾਦ ਲਿਆਉਣ ਬਾਬਤ ਚਰਚਾ ਕਰਦੇ ਹਨ। ਮਿਸਾਲ ਵਜੋਂ 'ਹੈਪੀ ਫੈਮਿਲੀ' ਵਿਚ ਕਾਮਰੇਡ ਸੁਖਚੈਨ ਸਿੰਘ ਦਾ ਵਿਹਾਰ ਇਸ ਰੂਪ ਵਜੋਂ ਵੇਖ ਸਕਦੇ ਹਾਂ ਜੋ ਸਕੌਟਲੈਂਡ ਵਿਚ ਅਲੀਸ਼ਾਨ ਬੰਗਲੇ ਵਿਚ ਰਹਿੰਦਾ ਹੈ ਅਤੇ ਰੈਸਟੋਰੈਂਟ ਦਾ ਮਾਲਕ ਹੈ ਪਰ ਦੇਸੋਂ ਗਏ ਹਰ ਬੰਦੇ ਨੂੰ ਪੁੱਛਦਾ ਹੈ:

> 'ਹੋਰ ਫੇਰ, ਕਾਮਰੇਡ ਦੇਸ/ਕੌਮ ਦਾ ਕੀ ਹਾਲ ਐ? ਤੁਹਾਡਾ ਕੀ ਖਿਆਲ ਐ ਇਨਕਲਾਬ ਕਿੱਥੇ ਕੁ ਖੜਾ?'
>
> ਕੋਈ ਕਹਿੰਦਾ: 'ਬਜ਼ੁਰਗੋ, ਹੁਣ ਇਨਕਲਾਬ ਨਹੀਂ ਆਉਣਾ' ਤਾਂ ਉਹ ਕਹੇਗਾ: 'ਹੈਂ ਭਾਈ ਕਿਉਂ ਨਹੀਂ ਆਉਣਾ ਇਨਕਲਾਬ? ਜੇ ਇਨਕਲਾਬ ਨਹੀਂ ਆਉਣਾ, ਤਾਂ ਹੋਰ ਕੀ ਆਉਣਾ? ਕੀ ਬਣੇਗਾ ਦੇਸ/ਕੌਮ ਦਾ।'[28]

ਇਹ ਵੇਰਵੇ ਇਹਨਾਂ ਕਾਰਵਾਈਆਂ ਨੂੰ ਮਹਿਜ਼ ਵਿਖਾਵੇ ਦੇ ਰੂਪ ਵਿਚ ਸਥਾਪਿਤ ਕਰਦੇ ਹਨ। ਇਸ ਤਰ੍ਹਾਂ ਦਾ ਰੁਝਾਨ ਹੀ ਖਾਲਿਸਤਾਨ ਬਾਰੇ ਪੇਸ਼ ਕੀਤਾ ਗਿਆ ਹੈ।[29] ਪਰਵਾਸੀ ਪੰਜਾਬੀਆਂ ਦੇ ਮਾਨਸਿਕ ਠੁੰਮ੍ਹਣੇਨੁਮਾ ਅਜਿਹੇ ਵਿਹਾਰ ਨੂੰ ਗੁਰਬਚਨ ਤਿੱਖੇ ਵਿਅੰਗ ਨਾਲ ਬਿਰਤਾਂਤਦਾ ਹੈ। ਇਸ ਰੁਝਾਨ ਦਾ ਮੁੱਖ ਕਾਰਨ ਪਰਦੇਸ ਦੇ ਜੀਵਨ ਨਾਲ ਨਾ ਜੁੜ ਸਕਣਾ ਮੰਨਿਆ ਗਿਆ ਹੈ।

ਇਸ ਪਾਠ ਵਿਚ ਗੈਟੋ (Ghetto) ਨੂੰ ਵੀ ਇਸ ਹਵਾਲੇ ਨਾਲ ਹੀ ਵੇਖਿਆ ਗਿਆ ਹੈ। ਬਿਰਤਾਂਤਕਾਰ ਮੁਤਾਬਕ ਯੂਰਪ ਦੀ ਸਾਰੀ ਵਜੂਦੀ ਸਪੇਸ ਗੋਰਿਆਂ ਲਈ ਹੈ। ਇਸ ਹੇਰਵੇ ਵਿਚੋਂ ਹੀ ਮੂਲਵਾਸ ਵਿਚੋਂ ਦੇਸੀ ਅਵਾਜ਼ਾਂ ਦਾ ਨਿਰਯਾਤ ਹੁੰਦਾ ਹੈ।

ਪਰਵਾਸੀ ਬੰਦਾ ਆਪਣੀਆਂ ਅਵਾਜ਼ਾਂ ਸੁਣਨ ਲਈ ਗੈਟੋ ਸਿਰਜਦਾ ਹੈ।ਇਹਨਾਂ ਅਰਥਾਂ ਵਿਚ ਇਹ ਗੈਟੋਜ਼ ਪੰਜਾਬੀ ਲੋਕਾਂ ਦੀ ਸੰਕੀਰਣ ਬਿਰਤੀ ਦਾ ਪ੍ਰਗਟਾ ਹਨ। ਜਦਕਿ ਗੈਟੋ ਨੂੰ ਸ਼ਕਤੀਵਰ (Hegemonic) ਸਭਿਆਚਾਰ ਦੀ ਇਕ ਜੁਗਤ ਵਜੋਂ ਵੇਖਿਆ ਜਾ ਰਿਹਾ ਹੈ।[30]

'ਸਵੈ' ਅਤੇ 'ਪਰ' ਦੀ ਘਾੜਤ ਲਈ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਦੁਵੰਡ ਸਿਰਜੀ ਜਾਂਦੀ ਹੈ। ਇਸ ਬਿਰਤਾਂਤ ਵਿਚ ਸਿਰਜਿਆ ਗਿਆ 'ਸਵੈ ਬਿੰਬ' ਵੀ ਦੁਵੰਡ 'ਤੇ ਆਧਾਰਿਤ ਹੈ। ਇਹ 'ਸਵੈ ਬਿੰਬ' ਅਮਰੀਕਾ ਦੀ ਸੁਪਰ ਗਤੀ ਦੇ ਉਲਟ ਹੈ ਜੋ ਆਰਥਿਕ ਪ੍ਰਾਪਤੀਆਂ ਨੂੰ ਨਿਸ਼ਾਨਾ ਮੰਨਣ ਦੀ ਥਾਂ ਸੁਚੱਜਾ ਜੀਵਨ ਜਿਊਣ ਦੀ ਜਾਚ ਖੋਜਣ ਦਾ ਜਗਿਆਸੂ ਹੈ। 'ਸਵੈ' ਦੀ ਇਹ ਸਿਰਜਣਾ ਸਮਾਨਤਾਵਾਂ ਤੇ ਵਿਰੋਧਤਾਵਾਂ ਦੇ ਰੂਪ ਵਿਚ ਅਨੇਕ ਥਾਂ ਹੈ। ਮਿਸਾਲ ਵਜੋਂ ਨਿਮਨਲਿਖਤ ਹਵਾਲੇ ਵੇਖੇ ਜਾ ਸਕਦੇ ਹਨ :

> ਚੀਮਾ ਦਾ ਵਿਹਾਰ/ਅੰਦਾਜ਼ ਉੱਕਾ ਨਿਆਰਾ ਸੀ। ਜਿਵੇਂ ਉਹ ਅਮਰੀਕੀ ਗਤੀ ਤੋਂ ਨਾਬਰ ਹੋਵੇ। ਮੇਰੀ ਉਹਦੇ ਨਾਲ ਤੁਰੰਤ ਸੁਰ ਮਿਲ ਗਈ।[31]

> ਅਮਰੀਕਾ ਪੁੱਜ ਕੇ ਵੀ ਮੈਂ ਵਿਹਲੜਾਂ ਵਾਂਗ ਲਟੋਰੀ ਮਾਰਨੀ ਸ਼ੁਰੂ ਕੀਤੀ। ਲਟੋਰੀ ਮਾਰਨੀ ਤੇ ਇਰਦ—ਗਿਰਦ ਤੱਕਣੀ ਸੁੱਟਣੀ। ਇਹ ਦੋਵੇਂ ਕੰਮ ਅਮਰੀਕਾ ਦੀ ਸੁਪਰ—ਗਤੀ ਦੇ ਉਲਟ ਹਨ।[32]

ਆਪਣੇ ਬਾਰੇ ਗੱਲ ਕਰਦਿਆਂ ਅਚੇਤ ਰੂਪ ਵਿਚ ਪਰਵਾਸੀ ਪੰਜਾਬੀਆਂ ਦੀ ਜੀਵਨ—ਜਾਚ ਨਾਲ ਤੁਲਨਾ ਵੀ ਨਜਰ ਆਉਂਦੀ ਹੈ। ਇਸ ਤੁਲਨਾ ਵਿਚੋਂ ਸਵੈ ਦੇ ਸੁਹਜ ਦੇ ਮਾਪਦੰਡ ਪਰਵਾਸੀ ਪੰਜਾਬੀਆਂ ਦੇ ਮੁਕਾਬਲਤਨ ਉੱਚੇ ਜਾਪਦੇ ਹਨ। ਜਿਵੇਂ:

> ਮੈਂ ਕੈਨੇਡਾ ਨੂੰ ਕੈਨੇਡਾ ਵਾਂਗ ਨਹੀਂ ਦੇਖਿਆ, ਨਾ ਅਮਰੀਕਾ ਨੂੰ ਅਮਰੀਕਾ ਵਾਂਗ। ਜਿੱਥੇ ਗਿਆ ਆਪਣੇ ਬੰਦਿਆਂ ਦੇ ਵੱਸ ਪੈ ਗਿਆ।... ਮੈਂ ਕੈਨੇਡਾ/ਅਮਰੀਕਾ ਦੀਆਂ ਹਜ਼ਾਰਾਂ ਮੀਲਾਂ ਤਕ ਸੜਕਾਂ ਗਾਹ ਕੇ ਵੀ ਦੋਨਾਂ 'ਚੋਂ ਕੋਈ ਦੇਸ ਦੇਖ ਨਹੀਂ ਸਕਿਆ। ਆਪਣੇ ਭਾਈਬੰਦਾਂ ਨੂੰ ਹੀ ਦੇਖ ਸਕਿਆ ਜੋ ਏਥੇ ਕੰਮ ਤਾਂ ਕਰਦੇ ਹਨ ਪਰ ਰਹਿੰਦੇ ਨਹੀਂ।...ਇਹ ਲੋਕ ਤਾਂ ਰਹਿੰਦੇ ਹੀ ਨਹੀਂ ਕਿਤੇ, ਨਾ ਘਰ 'ਚ ਨਾ ਕੰਮ 'ਤੇ। ਇਹ ਤਾਂ ਕੰਮਾਂ ਦੇ ਗੇੜ 'ਚ ਗਿੜ ਰਹੇ ਨੇ।[33]

ਸਮੁੱਚੇ ਰੂਪ ਵਿਚ ਇਹ ਪਾਠ ਪਰਵਾਸੀ ਪੰਜਾਬੀ ਬੰਦੇ ਦੇ ਆਰਜ਼ੀ ਹੋਣ ਦਾ ਬਿੰਬ ਸਿਰਜਦਾ ਹੈ ਜਿਸ ਦਾ ਕੰਮ, ਘਰ—ਬਾਰ, ਬੱਚੇ ਅਤੇ ਵਿਆਹ ਸਮੇਤ ਸਭ ਕੁੱਝ ਆਰਜ਼ੀ ਹੈ। ਉਹ ਹਰ ਹੀਲੇ ਪਰਦੇਸ ਜਾਣ ਅਤੇ ਵਸਣ ਲਈ ਕਾਹਲਾ ਹੈ। ਇਸ ਮਕਸਦ ਲਈ ਉਹ ਹਰ ਸਮਝੌਤਾ ਕਰਨ ਲਈ ਤਿਆਰ ਵੀ ਹੈ। ਉਸ ਨੇ ਪਰਦੇਸਾਂ ਵਿਚ



ਆ ਕੇ ਆਰਥਿਕ ਉੱਨਤੀ ਹਾਸਲ ਕੀਤੀ ਹੈ ਪਰ ਇਸ ਦੀ ਕੀਮਤ ਵਜੋਂ ਉਹ ਮਾਨਸਿਕ ਪੱਧਰ 'ਤੇ ਟੁੱਟ—ਭੱਜ ਦਾ ਸ਼ਿਕਾਰ ਹੋਇਆ ਹੈ। ਸਮੁੱਚੇ ਰੂਪ ਵਿਚ ਪੱਛਮ ਦੇ ਕਾਰਪੋਰੇਟ ਜਗਤ ਵਿਚ ਉਹ ਮਹਿਜ਼ ਆਰਥਿਕ ਕਾਮੇ ਵਜੋਂ ਵਿਚਰਦਾ ਨਜਰ ਆਉਂਦਾ ਹੈ। 'ਪਰ' ਦੀ ਅਜਿਹੀ ਘਾੜਤ ਪਰਵਾਸੀ ਬੰਦੇ ਨੂੰ ਆਰਥਿਕ ਲੋਭਾਂ ਵਿਚ ਫਸੇ ਵਿਅਕਤੀ ਵਜੋਂ ਚਿੰਨ੍ਹਤ ਕਰਦੀ ਹੈ ਪਰ ਪਰਵਾਸ ਦੇ ਵਰਤਾਰੇ ਨੂੰ ਸਮੁੱਚਤਾ ਵਿਚ ਸਮਝਣ ਲਈ ਉਹਨਾਂ ਦਬਾਵਾਂ ਨੂੰ ਸਮਝਣਾ ਜ਼ਰੂਰੀ ਹੈ ਜੋ ਪਰਵਾਸ ਦਾ ਕਾਰਨ ਬਣੇ। ਇਹਨਾਂ ਪਰਵਾਸੀਆਂ ਦੀ ਖੋਜ ਬੇਸ਼ਕ ਆਰਥਿਕ ਸੀ ਜੋ ਜਿਊਣ ਦੀ ਲੋੜ ਵਿਚੋਂ ਜਨਮੀ ਪਰ ਇਸ ਨਾਲ ਇਹਨਾਂ ਨੇ ਜੋ ਦੁਸ਼ਵਾਰੀਆਂ ਝੱਲੀਆਂ, ਉਹਨਾਂ ਨੂੰ ਹਮਦਰਦੀ ਨਾਲ ਵੇਖਣ ਦੀ ਲੋੜ ਹੈ। ਬੇਸ਼ੱਕ ਆਰਥਿਕ ਉੱਨਤੀ ਨੂੰ ਮਨੁੱਖ ਦੇ ਸਰਬਪੱਖੀ ਵਿਕਾਸ ਜਾਂ ਜੀਵਨ ਦਾ ਭਰਪੂਰ ਬਦਲ ਨਹੀਂ ਮੰਨਿਆ ਜਾ ਸਕਦਾ। ਇਸ ਦੇ ਉਲਟ ਇਹ ਵੀ ਵਿਚਾਰਨਯੋਗ ਹੈ ਕਿ ਆਰਥਿਕ ਤੰਗੀਆਂ ਵਿਚ ਵੀ ਮਨੁੱਖ ਆਪਣੀਆਂ ਸੰਭਾਵਨਾਵਾਂ ਹੰਢਾਉਣ ਦੇ ਯੋਗ ਨਹੀਂ ਹੋ ਸਕਦਾ। ਇਸ ਲਈ ਆਰਥਿਕਤਾ ਦੇ ਰੋਲ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ।

ਗੁਰਬਚਨ ਇਸ ਬਿਰਤਾਂਤ ਵਿੱਚ ਪੱਛਮੀ ਪ੍ਰਬੰਧ ਦੀ ਇਸ ਮਿੱਥ ਨੂੰ ਤਾਂ ਤੋੜਦਾ ਹੈ ਕਿ ਉਹ ਕਿਸੇ ਸੁਹਜ ਭਰਪੂਰ ਮਨੁੱਖੀ ਜੀਵਨ—ਜਾਚ ਦੀ ਸਿਰਜਣਾ ਕਰਨ ਦੇ ਵਾਰਿਸ ਹਨ। ਇਸ ਨੁਕਤੇ ਤੋਂ ਉਹ ਆਰਥਿਕ ਤਰੱਕੀ ਕਰਕੇ ਵੱਧ ਪੂੰਜੀ ਸੰਗ੍ਰਹਿਤ ਕਰਨ ਦੇ ਰੇਖਕੀ ਵਿਕਾਸ ਨੂੰ ਮੁੜ ਵਿਚਾਰਨ ਦੀ ਤਜਵੀਜ਼ ਦਿੰਦਾ ਜਾਪਦਾ ਹੈ ਪਰ ਇਸ ਵਿਕਾਸ ਮਾਡਲ ਦੀ ਗ਼ੈਰਹਾਜਰੀ ਵਿਚ ਸੰਭਾਵੀ ਮਾਡਲ ਕਿਹੜਾ ਹੋਵੇਗਾ, ਇਸ ਬਾਬਤ ਕੋਈ ਜਾਣਕਾਰੀ ਨਹੀਂ ਮਿਲਦੀ। ਸਮੁੱਚੇ ਰੂਪ ਵਿਚ ਇਹ ਪਾਠ ਜੀਵਨ ਬਸਰ ਕਰਨ ਦੀ ਸੁਚੱਜੀ ਜਿਊਣ ਵਿਧੀ ਦੇ ਰਾਹ ਵਿਚ ਅੜਿੱਕਾ ਬਣ ਰਹੇ ਕਾਰਨਾਂ ਦੀ ਤਲਾਸ਼ ਦਾ ਯਤਨ ਹੈ ਪਰ ਇਹਨਾਂ ਨੂੰ ਘੋਖਣ ਵੇਲੇ ਪਰਵਾਸ ਕਰਨ ਵਾਲੇ ਵਿਅਕਤੀ ਦੀਆਂ ਨਿੱਜੀ ਊਣਾਂ ਦੇ ਨਾਲ ਪਰਵਾਸ ਲਈ ਜ਼ੁੰਮੇਵਾਰ ਹਾਲਤਾਂ ਨੂੰ ਘੋਖਣ ਦੀ ਲੋੜ ਵਧੇਰੇ ਹੈ ਕਿਉਂਕਿ ਪਰਵਾਸ ਬੰਦੇ ਦੀ ਚੋਣ ਨਾਲੋਂ ਵੱਧ ਉਸ ਦੀ ਮਜਬੂਰੀ ਹੈ।

ਹਵਾਲੇ:

1. "ਮੈਂ ਚਾਰ ਵਾਰ ਬਦੇਸ਼ ਗਿਆ।ਜੋ ਵਾਪਰਿਆ ਦੇਖਿਆ ਦਿਨ—ਵਰਕੀ 'ਚ ਦਰਜ ਕੀਤਾ। ਖਿਆਲ ਆਇਆ ਕਿ ਜੇ ਚਲੰਤ ਸਫਰਨਾਮਾ ਹੀ ਲਿਖਣਾ ਹੈ ਤਾਂ ਨਾ ਲਿਖਣਾ ਹੀ ਚੰਗਾ, ਕੁਝ ਨਾ ਲਿਖਿਆ।"
   ਗੁਰਬਚਨ, "ਆਦਿ ਕਥਨ", ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ, ਯੂਨੀਸਟਾਰ ਬੁਕਸ, ਚੰਡੀਗੜ੍ਹ, 2015, ਪੰਨਾ 9.
2. ਉਹੀ।
3. ਵਰਿਆਮ ਸਿੰਘ ਸੰਧੂ,"ਵੀਹਵੀਂ ਸਦੀ ਦੀ ਪੰਜਾਬੀ ਵਾਰਤਕ—ਇਕ ਜਾਇਜ਼ਾ", ਵੀਹਵੀਂ ਸਦੀ ਦੀ ਪੰਜਾਬੀ ਵਾਰਤਕ, ਵਰਿਆਮ ਸਿੰਘ ਸੰਧੂ (ਸੰਪਾ.), ਸਾਹਿਤ

ਅਕਾਦਮੀ, ਨਵੀਂ ਦਿੱਲੀ, 2003, ਪੰਨਾ 24.

4. The asymmetry in power relationship is central to the construction of otherness. Only the dominant group is in a position to impose the value of its particularity (its identity) and to devalue the particularity of others (their otherness) while imposing corresponding discriminatory measures. Therefore, if the Other of Man is Woman, and if the other of the White Man is the Black Man, the opposite is not true (Beauvoir, 1952; Fanon, 1963).
Quoted by Jean-Francois Staszak, "Other/Otherness", **International Encyclopedia of Human Geography**, Elsevier, 2008, p.2.
https://www.unige.ch/sciences-societe/geo/files/3214/4464 7634/otherotherness.pdf, Accessed on 13.5.2019, at 3:10 pm.
5. ਗੁਰਬਚਨ, ਉਹੀ, ਪੰਨਾ 9.
6. ਪਾਲ ਸਿੰਘ ਉਸਦਾ ਅਮਰੀਕੀ ਨਾਂ ਹੈ।ਪਿਛਾਂਹ ਪਿੰਡ 'ਚ ਉਸਦਾ ਨਾਂ ਇਹ ਨਹੀਂ।ਨਿਊਯੌਰਕ ਪੁੱਜ ਕੇ ਉਹਦੀ ਹੈਸੀਅਤ ਜਾਅਲੀ ਹੋ ਗਈ।
7. ਪੱਛਮੀ ਮੁਲਕ ਤੰਗ—ਜੇਬ ਅਵਾਰਾਗਰਦਾਂ ਲਈ ਨਹੀਂ ਰਹੇ। ਉੱਥੇ ਪ੍ਰਕਿਰਤੀ ਦਾ ਚੱਪਾ—ਚੱਪਾ ਫੀਤਾਬੱਧ ਹੋ ਚੁਕਾ ਹਰ ਦ੍ਰਿਸ਼ ਤੈਅਸ਼ੁਦਾ। ਮਨੁੱਖ ਕੁੱਝ ਖਰੀਦ ਰਿਹਾ ਜਾਂ ਫਰੋਖਤ ਕਰ ਰਿਹਾ ਜਾਂ ਖਰੀਦਣ ਦੇ ਸਮਰਥ ਹੋਣ ਲਈ ਮੁਸ਼ੱਕਤ ਕਰ ਰਿਹਾ।
8. ਉਹੀ, ਪੰਨਾ 119.
9. ਉਹੀ, ਪੰਨਾ 70.
10. ਉਹੀ, ਪੰਨਾ 91.
11. ਉਹੀ,, ਪੰਨਾ 116.
12. ਆਪਣੇ ਬੰਦੇ ਜੋ ਕੰਮ—ਧੰਦਾ ਕਰਨ ਲਈ ਤਰਕੀਬਾਂ ਵਰਤਦੇ ਹਨ, ਝੂਠ ਨੂੰ ਸੱਚ ਬਣਾ ਕੇ ਦੱਸਦੇ ਹਨ, ਉਸ ਬਾਰੇ ਅਮਰੀਕਨ ਅਧਿਕਾਰੀ ਮੂਰਖ ਨਹੀਂ, ਸਭ ਜਾਣਦੇ ਹਨ। ਉਹ ਕੰਮ ਕਰਨ ਵਾਲੇ ਨੂੰ ਕਹਿੰਦੇ ਕੁਝ ਨਹੀਂ। ਜਿਸ ਬੰਦੇ ਦੀ ਸ਼ਨਾਖ਼ਤ ਹੀ ਜਾਅਲੀ ਹੋ ਚੁੱਕੀ ਹੈ ਉਸ ਨੂੰ ਹੋਰ ਠੇਸ ਪਹੁੰਚਾਈ ਵੀ ਕੀ ਜਾ ਸਕਦੀ? ...ਉਹ ਅੱਧੇ ਤੋਂ ਵੀ ਘੱਟ ਬੰਦੇ ਵਾਂਗ ਦਿਨ—ਕਟੀ ਕਰਦਾ ਹੈ।ਸਿਸਟਮ ਦੇ ਪ੍ਰਭੂ ਅੱਧੀ—ਪੌਣੀ ਹੋਂਦ ਤੋਂ ਭੈਅ—ਭੀਤ ਹੋਣ ਵਾਲੇ ਨਹੀਂ ਹੁੰਦੇ ਹਨ।
13. ਉਹੀ, ਪੰਨੇ 149—150.
14. ਉਹੀ, ਪੰਨੇ 86—87.



15. ਉਹੀ, ਪੰਨਾ 72.
16. ਉਹੀ, ਪੰਨਾ 73.
17. ਉਹੀ, ਪੰਨਾ 24.
18. ਉਹੀ, ਪੰਨਾ 17.
19. ਉਹੀ, ਪੰਨਾ 53.
20. ਹੁਣ ਅਹਾ ਮੇਰੇ ਮੁੰਡੇ ਸੂਰ ਵਾਂਗ ਫੈਲੀ ਜਾਂਦੇ ਆ, ਅੱਵਲ ਦਰਜੇ ਦੇ ਨਿਕੰਮੇ ਨੇ।
21. ਉਹੀ, ਪੰਨੇ 86—87.
22. ਉਹੀ, ਪੰਨਾ 82.
23. ਉਹੀ, ਪੰਨਾ 37.
24. ਉਹੀ, ਪੰਨਾ 38.
25. ਉਧਰਿਤ, ਡਾ. ਯਾਦਵਿੰਦਰ ਸਿੰਘ, ਪੂਰਬਵਾਦ: ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010, ਪੰਨੇ 16—17.
26. ਬਾਲਟੀਮੋਰ ਦੇ ਨਾਂ 'ਤੇ ਵਸਿਆ ਇਹ ਸ਼ਹਿਰ ਹੈ ਜਿੱਥੇ ਕਾਲੀ ਵੱਸੋਂ ਚੋਖੀ ਹੈ। ਸੂਰਜ ਅਸਤ ਹੋਣ ਬਾਅਦ ਸ਼ਹਿਰ ਦੇ ਅੰਦਰਵਾਰ ਕਾਲੇ ਯੁਵਕਾਂ ਦੇ ਆਕ੍ਰੋਸ਼ ਤੇ ਆਤੰਕ ਦਾ ਬਿਗਲ ਵੱਜਣ ਲਗਦਾ ਹੈ। ਮਾਰਧਾੜ, ਨਸ਼ਾਗਿਰੀ, ਖੋਹਾਂ, ਲੁੱਟਾਂ, ਕਤਲ ਦੀਆਂ ਵਾਰਦਾਤਾਂ ਹੁੰਦੀਆਂ ਹਨ। ਨਿਊਯੌਰਕ ਦੀਆਂ ਕਾਲੀਆਂ ਬਸਤੀਆਂ ਦੇ ਲੋਕਾਂ ਦੀ ਵੀ ਇਹੀ ਪਛਾਣ ਬਣੀ ਹੋਈ ਹੈ।
ਗੁਰਬਚਨ, ਉਹੀ, ਪੰਨਾ 148.
27. ਨਲਵਾ:...ਏਥੇ ਜੇਲ੍ਹਾਂ 'ਚ ਅੱਧਿਓਂ ਵੱਧ ਕਾਲੇ ਆ। ਕਾਲੇ ਕੰਮ ਹੀ ਨਹੀਂ ਕਰਨਾ ਚਾਹੁੰਦੇ, ਲੁੱਟ/ਖੋਹ ਕੇ ਖਾਣਾ ਚਾਹੁੰਦੇ ਨੇ।...ਕਾਲਿਆਂ ਦੇ ਅੰਦਰੋ—ਅੰਦਰ ਕਾਲਖ ਭਰੀ ਪਈ ਹੈ, ਨਿਕਲਦੀ ਹੀ ਨਹੀਂ। ਜਦ ਨਿਕਲਦੀ ਆ ਤਾਂ ਪਸਤੌਲ ਚਲਾਣ ਲੱਗਦੇ ਆ। ਰੋਜ਼ ਅਖਬਾਰਾਂ 'ਚ ਇਨ੍ਹਾਂ ਦੀਆਂ ਬੁਲਬੁਲੀਆਂ ਬਾਰੇ ਖਬਰਾਂ ਛੱਪਦੀਆਂ।
ਉਹੀ, ਪੰਨਾ 86.
28. ਉਹੀ, ਪੰਨਾ 34.
29. "ਏਥੇ ਜੋ ਖਾਲਿਸਤਾਨੀ ਰੌਲਾ ਪਾਉਂਦੇ ਆ, ਉਹ?"
"ਆਪਣੇ ਘਰ 'ਚ ਸਵਿਮਿੰਗ ਪੂਲ ਵਾਲੀ ਗੱਲ ਹੈ। ਤੈਰਨ ਨਾਲੋਂ ਵਧ ਦਿਖਾਣ ਲਈ ਹੈ, ਸ਼ਾਨ ਲਈ ਹੈ, ਪਛਾਣ ਲਈ। ਕਈਆਂ ਲਈ ਖਾਲਿਸਤਾਨ ਬਿਜ਼ਨਸ ਹੈ।"
ਉਹੀ, ਪੰਨਾ 85.
30. Also, sets of spatial constructs and practices are based on the discursive construction of otherness to separate the self from the other. Segregation is the most evident of these

constructs…Furthermore, confining Others to community life amongst themselves in a degraded ghetto-where the concentration of poverty and exclusion compounds their effects-creates favorable conditions for the development of visible misery and a specific culture. These serve a posteriori as justification for the stigmatization and isolation of the incriminated group and confirm the dominant group's sense of superiority. The ghetto creates otherness.

Jean-Francois Staszak, **International Encyclopedia of Human Geography**, p. 5.

31. ਗੁਰਬਚਨ, ਉਹੀ, ਪੰਨਾ 71.
32. ਉਹੀ, ਪੰਨਾ 60.
33. ਉਹੀ, ਪੰਨੇ 112-113


ਕਾਗਜ਼, ਪ੍ਰਿੰਟਿੰਗ ਅਤੇ ਡਾਕ ਦੀਆਂ ਲਗਾਤਾਰ
ਵਧ ਰਹੀਆਂ ਕੀਮਤਾਂ ਕਾਰਣ ਸਾਨੂੰ 'ਪ੍ਰਵਚਨ'
ਦੀ ਕੀਮਤ 75 ਰੁਪਏ ਤੋਂ 100 ਰੁਪਏ ਪ੍ਰਤੀ ਅੰਕ ਕਰਨ ਲਈ
ਮਜਬੂਰ ਹੋਣਾ ਪੈ ਰਿਹਾ ਹੈ।
ਉਮੀਦ ਹੈ ਪਾਠਕ ਸਹਿਯੋਗ ਦੇਣਗੇ।



**ਪਾਠਕਾਂ, ਪ੍ਰਕਾਸ਼ਕਾਂ ਅਤੇ ਪੁਸਤਕ ਪ੍ਰੇਮੀਆਂ ਲਈ ਸੂਚਨਾ**

ਪਹਿਲੀ ਮਈ ਤੋਂ ਡਾਕਖਾਨੇ ਵਿਚ ਗਿਆਨ ਪੋਸਟ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਡਾਕ ਦਰਾਂ ਹੇਠ ਲਿਖੇ ਅਨੁਸਾਰ ਹੋਣਗੀਆਂ:

300 ਗਰਾਮ 20/-  500 ਗਰਾਮ 25/-

ਇਕ ਕਿੱਲੋ ਤੱਕ 35/-  ਪੰਜ ਕਿੱਲੋ ਤੱਕ 100/-

ਇਸ ਸਕੀਮ ਤਹਿਤ ਪ੍ਰਿੰਟਡ ਬੁੱਕਸ ਦੀ ਥਾਂ 'ਗਿਆਨ ਪੋਸਟ' ਲਿਖਣਾ ਹੋਵੇਗਾ।




**ਮੇਰੇ ਪੁਸਤਕ ਰਖਨੇ 'ਚੋਂ**

## ਪਿਤਰਸੱਤਾ ਨਾਲ ਜੂਝਦੀ ਜ਼ਿੰਦਗੀ

**-ਜਸ ਮੰਡ**

ਲੰਘੀ ਫਰਵਰੀ ਵਿਚ ਦਿੱਲੀ ਵਿਸ਼ਵ ਪੁਸਤਕ ਮੇਲੇ ਦੌਰਾਨ ਲਾਲਿਮਾ ਸਿੰਘ ਦੀ ਸਵੈਜੀਵਨੀ'ਪਿਆਰ ਕੀ ਬੰਜਾਰਨ ਤਲਾਸ਼-ਏਕ ਸਧਾਰਨ ਔਰਤ ਕੀ ਸਧਾਰਨ ਆਤਮਕਥਾ' ਦੀ ਘੁੰਡ ਚੁਕਾਈ ਹੋਈ, ਜਿਹੜੀ ਮੈਂ ਲਗਦੇ ਹੱਥ ਪੜ੍ਹ ਵੀ ਲਈ।

ਪੰਜਾਬੀ ਸਾਹਿਤ ਦੇ ਵੱਡੇ ਹਸਤਾਖਰ ਕਰਨਜੀਤ ਸਿੰਘ ਦੀ ਬੇਟੀ ਲਾਲਿਮਾ ਨੂੰ ਪਹਿਲੀ ਵਾਰੀ ਮੈਂ 1977 ਵਿਚ ਉਨ੍ਹਾਂ ਦੇ ਮਾਸਕੋ ਵਾਲੇ ਘਰ ਵਿਚ ਮਿਲਿਆ ਸੀ। ਉਦੋਂ ਕਰਨਜੀਤ ਹੁਰੀਂ ਵੀ ਅਤੇ ਮੈਂ ਵੀ ਨਵੇਂ-ਨਵੇਂ ਮਾਸਕੋ ਪਹੁੰਚੇ ਸਾਂ, ਕਰਨਜੀਤ ਹੁਰੀਂ ਪ੍ਰੋਗਰੈਸ ਪਬਲਿਸ਼ਰਜ਼ ਵਿਚ ਪੰਜਾਬੀ ਦੇ ਅਨੁਵਾਦਕ ਦੇ ਤੌਰ 'ਤੇ, ਅਤੇ ਮੈਂ ਲਮੂੰਬਾ ਯੂਨੀਵਰਿਸਟੀ ਵਿਚ ਬਤੌਰ ਵਿਦਿਆਰਥੀ। ਲਾਲਿਮਾ ਮੇਰੀ ਹਮ-ਜਮਾਤਣ ਸੀ, ਉਸ ਨੇ ਹੁਣੇ ਹੁਣੇ ਸੋਵੀਅਤ ਯੂਨੀਅਨ ਦੀ ਵੱਡੇ ਨਾਮਣੇ ਵਾਲੀ ਮਾਸਕੋ ਯੂਨੀਵਰਿਸਟੀ ਵਿਚ ਦਾਖਲਾ ਲਿਆ ਸੀ।ਲਾਲਿਮਾ ਨਾਲ ਮੇਰੀ ਦੋਸਤੀ ਭਾਰਤ ਮੁੜ ਆਉਣ ਤੋਂ ਬਾਦ ਵੀ ਬਰਕਰਾਰ ਰਹੀ, ਸ਼ਾਇਦ ਇਸ ਲਈ ਕਿ ਕਰਨਜੀਤ ਸਿੰਘ ਦੀਆਂ ਚਾਰ ਧੀਆਂ ਅਤੇ ਦੋ ਪੁੱਤਰਾਂ ਵਿਚੋਂ ਉਹ ਸਭ ਤੋਂ ਵੱਧ ਮਿਲਣਸਾਰ ਸੀ। ਤਕਰੀਬਨ ਪੰਜਾਹ ਵਰ੍ਹਿਆਂ ਦੀ ਦੋਸਤੀ ਦੌਰਾਨ ਲਾਲਿਮਾ ਦੇ ਜੀਵਨ ਵਿਚ ਮੈਂ ਕਈ ਉਤਾਰ ਚੜ੍ਹਾਅ ਵੇਖੇ, ਜਿਹੜੇ ਮੈਨੂੰ ਕਦੇ ਵੀ ਅਸਾਧਾਰਨ ਨਹੀਂ ਸਨ ਜਾਪੇ। ਇਸਲਈ ਸਾਲ ਕੁ ਪਹਿਲਾਂ (ਕਰਨਜੀਤ ਸਿੰਘ ਹੁਰਾਂ ਦੀ ਮੌਤ ਤੋਂ ਮਹੀਨਾ ਕੁ ਮਗਰੋਂ) ਜਦੋਂ ਉਸਨੇ ਆਪਣੀ ਸਵੈਜੀਵਨੀ ਲਿਖਣ ਬਾਰੇ ਸਲਾਹ ਕੀਤੀ, ਤਾਂ ਮੈਂ ਉਸਨੂੰ ਹੱਲਾਸ਼ੇਰੀ ਇਹ ਸੋਚ ਕੇ ਦਿੱਤੀ ਕਿ ਮਨ ਦਾ ਗੁੱਭ-ਗੁਭਾਟ ਕਾਗਜ਼ ਉੱਤੇ ਉਤਾਰਨ ਨਾਲ ਉਸਨੂੰ ਮਾਨਸਿਕ ਰਾਹਤ ਵੀ ਮਿਲੇਗੀ ਅਤੇ ਆਪਣੇ-ਆਪ ਨੂੰ ਸਮਝਣ ਵਿਚ ਮਦਦ ਵੀ। ਉਹਦੀ ਸਵੈ-ਜੀਵਨੀ ਇਕ ਸਾਹਿਤਕ ਕਿਰਤ ਬਣ ਕੇ ਪੇਸ਼ ਹੋਵੇਗੀ, ਇਹਦੀ ਆਸ ਮੈਨੂੰ ਬਿਲਕੁਲ ਨਹੀਂ ਸੀ।

ਜਰਨਲਿਜ਼ਮ ਵਿਚ ਪੀਐਚ.ਡੀ ਕਰ ਕੇ 1987 ਵਿਚ ਵਾਪਸ ਭਾਰਤ ਪਰਤੀ ਲਾਲਿਮਾ ਨੂੰ ਚੌਂਹ ਸਾਲਾਂ ਬਾਦ ਜਾ ਕੇ ਦਿੱਲੀ ਦੇ ਸਪਰਿੰਗ ਡੇਲਜ਼ ਸਕੂਲ ਵਿਚ ਅਧਿਆਪਕਾ ਦੀ ਨੌਕਰੀ ਮਿਲੀ, ਜਿਥੇ ਉਸਨੇ ਪਹਿਲੇ ਕੁਝ ਸਾਲ ਬੱਚਿਆਂ ਨੂੰ ਰੂਸੀ ਤੇ ਫੇਰ ਹਿੰਦੀ ਪੜ੍ਹਾਉਣ ਦਾ ਕੰਮ ਕੀਤਾ। ਆਪਣੀ ਸਵੈਜੀਵਨੀ ਨੂੰ ਉਸ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ: ਮਾਸਕੋ ਜਾਣ ਤੋਂ ਪਹਿਲਾਂ ਦੇ ਸਾਲ, ਮਾਸਕੋ ਵਿਚ ਬਿਤਾਏ ਦਸ ਸਾਲ ਅਤੇ ਭਾਰਤ ਮੁੜ ਆਉਣ ਤੋਂ ਬਾਦ ਵਾਲੇ ਸਾਲ।ਇਸ ਪੁਸਤਕ ਵਿਚ ਤੁਹਾਨੂੰ ਦਿੱਲੀ ਵਿਚ ਵਸਦੇ ਇਕ ਮੱਧਵਰਗੀ ਪਰਵਾਰ ਦੀ ਝਲਕ ਵੀ ਦਿਸੇਗੀ ਅਤੇ ਸੋਵੀਅਤ ਸਮਿਆਂ ਦੇ ਮਾਸਕੋ ਦੀ ਵੀ। ਤੁਰਕਮੇਨ ਦੇ ਸਈਦ ਕੁਲੀਏਵ ਨਾਲ ਤਿੰਨ-ਚਾਰ

ਵਰ੍ਹਿਆਂ ਦੀ ਗੂੜ੍ਹੀ ਦੋਸਤੀ ਅਤੇ ਸ਼ਬਨਮ ਹਾਸ਼ਮੀ ਨਾਲ ਪੰਜ ਦਹਾਕਿਆਂ ਦੀ ਨਿਰਵਿਘਨ ਦੋਸਤੀ ਦੀ ਦਾਸਤਾਨ ਵੀ ਮਿਲੇਗੀ। ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਨਾਲ ਮੁਲਾਕਾਤ ਦਾ ਜ਼ਿਕਰ ਵੀ ਮਿਲੇਗਾ ਅਤੇ ਅਨਾਮਿਕਾ ਹਕਸਰ ਨਾਲ ਮਾਸਕੋ ਵਿਚ ਬਿਤਾਏ ਪਲਾਂ ਦਾ ਵੀ।

ਲਾਲਿਮਾ ਦੀ ਜ਼ਿੰਦਗੀ ਸ਼ੇਅਰ ਮਾਰਕਿਟ ਦੇ ਗਰਾਫ ਵਾਂਗ ਉੱਪਰ ਥੱਲੇ ਹੁੰਦੀ ਰਹੀ। ਡਾਵਾਂਡੋਲ।ਇਸ ਤਬਕੇ ਦੇ ਆਮ ਲੋਕਾਂ ਨਾਲੋਂ ਸ਼ਾਇਦ ਥੋੜ੍ਹੀ ਜਿਹੀ ਜ਼ਿਆਦਾ! ਨਿੱਕੀਆਂ-ਨਿੱਕੀਆਂ ਘਟਨਾਵਾਂ ਉਸਦੀ ਸ਼ਖਸੀਅਤ ਉਸਾਰੀ ਦੀਆਂ ਇੱਟਾਂ ਬਣਦੀਆਂ ਜਾਂਦੀਆਂ ਗਈਆਂ। ਕਦੇ ਖੁਸ਼ੀ ਕਦੇ ਗਮ, ਕਦੇ ਹਾਸਾ ਕਦੇ ਰੋਣਾ, ਕਦੇ ਭਰਪੂਰ ਪਿਆਰ ਭਰਿਆ ਰਿਸ਼ਤਾ ਤੇ ਕਦੇ ਇਕੱਲਾਪਣ, ਕਦੇ ਤਨਾਅ ਤੇ ਕਦੇ ਸ਼ਾਂਤ ਚਿੱਤ ਵਾਲੇ ਪਲ। ਹਾਲਾਤ ਡਾਵਾਂਡੋਲ ਹੋਏ, ਪਰ ਮਨੋਸਥਿਤੀ ਕਦੇ ਡਾਵਾਂਡੋਲ ਨਹੀਂ ਹੋਈ। ਹਰ ਮੁਸੀਬਤ ਦੇ ਸਾਹਮਣੇ ਉਹ ਡਟ ਕੇ ਖੜੋਤੀ ਰਹੀ। ਹਰ ਵਾਰ। ਕੱਲਮ-ਕੱਲੀ। ਪੜ੍ਹੇ-ਲਿਖੇ ਅਤੇ ਅਗਾਂਹਵਧੂ ਵਿਚਾਰਾਂ ਵਾਲੇ ਪਿਤਾ ਵਲੋਂ ਲੋੜੀਂਦੇ ਸਹਾਰੇ ਅਤੇ ਸੇਧ ਦੀ ਕਮੀ ਖਟਕਦੀ ਰਹੀ, ਅਤੇ ਭਰਾਵਾਂ ਨੇ ਤਾਂ ਨਾਤਾ ਹੀ ਤੋੜ ਲਿਆ।

ਲਾਲਿਮਾ ਲਿਖਦੀ ਹੈ ਕਿ ਨਾ ਉਹ ਤੇ ਨਾ ਹੀ ਦੂਜੇ ਭੈਣ-ਭਰਾ ਆਪਣੇ ਪਿਤਾ ਨਾਲ ਕਦੇ ਖੁੱਲ੍ਹ ਕੇ ਗੱਲ ਕਰ ਸਕਦੇ ਸਨ। "ਇਕ ਡਰ ਜਿਹਾ ਮਨ ਵਿਚ ਬੈਠ ਗਿਆ ਸੀ, ਜਿਸਨੂੰ ਅਸੀਂ ਹਮੇਸ਼ਾ ਸਨਮਾਨ ਦੀ ਚਾਦਰ ਨਾਲ ਢਕਦੇ ਰਹੇ । ਏਸ ਗੱਲ ਨੂੰ ਕਰਨਜੀਤ ਸਿੰਘ ਨੇ ਵੀ ਆਪਣੀ ਸਵੈਜੀਵਨੀ ਦੀ ਤੀਜੀ ਜਿਲਦ 'ਏਨੀ ਮੇਰੀ ਬਾਤ' ਵਿਚ ਸਵੀਕਾਰਿਆ ਸੀ। ਉਸਨੇ ਲਿਖਿਆ ਸੀ ਕਿ ਉਹ ਮਧਯੁਗੀ ਸੋਚ ਤੋਂ ਪੂਰੀ ਤਰਾਂ ਛੁਟਕਾਰਾ ਪਾਉਣ ਵਿਚ ਨਾਕਾਮਯਾਬ ਰਿਹਾ ਅਤੇ ਫਲਸਰੂਪ ਆਪਣੇ ਬੱਚਿਆਂ ਨਾਲ ਇਸ ਤਰਾਂ ਦੀ ਸਾਂਝ ਨਹੀਂ ਪਾ ਸਕਿਆ ਕਿ ਉਹ ਉਸ ਨਾਲ ਖੁੱਲ੍ਹ ਕੇ ਆਪਣੇ ਦਿਲ ਦੀ ਗੱਲ ਸਾਂਝੀ ਕਰ ਸਕਣ।

ਪੂਰੀ ਪੁਸਤਕ ਦੌਰਾਨ ਲੇਖਕਾ ਵਾਰ ਵਾਰ ਪਹਿਲਾਂ ਤਨਾਅ ਉਸਾਰਦੀ ਹੈ ਅਤੇ ਫੇਰ ਉਸਨੂੰ ਢੈਲਾ ਛੱਡਦੀ ਹੈ। ਪਹਿਲਾਂ ਇਕ ਗੁੰਝਲਦਾਰ ਸਥਿਤੀ ਨੂੰ ਬਿਆਨ ਕਰਦੀ ਹੈ, ਫੇਰ ਉਹਦੇ ਬਾਰੇ ਸਵਾਲ ਖੜ੍ਹੇ ਕਰਦੀ ਹੈ।ਵਿਚਾਰਧਾਰਾ ਦਾ ਪੱਲਾ ਘੁੱਟ ਕੇ ਫੜੀ ਰਖਦੀ ਹੈ, ਪਰ ਕਿਤੇ ਵੀ ਨਾਅਰੇ ਲਾਉਂਦੀ ਜਾਂ ਫਤਵੇ ਦੇਂਦੀ ਨਹੀਂ ਦਿਸਦੀ।ਪਾਠਕ ਨੂੰ ਪਤਾ ਲਗਦਾ ਹੈ ਕਿ ਲਾਲਿਮਾ ਨਾਲ ਕੀ ਵਾਪਰ ਰਿਹਾ ਸੀ ਅਤੇ ਲਾਲਿਮਾ ਦੇ ਅੰਦਰ ਕੀ ਵਾਪਰ ਰਿਹਾ ਸੀ।ਲਾਲਿਮਾ ਨਾਲ ਜੋ ਵਾਪਰਿਆ, ਉਹ ਸਬਜੈਕਟਿਵ ਹੈ, ਪਰੰਤੂ ਉਸ ਵਾਪਰੇ ਹੋਏ ਨੂੰ ਲਾਲਿਮਾ ਨੇ ਕਿਵੇਂ ਮਹਿਸੂਸ ਕੀਤਾ, ਉਹ ਸਰਬਵਿਆਪੀ ਹੈ। ਲੇਖਕਾ ਦੀ ਸਵੈ-ਜੀਵਨੀ ਨਿੱਜ ਤੋਂ ਵਿਆਪਕ ਤੱਕ ਦਾ ਸਫਰ ਤੈਅ ਕਰਦੀ ਦਿਸਦੀ ਹੈ।ਇਸੇ ਦੀ ਬਦੌਲਤ ਪਾਠਕ ਇਸਨੂੰ ਆਪਣੇ ਨਾਲ ਜੋੜ ਕੇ ਵੇਖਣ ਲਗਦਾ ਹੈ। ਇਹੋਉਹ ਗੁਣਹੈ, ਜਿਹੜਾ ਇਸ ਲਿਖਤ ਨੂੰ ਰੋਜ਼ਨਾਮਚੇ ਦੀ ਵਿਧਾ ਵਿਚੋਂ ਕੱਢ ਕੇ ਸਵੈਜੀਵਨੀ ਦੀ ਵਿਧਾ ਦਾ ਹਿੱਸਾ ਬਣਾਂਦਾ ਹੈ। ਲੇਖਕਾ ਆਪਣੇ ਜੀਵਨ ਨੂੰ ਸਖਤ



ਲੀਨੀਅਰ ਬਿਰਤਾਂਤ ਦੀ ਬਜਾਏ ਟੁਟਵੀਆਂ ਘਟਨਾਵਾਂ ਰਾਹੀਂ ਪੇਸ਼ ਕਰਦੀ ਹੈ।ਘਟਨਾਵਾਂ ਨੂੰ ਬਿਆਨ ਕਰਨ ਦੀ ਬਜਾਏ ਉਹ ਦ੍ਰਿਸ਼-ਚਿਤਰਣ ਰਾਹੀਂ ਪੇਸ਼ ਕਰਦੀ ਹੈ। ਇਹੋ ਉਹ ਗੁਣ ਹੈ ਜਿਹੜਾ ਇਸ ਲਿਖਤ ਨੂੰ ਰਚਨਾਤਮਕ ਲੇਖਣੀ ਦਾ ਹਿੱਸਾ ਬਣਾਂਦਾ ਹੈ।

ਪੂਰੀ ਪੁਸਤਕ ਨੂੰ ਮਾਲਾ ਵਿਚ ਪਰੋਣ ਦਾ ਕੰਮ ਕੀਤਾ ਹੈ ਪਿਤਰਸੱਤਾ ਦੇ ਸੰਕਲਪ ਨੇ, ਜਿਸ ਨੂੰ ਲਾਲਿਮਾ ਨੇ ਬੜੀ ਸਹਿਜਤਾ ਨਾਲ ਪਾਠਕ ਮੂਹਰੇ ਪਰੋਸਿਆ ਹੈ। ਲਾਲਿਮਾ ਸੋਚਦੀ ਹੈ ਕਿ ਤਿੰਨ ਭੈਣਾਂ ਤੋਂ ਬਾਦ ਉਹ ਇਸਲਈ ਪੈਦਾ ਹੋਈ ਕਿਉਂਕਿ ਕਰਨਜੀਤ ਸਿੰਘ ਨੂੰ ਬੇਟਾ ਚਾਹੀਦਾ ਸੀ। ਸਾਡੇ ਸਮਾਜ ਵਿਚ ਕਿੰਨੀਆਂ ਧੀਆਂ ਕੇਵਲ ਇਸਲਈ ਪੈਦਾ ਹੋਈਆਂ ਕਿਉਂਕਿ ਮਾਂ-ਬਾਪ ਨੂੰ ਪੁੱਤਰ ਚਾਹੀਦਾ ਸੀ! ਜੀਵਨ ਭਰ ਲਾਲਿਮਾ ਨੂੰ ਉਸ ਪਿਤਰਸੱਤਾ ਨਾਲ ਜੂਝਣਾ ਪੈਂਦਾ ਹੈ, ਜਿਹੜਾ ਨਾ ਤਾਂ ਕਿਸੇ ਰਿਸ਼ਤੇ ਦਾ ਮੁਥਾਜ ਹੈ, ਤੇ ਨਾ ਕਿਸੇ ਧਰਮ ਜਾਂ ਵਿਚਾਰਧਾਰਾ ਦਾ। ਕੋਈ ਫਰਕ ਨਹੀਂ ਪੈਂਦਾ ਕਿ ਉਹ ਬਾਪ, ਭਰਾ, ਪਤੀ ਜਾਂ ਦੋਸਤ ਹੈ, ਕਿ ਉਹ ਸਿੱਖ, ਮੁਸਲਮਾਨ ਜਾਂ ਹਿੰਦੂ ਹੈ, ਕਿ ਉਹ ਪੂਜਾ ਪਾਠ ਕਰਨ ਵਾਲਾ ਜਾਂ ਨਾਸਤਕ ਹੈ, ਕਿ ਉਹ ਰੂੜ੍ਹੀਵਾਦੀ ਵਿਚਾਰਾਂ ਦਾ ਧਾਰਨੀ ਜਾਂ ਪ੍ਰਗਤੀਸ਼ੀਲ ਵਿਚਾਰਾਂ ਦਾ ਹਾਮੀ ਹੈ। ਲਾਲਿਮਾ ਆਪਣੇ ਆਪ ਨੂੰ ਵੀ ਸੁਰਖ਼ਰੂ ਨਹੀਂ ਕਰਦੀ, ਜਦੋਂ ਉਹ ਲਿਖਦੀ ਹੈ ਕਿ ਉਹ ਖ਼ੁਦ ਵੀ ਪਿਤਰਸਤਾਤਮਕ ਵਿਵਸਥਾ ਦੀ ਗਰੱਸੀ ਹੋਈ ਰਹੀ ਹੈ। "ਮੈਂ ਵੀ ਹਰ ਬਾਰ ਮਰਦ ਦੀਆਂ ਮਜ਼ਬੂਤ ਬਾਹਾਂ ਦਾ ਸਹਾਰਾ ਟੋਲਿਆ ਹੈ। … ਅੱਜ ਮੇਰੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਏਸੇ ਕਮਜ਼ੋਰੀ ਨਾਲ ਲੜਨ ਦੀ ਹੈ ।

ਲਾਲਿਮਾ ਨੂੰ ਪੰਜਾਬੀ ਪੜ੍ਹਨੀ ਲਿਖਣੀ ਆਉਂਦੀ ਹੈ, ਪਰੰਤੂ ਉਸਦੀ ਪਹਿਲੀ ਜ਼ੁਬਾਨ ਹਿੰਦੀ ਬਣ ਚੁੱਕੀ ਹੈ, ਇਸੇ ਲਈ ਇਹ ਪੁਸਤਕ ਮੂਲ ਰੂਪ ਵਿਚ ਉਸਨੇ ਹਿੰਦੀ ਵਿਚ ਲਿਖੀ ਹੈ। ਪੰਜਾਬੀਆਂ ਦੇ ਮੂੰਹੋਂ ਨਿਕਲੇ 'ਭ' ਨਾਲ ਸ਼ੁਰੂ ਹੁੰਦੇ ਲਫਜ਼ ਬਹੁਤੇ ਗੈਰ ਪੰਜਾਬੀਆਂ ਨੂੰ 'ਪ' ਨਾਲ ਸ਼ੁਰੂ ਹੁੰਦੇ ਸੁਣਦੇ ਹਨ ਅਤੇ 'ਝ' ਨਾਲ ਸ਼ੁਰੂ ਹੁੰਦੇ 'ਚ' ਨਾਲ। ਲਾਲਿਮਾ ਨਾਲ ਵੀ ਇੰਝ ਹੀ ਹੋਇਆ ਹੈ। ਉਹ ਆਪਣੇ ਪਿਤਾ ਨੂੰ 'ਭਾਪਾ ਜੀ' ਕਹਿ ਕੇ ਬੁਲਾਂਦੀ ਸੀ, ਜਿਸਨੂੰ ਇਸ ਪੁਸਤਕ ਵਿਚ 'ਪਾਪਾ ਜੀ' ਲਿਖਿਆ ਹੈ। ਆਪਣੀ ਮਾਂ ਨੂੰ ਉਹ 'ਝਾਈ' ਆਖਦੀ ਸੀ, ਜਿਸਨੂੰ ਏਥੇ ਉਸਨੇ 'ਚਾਈ' ਲਿਖਿਆ ਹੈ। ਕਰਨਜੀਤ ਸਿੰਘ ਦੀ ਸਵੈਜੀਵਨੀ ਦੇ ਦੂਜੇ ਭਾਗ 'ਹਾਸ਼ੀਏ ਦੀ ਇਬਾਰਤ' ਦਾ ਨਾਂਅ ਉਹ 'ਪਾਨੀ ਕੇਰਾ ਬੁਦਬੁਦਾ' ਦਸਦੀ ਹੈ। ਜਾਪਦਾ ਹੈ ਕਿ ਹਿੰਦੀ ਵਿਚ ਛਪਣ ਵੇਲੇ ਏਸ ਪੁਸਤਕ ਦਾ ਨਾਂਅ ਪੰਜਾਬੀ ਵਾਲੇ ਨਾਂਅ ਤੋਂ ਭਿੰਨ ਸੀ।

'ਗੁਲਮੋਹਰ ਕਿਤਾਬ' ਵਲੋਂ ਛਾਪੀ ਗਈ 234 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 295 ਰੁਪਏ ਹੈ।

# ਸਮਕਾਲੀ ਸਾਹਿਤ ਨੂੰ ਵਾਚਦਿਆਂ

1. ਜਸਵਿੰਦਰ ਸਿੰਘ, ਸੁਰਖ਼ ਸਾਜ਼ (ਨਾਵਲ), ਗਰੇਸ਼ੀਅਸ ਬੁਕਸ, ਪਟਿਆਲਾ, 2024

2. ਬਲਵਿੰਦਰ ਸਿੰਘ ਗਰੇਵਾਲ, ਟਾਕੀਆਂ ਵਾਲਾ ਪਜਾਮਾ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024

3. ਕੇਸਰਾ ਰਾਮ, ਗੁੱਡੋ (ਨਾਵਲ), ਨਵਯੁੱਗ ਪਬਲਿਸ਼ਰਜ਼, ਦਿੱਲੀ, 2024

4. ਜਸਵੀਰ ਸਿੰਘ ਰਾਣਾ, 70% ਪ੍ਰੇਮ ਕਥਾ (ਨਾਵਲ), ਦ ਬੁੱਕ ਹਾਈਵੇ, ਮਲੇਰਕੋਟਲਾ, 2024

5. ਸੁਖਵਿੰਦਰ ਸਿੰਘ ਬਾਲੀਆਂ, ਮੰਡੀ ਰਹੀਮ ਖਾਂ (ਨਾਵਲ), ਪੀਪਲਜ਼ ਫੋਰਮ, ਬਰਗਾੜੀ, 2024

6. ਰਵਿੰਦਰ ਸਿੰਘ ਰੁਪਾਲ, ਸ਼ਾਇਦ..... ਮੈਨੂੰ ਪਛਾਣ ਲੈਣ (ਕਹਾਣੀ-ਸੰਗ੍ਰਹਿ), ਨੈਸ਼ਨਲ ਬੁੱਕ ਸ਼ਾਪ, ਦਿੱਲੀ, 2024

7. ਪਵਿੱਤਰ ਕੌਰ ਮਾਟੀ, 'ਰੌਂਗ ਨੰਬਰ' (ਕਹਾਣੀ ਸੰਗ੍ਰਹਿ) ਊੜਾ ਪ੍ਰਕਾਸ਼ਨ, ਮੋਗਾ 2024

'ਸੁਰਖ਼ ਸਾਜ਼' ਡਾ. ਜਸਵਿੰਦਰ ਸਿੰਘ ਦਾ ਦੂਸਰਾ ਨਾਵਲ ਹੈ। ਲੇਖਕ ਨੂੰ ਉਸਦੇ ਪਹਿਲੇ ਨਾਵਲ 'ਮਾਤ ਲੋਕ' ਦੇ ਪ੍ਰਕਾਸ਼ਿਤ ਹੋਣ ਨਾਲ ਹੀ ਇਕ ਨਾਵਲਕਾਰ ਵਜੋਂ ਮਾਨਤਾ ਮਿਲ ਗਈ ਸੀ ਤੇ ਇਸ ਪਹਿਲੀ ਰਚਨਾ ਨੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਲ ਕਰ ਲਿਆ ਸੀ। ਨਾਵਲਾਂ ਤੋਂ ਇਲਾਵਾ ਦੋ ਕਹਾਣੀ-ਸੰਗ੍ਰਹਿ ਤੇ ਪੰਜਾਬੀ ਸਾਹਿਤ ਚਿੰਤਨ ਵਿਚ ਵੀ ਲੇਖਕ ਦਾ ਮਹੱਤਵਪੂਰਣ ਯੋਗਦਾਨ ਹੈ। ਹਥਲਾ ਨਾਵਲ 'ਸੁਰਖ਼ ਸਾਜ਼' ਤਕਰੀਬਨ ਪਿਛਲੇ ਤਿੰਨ ਦਹਾਕਿਆਂ ਦੇ ਪੰਜਾਬ ਦੇ ਹਾਲਾਤ ਨੂੰ ਪੇਸ਼ ਕਰਦਾ ਹੈ। ਜੇਕਰ ਇਸ ਨਾਵਲ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਗੱਲ ਕਰਨੀ ਹੋਵੇ ਤਾਂ ਇਸ ਰਚਨਾ ਨੂੰ ਕਿਸੇ ਇਕ ਵਿਸ਼ੇ 'ਤੇ ਆਧਾਰਿਤ ਰਚਨਾ ਸਮਝ ਕੇ ਇਸ ਦਾ ਅਧਿਐਨ ਜਾਂ ਨਾਮਕਰਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਨਾਵਲ ਵਿਚ ਲੇਖਕ ਨੇ ਸੁਚੇਤ ਢੰਗ ਨਾਲ ਪੰਜਾਬ ਨਾਲ ਜੁੜੇ ਬਹੁਤ ਸਾਰੇ ਮਾਮਲਿਆਂ ਨੂੰ ਗਾਲਪਨਿਕ ਬਿੰਬ ਵਿਚ ਢਾਲਿਆ ਹੈ। ਨਾਵਲ ਦਾ ਕੇਂਦਰੀ ਮਸਲਾ ਪਰਵਾਸ ਨਾਲ ਜੁੜਿਆ ਹੈ ਪਿਛਲੇ ਕੁਝ ਦਹਾਕਿਆਂ ਤੋਂ ਇਹ ਮਸਲਾ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਣ ਮਸਲਾ ਬਣਿਆ ਰਿਹਾ ਹੈ, ਜਿਸ ਵਿਚ ਭੂ-ਹੇਰਵਾ, ਪੀੜ੍ਹੀ-ਪਾੜ੍ਹਾ, ਨਸਲੀ-ਵਿਤਕਰਾ ਵਰਗੇ ਮਸਲੇ ਕੇਂਦਰ ਵਿਚ ਰਹੇ ਹਨ, ਪਰ ਅਜੋਕਾ ਪਰਵਾਸੀ ਜੀਵਨ ਤੇ ਨਾਵਲ ਇਨ੍ਹਾਂ ਮਸਲਿਆਂ ਤੋਂ ਅੱਗੇ ਲੰਘ ਕੇ ਹੁਣ ਉਥੋਂ ਦੇ ਜੀਵਨ ਨੂੰ ਸੰਬੋਧਿਤ ਹੋ ਕੇ ਲਿਖਿਆ ਜਾ ਰਿਹਾ ਹੈ। ਬੇਸ਼ੱਕ ਅਜੇ ਵੀ ਪੰਜਾਬੀਆਂ ਵਿਚ ਪਰਵਾਸ ਧਾਰਨ ਕਰਨ ਦੀ ਲਲ਼ਕ ਘਟੀ ਨਹੀਂ, ਉਹ ਅਜੇ ਵੀ ਹਰ ਹੀਲੇ ਬਾਹਰ ਜਾਣ ਲਈ ਤਤਪਰ ਹਨ।

ਇਸ ਨਾਵਲ ਦੀ ਕੇਂਦਰੀ ਧੁਨੀ ਵੀ ਪਰਵਾਸ ਹੈ। ਹਰੀ ਪਾਲ ਆਪਣੇ ਹਾਲਾਤ



ਕਰਕੇ ਕਬੱਡੀ ਟੀਮ ਦਾ ਮੈਂਬਰ ਬਣ ਕੇ ਪਰਵਾਸ ਧਾਰਨ ਕਰਦਾ ਹੈ। ਨਾਵਲ ਦੇ ਇਸ ਬਿੰਦੂ ਤੋਂ ਹੀ ਪੰਜਾਬੀਆਂ ਦੀ ਪਰਵਾਸ ਧਾਰਨ ਕਰਨ ਦੀ ਬਿਰਤੀ ਦਾ ਆਭਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਕਬੱਡੀ ਤੇ ਕਬੂਤਰਬਾਜ਼ੀ, ਜਿਸ ਨੂੰ ਲੇਖਕ ਨੇ ਵਿਅੰਗ ਨਾਲ 'ਕੌਮ ਦੀ ਸੇਵਾ' ਕਿਹਾ ਹੈ, ਇਕੱਠੇ ਚੱਲਦੇ ਹਨ। ਪਰ ਇਸ ਦੇ ਪਿਛੋਕੜ ਵਿਚ ਪੰਜਾਬ ਦੇ ਰਾਜਨੀਤਕ ਹਾਲਾਤ ਵੀ ਜ਼ਿੰਮੇਵਾਰ ਹਨ। ਪੰਜਾਬ ਦੀਆਂ ਤਾਕਤਵਾਰ ਧਿਰਾਂ ਸੱਤਾ 'ਤੇ ਪੁਲੀਸ ਨਾਲ ਮਿਲ ਕੇ ਸਾਧਾਰਣ ਲੋਕਾਈ ਦਾ ਜੀਣਾ ਮੁਸ਼ਕਲ ਕਰ ਰਹੇ ਹਨ। ਹਰੀ ਪਾਲ ਤੇ ਉਸ ਦੇ ਪਰਿਵਾਰ ਨਾਲ ਹੋਈ ਵਧੀਕੀ ਦੀ ਇਕ ਵਜ੍ਹਾ ਗ਼ੈਰ-ਜੱਟ ਤੇ ਘੱਟ ਗਿਣਤੀ ਹੋਣ ਦੀ ਵੀ ਹੈ, ਜਿਸ ਕਰਕੇ ਹਰੀ ਨੂੰ ਘਰ-ਬਾਰ ਛੱਡ ਕੇ ਪਰਵਾਸ ਧਾਰਨ ਕਰਨਾ ਪੈਂਦਾ ਹੈ। ਪਰ ਵਿਦੇਸ਼ ਪਹੁੰਚ ਕੇ ਵੀ ਸਾਰੇ ਮਸਲੇ ਹੱਲ ਨਹੀਂ ਹੁੰਦੇ, ਉੱਥੇ ਜਾ ਕੇ ਹਰੀ ਪਾਲ ਨੂੰ ਕਈ ਤਰ੍ਹਾਂ ਦੇ ਸੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਅੰਤ ਉਹ ਆਪਣੀ ਲਿਆਕਤ ਤੇ ਮਿਹਨਤ ਨਾਲ ਆਪਣੇ ਪੈਰ ਜਮਾਉਣ 'ਚ ਕਾਮਯਾਬ ਹੋ ਜਾਂਦਾ ਹੈ ਤੇ ਉਸਦਾ ਜਸ਼ਨ ਨਾਲ ਵਿਆਹ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਸਦੀ ਜ਼ਿੰਦਗੀ ਦਾ ਸਾਜ਼ ਸੁਰ ਹੋ ਗਿਆ ਹੋਵੇ।

ਇੱਥੋਂ ਨਾਵਲ ਆਸੇ-ਪਾਸੇ ਫੈਲਦਾ ਹੈ ਤੇ ਹੋਰ ਬਹੁਤ ਸਾਰੇ ਪਾਤਰਾਂ ਰਾਹੀਂ ਉੱਥੋਂ ਦੇ ਜੀਵਨ ਦੇ ਬਹੁਤ ਸਾਰੇ ਸ਼ੇਡਜ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਗਿੰਦਾ, ਸ਼ੇਰਾ, ਪ੍ਰਕਾਸ਼ ਸਭ ਦੀਆਂ ਆਪਣੀਆਂ ਕਹਾਣੀਆਂ ਤੇ ਆਪਣਾ ਸੰਘਰਸ਼ ਹੈ। ਦਰਸ਼ਨ ਤੇ ਯਾਦਵ ਦੀ ਆਪਣੀ ਕਹਾਣੀ ਹੈ। ਦਰਸ਼ਨ ਦੀ ਭੈਣ ਤੇ ਜੀਜੇ ਦੀ ਆਪਣੀ। ਇਸ ਤੋਂ ਇਲਾਵਾ ਇਸ ਨਾਵਲ ਦਾ ਵਸਤੂ ਖੇਤਰ ਹਰੀ ਪਾਲ ਦੀ ਝਾਈ ਰਾਹੀਂ ਦੇਸ਼ ਵੰਡ, ਉਜਾੜੇ ਤੇ ਉਸ ਤੋਂ ਬਾਅਦ ਪੈਰ ਜਮਾਉਣ ਦੇ ਸੰਘਰਸ਼ ਨੂੰ ਵੀ ਆਪਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ ਸਮੁੱਚੇ ਨਾਵਲ ਵਿਚ ਇਕ ਵਿਅੰਗਾਤਮਕ ਸੁਰ ਨਜ਼ਰ ਆਉਂਦੀ ਹੈ। ਇਕ ਪਾਸੇ ਜੀਵਨ ਸਾਥੀ ਨਾਲ ਜੁੜਿਆ ਸੰਜੋਗ ਦਾ ਮਸਲਾ ਤੇ ਦੂਸਰੇ ਪਾਸੇ ਵਿਦੇਸ਼ ਪਹੁੰਚਣ ਲਈ ਠੇਕੇ ਦੇ ਵਿਆਹ ਸਾਡੇ ਦੋਗਲੇ ਕਿਰਦਾਰ-ਵਿਹਾਰ ਤੇ ਵਿਅੰਗਾਤਮਕ ਪਰਹਾਰ ਕਰਦੇ ਹਨ। ਸਿਮਰ ਤੇ ਹਰੀ ਪਾਲ ਦੀ ਪਿਆਰ ਕਹਾਣੀ ਰਾਹੀਂ ਕਿਸਾਨੀ ਦੀ ਜ਼ਮੀਨ ਮਾਲਕੀ ਪ੍ਰਤੀ ਤਾਂਘ ਤੇ ਇਸ ਨੂੰ ਹਰ ਹੀਲੇ ਵਧਾਉਣ ਦੀ ਬਿਰਤੀ, ਸਿਮਰ ਦਾ ਕਤਲ ਇਸ ਦਾ ਹੀ ਪ੍ਰਗਟਾਵਾ ਹੈ।

ਅਮਰੀਕਾ ਦੀ ਆਰਥਿਕ ਖੁਸ਼ਹਾਲੀ, ਜਿਸ ਨੂੰ ਲੇਖਕ ਨੇ 'ਪਰੀਆਂ ਦਾ ਦੇਸ਼' ਕਿਹਾ ਹੈ। ਉਸਦੀ ਮਾਨਵੀ ਗੁਰਬਤ ਰਿਸ਼ਤਿਆਂ ਦੇ ਪ੍ਰਸੰਗ ਵਿਚ ਜ਼ਾਹਰ ਹੁੰਦੀ ਹੈ, ਡਾ. ਸਮਿੱਥ ਦੀ ਇਕੱਲਤਾ, ਗੁਰਿੰਦਰ (ਗੈਰੀ) ਦਾ ਤਲਾਕ, ਫਿਰ ਜਸ਼ਨ ਦੀ ਪੈਸੇ ਦੀ ਦੌੜ, ਤਲਾਕ, ਇਹ ਉਹ ਕੀਮਤ ਹੈ ਜੋ ਇਸ ਖੁਸ਼ਹਾਲ ਜ਼ਿੰਦਗੀ ਲਈ ਚੁਕਾਉਣੀ ਪੈਂਦੀ ਹੈ।

ਲੇਖਕ ਇਸ ਰਚਨਾ ਨੂੰ ਮਹਾ-ਕਾਵਿਕ ਬਣਾਉਣ ਯਤਨ ਕਰਦਾ ਹੈ। ਇਸ ਕਰਕੇ ਪੰਜਾਬ ਦਾ ਅਜੋਕਾ ਖੇਤੀ ਸੰਕਟ, ਮਸ਼ੀਨੀਕਰਣ, ਦੁੱਧ-ਪੁੱਤ ਵਾਲੇ ਟੁੱਟ ਰਹੇ ਮੁੱਲ, ਟੁੱਟ ਰਿਹਾ ਸਮਾਜਕ-ਆਰਥਿਕ ਢਾਂਚਾ, ਧਾਰਮਿਕ ਕੱਟੜਤਾ ਸਭ ਕੁਝ ਨੂੰ ਇਸ ਰਚਨਾ ਵਿਚ ਸਮੇਟਣ ਦਾ ਯਤਨ ਕਰਦਾ ਹੈ। ਇਕ ਵਿਧਾ ਵਜੋਂ ਨਾਵਲ ਵਿਚ ਇਹ

ਸਮਰਥਾ ਹੁੰਦੀ ਹੈ ਕਿ ਇਹ ਕਿਸੇ ਵੀ ਸਮਾਜ ਦੇ ਵਿਰਾਟ ਦ੍ਰਿਸ਼ ਨੂੰ ਪੇਸ਼ ਕਰ ਸਕਦਾ ਹੈ। ਪਰ ਇਨ੍ਹਾਂ ਉਪਰੋਕਤ ਮਸਲਿਆਂ ਨੂੰ ਫੈਲਣ ਲਈ ਤੇ ਗਲਪ ਵਿਚ ਢਲਣ ਲਈ ਲੋੜੀਂਦੀ ਸਪੇਸ ਤੇ ਵਿਸਥਾਰ ਨਹੀਂ ਮਿਲ ਸਕਿਆ ਤੇ ਕੁਝ ਵਾਧੂ ਵੇਰਵੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਨਾਵਲ ਦੇ ਕੇਂਦਰੀ ਫੋਕਸ ਨੂੰ ਕਮਜ਼ੋਰ ਕਰਦੇ ਹਨ। ਇਨ੍ਹਾਂ ਸੀਮਾਵਾਂ ਦੇ ਬਾਵਜੂਦ ਇਹ ਪੜ੍ਹਨਯੋਗ ਨਾਵਲ ਹੈ।

'ਟਾਕੀਆਂ ਵਾਲਾ ਪਜਾਮਾ' ਬਲਵਿੰਦਰ ਸਿੰਘ ਗਰੇਵਾਲ ਦਾ ਪਹਿਲਾ ਨਾਵਲ ਹੈ। ਉਸਦੀ ਪਛਾਣ ਇਕ ਵਿਲੱਖਣ ਕਹਾਣੀਕਾਰ ਵਜੋਂ ਸਥਾਪਿਤ ਹੈ। ਇਹ ਨਾਵਲ ਗੁਰਮੇਲ ਸਿੰਘ ਦੇ ਜੀਵਨ 'ਤੇ ਆਧਾਰਿਤ ਜੀਵਨੀ-ਨੁਮਾ ਰਚਨਾ ਹੈ। ਨਾਵਲ ਦੇ ਆਖਰ ਵਿਚ ਅੰਤਿਕਾ-1 ਵਿਚ ਲੇਖਕ ਨੇ ਗੁਰਮੇਲ ਸਿੰਘ ਦੀ ਅਣ-ਪ੍ਰਕਾਸ਼ਿਤ ਸ੍ਵੈ-ਜੀਵਨੀ ਨੂੰ ਆਧਾਰ ਬਣਾ ਕੇ ਲਿਖੇ ਇਸ ਨਾਵਲ ਦੇ ਮੰਤਵ ਬਾਰੇ ਜਾਣਕਾਰੀ ਦਿੱਤੀ ਹੈ। ਇਕ ਪਾਸੇ ਜੀਵਨੀ ਜਾਂ ਸ੍ਵੈ-ਜੀਵਨੀ ਨੁਮਾ ਰਚਨਾ ਪ੍ਰਮਾਵਿਕ ਹੋਣ ਦੀ ਸ਼ਰਤ 'ਤੇ ਪੂਰੀ ਉਤਰਦੀ ਹੈ, ਉਥੇ ਨਾਵਲ ਵਰਗੀ ਗਾਲਪਨਿਕ ਸੁਭਾਅ ਵਾਲੀ ਵਿਧਾ ਲਈ ਇਸ ਦੇ ਇਕ ਸੀਮਾ ਬਣ ਜਾਣ ਦੀ ਸੰਭਾਵਨਾ ਵੀ ਹੁੰਦੀ ਹੈ। ਇਹ ਨਾਵਲ ਬੇਸ਼ੱਕ ਇਕ ਵਿਅਕਤੀ ਦੇ ਜੀਵਨ-ਵੇਰਵਿਆਂ ਤੇ ਆਧਾਰਿਤ ਹੈ, ਪਰ ਵਿਅਕਤੀ ਦੇ ਸਮਾਜਕ ਜੀਵਨ ਦਾ ਹਿੱਸਾ ਹੋਣ ਕਰਕੇ ਉਸ ਵਿਚ ਸਮਾਜ ਬਾਰੇ ਵੀ ਬਹੁਤ ਕੁਝ ਜਾਣਿਆ ਜਾ ਸਕਦਾ ਹੈ। ਇਸ ਨਾਵਲ ਵਿਚੋਂ ਵੀ ਆਜ਼ਾਦੀ ਤੋਂ ਬਾਅਦ ਦੇ ਜੀਵਨ ਬਾਰੇ ਬਹੁਤ ਸਾਰੇ ਵੇਰਵੇ ਮਿਲ ਜਾਂਦੇ ਹਨ। ਨਾਵਲ ਦਾ ਆਰੰਭ ਦੇਸ਼ ਵੰਡ ਨਾਲ ਹੁੰਦਾ ਹੈ। ਗੁਰਮੇਲ ਦੇ ਪਰਿਵਾਰ ਨੂੰ ਘਰ-ਬਾਰ ਛੱਡ ਕੇ ਆਉਣਾ ਪੈਂਦਾ ਹੈ ਤੇ ਅਜੇ ਉਜਾੜੇ ਦੀ ਚੀਸ ਮਿਟੀ ਵੀ ਨਹੀਂ ਹੁੰਦੀ ਕਿ ਜ਼ਮੀਨ ਬਣ ਰਹੀ ਭਾਖੜਾ ਨਹਿਰ ਵਿਚ ਆ ਜਾਣ ਕਰਕੇ ਦੁਬਾਰਾ ਉਜਾੜਾ ਭੁਗਤਣਾ ਪੈਂਦਾ ਹੈ। 'ਉਜਾੜਾ' ਇਸ ਨਾਵਲ ਦਾ ਕੇਂਦਰੀ ਮੋਟਿਫ਼ ਹੈ ਜੋ ਆਦਿ ਤੋਂ ਅੰਤ ਤਕ ਫੈਲਿਆ ਹੋਇਆ ਹੈ। ਸ਼ਾਇਦ ਇਹ ਮਨੁੱਖ ਦੀ ਹੋਣੀ ਹੈ ਕਿ ਕਦੀ ਮਜਬੂਰੀ ਤੇ ਕਦੀ ਚੰਗੇ ਜੀਵਨ ਦੀ ਭਾਲ ਵਿਚ ਮਨੁੱਖ ਆਪਣੀ ਮਰਜ਼ੀ ਨਾਲ ਆਪਣੀ ਜੜ੍ਹਾਂ ਨਾਲੋਂ ਟੁੱਟ ਕੇ ਨਵੀਂ ਥਾਂ ਜੜ੍ਹਾਂ ਲਾਉਂਦਾ ਰਹਿੰਦਾ ਹੈ।

ਲੇਖਕ ਨੇ ਗੁਰਮੇਲ (ਇਸ ਰਚਨਾ ਦੇ ਕੇਂਦਰੀ ਪਾਤਰ) ਨੂੰ ਬਚਪਨ ਤੋਂ ਅਜੋਕੇ ਪੜਾਅ ਤੱਕ ਉਸਾਰਿਆ ਹੈ। ਬਚਪਨ ਤੋਂ ਹੀ ਗੁਰਮੇਲ ਉਪਰ ਉਸਦੀ ਮਾਂ ਦੇ ਸੁਭਾਅ ਦਾ ਅਸਰ ਬਹੁਤ ਵਧੇਰੇ ਹੈ ਤੇ ਇਸੇ ਪ੍ਰਭਾਵ ਅਧੀਨ ਹੀ ਉਹ ਹਰ ਜ਼ਿਆਦਤੀ ਦਾ ਵਿਰੋਧ ਕਰਨ ਵਾਲੇ ਸੁਭਾਅ ਦਾ ਧਾਰਨੀ ਬਣਦਾ ਹੈ। ਚਾਹੇ ਜ਼ਿਆਦਤੀ ਆਪਣੇ ਨਾਲ ਹੋਏ ਜਾਂ ਕਿਸੇ ਹੋਰ ਨਾਲ, ਉਹ ਸੇਵੇ ਵਰਗਿਆਂ ਦੀ ਧਿਰ ਬਣਨ ਦੀ ਕੋਸ਼ਿਸ਼ ਕਰਦਾ ਹੈ ਤੇ ਪਾਸ਼ੋ ਦੇ ਭਵਿੱਖ ਲਈ ਵੀ ਸਮਰਥਾ ਨਾ ਹੋਣ ਦੇ ਬਾਵਜੂਦ ਸੁਹਿਰਦ ਯਤਨ ਕਰਦਾ ਹੈ।

ਛੇਵੇਂ-ਸਤਵੇਂ ਦਹਾਕੇ ਤੋਂ ਬਾਅਦ ਦਾ ਸਮਾਂ ਭਰਪੂਰ ਆਰਥਿਕ-ਸਮਾਜਿਕ ਤੇ ਰਾਜਨੀਤਿਕ ਤਬਦੀਲੀਆਂ ਦਾ ਸਮਾਂ ਹੈ। ਹਰੇ ਇਨਕਲਾਬ ਤੋਂ ਬਾਅਦ ਖੇਤੀ ਦੇ ਮਸ਼ੀਨੀਕਰਣ ਨੇ ਵੱਡੇ ਪੱਧਰ 'ਤੇ ਸਮਾਜਿਕ ਰਿਸ਼ਤਿਆਂ ਨੂੰ ਪ੍ਰਭਾਵਿਤ ਕੀਤਾ। ਪਿੰਡਾਂ



ਦਾ ਵਿਕਾਸ ਹੋਇਆ, ਸੜਕਾਂ, ਬਿਜਲੀ, ਵਿਦਿਅਕ ਅਦਾਰੇ ਰੁਜ਼ਗਾਰ ਦੇ ਨਵੇਂ ਮੌਕੇ ਵਧੇ, ਜਿਨ੍ਹਾਂ ਦਾ ਫ਼ਾਇਦਾ ਕਿਸਾਨੀ ਦੀ ਨਵੀਂ ਪੀੜ੍ਹੀ ਨੇ ਉਠਾਇਆ। ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਵਿਦਿਆਰਥੀਆਂ ਵਿਚ ਰਾਜਨੀਤਿਕ ਚੇਤਨਾ ਵਧੀ। ਸਿੱਟੇ ਵਜੋਂ ਕਾਲਜ, ਯੂਨੀਵਰਸਿਟੀਆਂ ਭਵਿੱਖ ਦੀ ਨਵੀਂ ਰਾਜਨੀਤਿਕ ਲੀਡਰਸ਼ਿਪ ਲਈ ਨਰਸਰੀ ਦਾ ਕੰਮ ਵੀ ਕਰਨ ਲੱਗੀਆਂ ਤੇ ਇਸ ਵਿਚੋਂ ਹੀ ਟਰੇਡ ਯੂਨੀਅਨ ਲਹਿਰ ਵੀ ਤਾਕਤਵਰ ਬਣੇ। ਇਸ ਚੇਤਨਾ ਨੇ ਪਿੰਡਾਂ ਦੀ ਰਾਜਨੀਤੀ ਨੂੰ ਵੀ ਬਦਲਣ ਲਈ ਮਜਬੂਰ ਕੀਤਾ। ਨੌਜਵਾਨ ਸਭਾਵਾਂ ਹੋਂਦ ਵਿਚ ਆਈਆਂ, ਪਿੰਡਾਂ ਦੇ ਰੁਕੇ ਸਾਂਝੇ ਕੰਮ ਹੋਣ ਲੱਗੇ। ਸਥਾਪਿਤ ਰਾਜਨੀਤੀ ਦੇ ਸਮਾਨਾਂਤਰ ਨਵੀਂ ਰਾਜਨੀਤਿਕ ਧਿਰ ਹੋਂਦ ਵਿਚ ਆਈ। ਖੇਤੀ ਦੇ ਮਸ਼ੀਨੀਕਰਣ ਨਾਲ ਵਿਹਲ ਵੀ ਵਧੀ, ਪੈਸੇ ਦਾ ਦਖ਼ਲ ਵਧਿਆ, ਡੇਰਾ ਕਲਚਰ ਵੀ ਇਸ ਦੇ ਸਮਾਨਾਂਤਰ ਵਧਿਆ-ਫੁੱਲਿਆ। ਵਿਦਿਆ ਦੇ ਫੈਲਾਅ ਦਾ ਕੁਝ ਫ਼ਾਇਦੇ ਹੇਠਲੀਆਂ ਧਿਰਾਂ ਨੂੰ ਵੀ ਮਿਲਿਆ, ਪਾਸ਼ੋ ਵਰਗੀ ਪਿੰਡ ਦੀ ਦਲਿਤ ਕੁੜੀ ਪੜ੍ਹ-ਲਿਖ ਕੇ ਸ੍ਵੈ-ਮਾਨ ਵਾਲੀ ਜ਼ਿੰਦਗੀ ਜਿਉਣ ਦੇ ਕਾਬਲ ਬਣੀ।

ਪਰ ਇਕ ਵਿਡੰਬਨਾਤਮਕ ਸਥਿਤੀ ਵੀ ਪੈਦਾ ਹੋਣੀ ਸ਼ੁਰੂ ਹੋਈ। ਹਰ ਖੇਤਰ ਵਿਚ ਪੈਸੇ ਦੇ ਵਧੇ ਦਖ਼ਲ ਨੇ ਟਰੇਡ ਯੂਨੀਅਨ ਲਹਿਰ ਨੂੰ ਵੀ ਪ੍ਰਭਾਵਿਤ ਕੀਤਾ ਤੇ ਇਹ ਨਿਰੋਲ ਆਰਥਿਕ ਹਿੱਤਾਂ ਤਕ ਸੀਮਤ ਹੋ ਗਈ ਤੇ ਹੌਲੀ-ਹੌਲੀ ਲੋਕਾਂ ਨਾਲੋਂ ਟੁੱਟਦੀ ਗਈ। ਇਸ ਸਾਰੇ ਵਰਤਾਰੇ ਨੇ ਖੱਬੇ ਪੱਖੀ ਲਹਿਰ ਨੂੰ ਵੀ ਹਾਸ਼ੀਏ ਤੇ ਧੱਕ ਦਿੱਤਾ। ਗੁਰਮੇਲ ਵਰਗੇ ਆਦਰਸ਼ਾਂ ਨਾਲ ਜੁੜੇ ਲੋਕ ਆੜ੍ਹਤ ਤੋਂ ਫਾਇਨਾਂਸ ਦੇ ਕਿੱਤੇ ਤੱਕ ਪਹੁੰਚ ਗਏ। ਆਰਥਿਕਤਾਵਾਦ ਦੀ ਇਸ ਸਥਿਤੀ ਦੀ ਵਿਅੰਗਾਤਮਕ ਪੇਸ਼ਕਾਰੀ ਇਸ ਨਾਵਲ ਦੀ ਪ੍ਰਾਪਤੀ ਹੈ। ਇਸ ਤੋਂ ਇਲਾਵਾ ਨਾਵਲ ਦੀ ਪ੍ਰਾਪਤੀ ਭਾਸ਼ਾ ਦੀ ਸੁਚੇਤ ਵਰਤੋਂ ਤੇ ਪਾਤਰ ਉਸਾਰੀ ਹੈ। ਮਾਂ ਦਾ ਪਾਤਰ ਹਰ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ। ਪਰ ਨਾਵਲ ਵਿਚ ਕੁਝ ਗੈਪਸ ਵੀ ਹਨ, ਜੋ ਇਸ ਨੂੰ ਸੰਪੂਰਨ ਜੀਵਨੀ ਦੀ ਵਸਤੂ ਨਹੀਂ ਬਣਨ ਦੇਂਦੇ।

ਕੇਸਰਾ ਰਾਮ ਪੰਜਾਬੀ ਦਾ ਜਾਣਿਆ-ਪਛਾਣਿਆ ਗਲਪਕਾਰ ਹੈ। ਉਸ ਦੇ ਪੰਜ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। 'ਗੁੱਡੋ' ਉਸਦਾ ਪਹਿਲਾ ਨਾਵਲ ਹੈ। ਨਾਵਲ ਦੇ ਸਮਰਪਣ ਵਿਚ ਮਲਾਲਾ ਦੇ ਕਥਨ ਲਿਖ ਕੇ ਉਹ ਆਪਣੀ ਰਚਨਾ-ਦ੍ਰਿਸ਼ਟੀ ਨੂੰ ਬਿਆਨ ਕਰਦਾ ਪ੍ਰਤੀਤ ਹੁੰਦਾ ਹੈ। ਇਸ ਨਾਵਲ ਦਾ ਕੇਂਦਰੀ ਸੂਤਰ ਔਰਤ ਹੈ, ਉਹ ਔਰਤ, ਜਿਸਦੀ ਸਮਾਜਕ-ਆਰਥਕ ਸਥਿਤੀ ਕੋਈ ਵੀ ਹੋਵੇ, ਪਰ ਉਸਦੀ ਹੋਣੀ ਇਕੋ ਹੀ ਰਹਿੰਦੀ ਹੈ, ਉਸ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਆਉਂਦਾ। ਇਸ ਸਥਿਤੀ ਨੂੰ ਬਦਲਣ ਲਈ ਪਿਤਰਕੀ ਸੱਤਾ ਨੂੰ ਵੰਗਾਰਣ ਦੀ ਪਹਿਲ ਵੀ ਔਰਤ ਨੂੰ ਹੀ ਕਰਨੀ ਪਵੇਗੀ।

ਸੱਤਾ ਕੋਈ ਵੀ ਹੋਵੇ, ਵੱਡੀ ਜਾਂ ਛੋਟੀ, ਸੁਭਾਅ ਪੱਖੋਂ ਉਸ ਵਿਚ ਕੋਈ ਅੰਤਰ ਨਹੀਂ ਹੁੰਦਾ। ਆਪਣੇ-ਆਪ ਨੂੰ ਕਾਇਮ ਰੱਖਣ ਲਈ ਉਹ ਹਰ ਹੀਲਾ ਵਰਤਦਾ ਹੈ। ਧਰਮ/ਸਭਿਆਚਾਰ/ਸਮਾਜਕ ਸੰਸਥਾਵਾਂ/ਕਦਰਾਂ-ਕੀਮਤਾਂ, ਕਿਉਂਕਿ ਉਸ ਦੀ ਆਪਣੀ

ਘਾੜਤ ਹੁੰਦੀਆਂ ਹਨ, ਇਸ ਲਈ ਇਹ ਸੰਸਥਾਵਾਂ ਹਰ ਹੀਲੇ ਉਸਦੀ ਉਮਰ ਲੰਮੀ ਬਣਾਈ ਰੱਖਣ ਲਈ ਵਿਚ ਸਹਾਇਕ ਬਣਦੀਆਂ ਹਨ। ਇਨ੍ਹਾਂ ਦਾ ਵੱਡਾ ਰੋਲ ਵਿਅਕਤੀ ਮਾਨਸਿਕਤਾ ਨੂੰ ਆਪਣੇ ਅਨੁਕੂਲ ਢਾਲਣ ਵਿਚ ਹੁੰਦਾ ਹੈ, ਉਹ ਵਿਅਕਤੀ ਚਾਹੇ ਸਮਾਜ ਦੇ ਕੇਂਦਰ ਵਿਚ ਹੋਏ ਜਾਂ ਹਾਸ਼ੀਏ 'ਤੇ, ਉਸਦਾ ਯਤਨ ਇਨ੍ਹਾਂ 'ਤੇ ਪੂਰਾ ਉਤਰਨਾ ਹੁੰਦਾ ਹੈ। ਅਜੇਹਾ ਨਾ ਕਰ ਸਕਣਾ ਉਸ ਵਿਚ ਅਧੂਰੇਪਣ ਦਾ ਅਹਿਸਾਸ ਪੈਦਾ ਕਰਦਾ ਹੈ। ਬਿਰਸੇ ਤੇ ਪਤਨੀ ਦੀ ਪੁੱਤਰਾਂ ਦੀ ਜੋੜੀ ਦੀ ਤਾਂਘ ਇਸੇ ਦਾ ਸਿੱਟਾ ਹੈ ਤੇ ਉਹ ਪੰਜ ਧੀਆਂ ਵੀ ਜੰਮ ਲੈਂਦੇ ਹਨ।

ਨਾਵਲ ਦਾ ਕਾਰਜ ਖੇਤਰ ਪਿੰਡ ਹੈ, ਜਿੱਥੇ ਜ਼ਿਮੀਂਦਾਰ ਧਿਰ ਦਾ ਦਬਦਬਾ ਹੈ। ਜਿਸ ਨੂੰ ਦੋ ਪੱਧਰਾਂ 'ਤੇ ਚਿਤਰਿਆ ਗਿਆ ਹੈ। ਬੇਸ਼ੱਕ ਸ਼ੋਸ਼ਣ ਪਹਿਲੀ ਪੀੜ੍ਹੀ ਵੇਲੇ ਵੀ ਹੇਠਲੀ ਧਿਰ ਦਾ ਹੀ ਹੁੰਦਾ ਸੀ, ਪਰ ਉਸ ਨਾਲ ਮਾਨਵੀ ਰਿਸ਼ਤੇ ਵੀ ਜੁੜੇ ਹੋਏ ਸਨ, ਜਿਸ ਕਰਕੇ ਉਸਦੀ ਸ਼ਿੱਦਤ ਚੁੱਭਵੀਂ ਨਹੀਂ ਸੀ, ਪਰ ਹਰੇ ਇਨਕਲਾਬ ਤੇ ਖੇਤੀ ਦੇ ਮਸ਼ੀਨੀਕਰਣ ਤੇ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਨੇ ਇਸ ਰਿਸ਼ਤੇ ਨੂੰ ਨਿਰੋਲ ਆਰਥਿਕਤਾ ਆਧਾਰਿਤ ਬਣਾ ਦਿੱਤਾ। ਪੈਦਾਵਾਰੀ ਸਾਧਨਾਂ ਦੀ ਮਲਕੀਅਤ ਕਰਕੇ ਮਾਲਕੀ ਵਾਲਾ ਸੁਭਾਅ ਤੇ ਹੈਂਕੜ ਉਨ੍ਹਾਂ ਦਾ ਉਭਰਵਾਂ ਲੱਛਣ ਬਣ ਜਾਂਦਾ ਹੈ। ਦਲਿਤ ਧਿਰ ਦੀਆਂ ਔਰਤਾਂ ਵੀ ਉਹ ਆਪਣੀ ਮਲਕੀਅਤ ਦੀ ਵਸਤੂ ਸਮਝਦੇ ਹਨ। ਇਸ ਤੋਂ ਡਰਦਾ ਬਿਰਸਾ ਗੁੱਡੋ ਦਾ ਵਿਆਹ ਜੈਲੇ ਨਾਲ ਕਰ ਦੇਂਦਾ ਹੈ, ਜਿਸ ਦੀ ਆਪਣੀ ਵੱਖਰੀ ਕਹਾਣੀ ਹੈ। ਆਪਣੀਆਂ ਭੈਣਾਂ ਨਾਲ ਜ਼ਿਮੀਂਦਾਰ ਵੱਲੋਂ ਹੋ ਰਹੀਆਂ ਜ਼ਿਆਦਤੀਆਂ ਦਾ ਬਦਲਾ ਲੈਣ ਲਈ ਉਹ ਮਾਲਕ ਦੀ ਕੁੜੀ ਪ੍ਰੀਤੋ ਨਾਲ ਸੰਬੰਧ ਬਣਾਉਂਦਾ ਹੈ। ਇਹ ਵੀ ਇਕ ਵਿਅੰਗਾਤਮਕ ਸਥਿਤੀ ਹੈ ਕਿ ਔਰਤ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਣ ਲਈ ਵੀ ਔਰਤ ਨੂੰ ਹੀ ਚੁਣਿਆ ਜਾਂਦਾ ਹੈ। ਪ੍ਰੀਤੋ ਨਾਲ ਸੰਬੰਧ ਜ਼ਾਹਰ ਹੋਣ ਕਰਕੇ ਜੈਲੇ ਤੇ ਉਸਦੇ ਪਰਿਵਾਰ ਨੂੰ ਕੁੱਟ-ਮਾਰ ਕੇ ਪਿੰਡੋਂ ਕੱਢ ਦਿੱਤਾ ਜਾਂਦਾ ਹੈ। ਬਾਂਹ ਟੁੱਟਣ ਕਰਕੇ ਤੇ ਇਸ ਸਾਰੀ ਜ਼ਲਾਲਤ ਕਰਕੇ ਜੈਲਾ ਕਈ ਕਿਸਮ ਦੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਬਣ ਜਾਂਦਾ ਹੈ ਤੇ ਇਸ ਦਾ ਸ਼ਿਕਾਰ ਉਸਦੀ ਪਤਨੀ ਗੁੱਡੋ ਹੀ ਬਣਦੀ ਹੈ। ਅੰਤ ਦੋਹਾਂ ਦਾ ਤਲਾਕ ਹੋ ਜਾਂਦਾ ਹੈ ਤੇ ਗੁੱਡੋ ਦਾ ਵਿਆਹ ਦਹਾਜੂ ਜੈਲ ਸਿੰਘ, ਜੋ ਦੋ ਬੱਚਿਆਂ ਦਾ ਬਾਪ ਹੈ, ਨਾਲ ਹੋ ਜਾਂਦਾ ਹੈ। ਗੁੱਡੋ ਦੇ ਪਹਿਲੇ ਪਤੀ ਤੋਂ ਗਰਭਵਤੀ ਹੋਣ ਦਾ ਪਤਾ ਲੱਗਣ 'ਤੇ ਉਹ ਬੱਚੇ ਨੂੰ ਅਪਨਾਉਣ ਨੂੰ ਤਿਆਰ ਨਹੀਂ ਤੇ ਗਰਭਪਾਤ ਦੌਰਾਨ ਗੁੱਡੋ ਦੀ ਮੌਤ ਹੋ ਜਾਂਦੀ ਹੈ।

ਇਸੇ ਤਰ੍ਹਾਂ ਹੀ ਪ੍ਰੀਤੋ ਦਾ ਵਿਆਹ ਅਮਨਪ੍ਰੀਤ ਨਾਲ ਹੁੰਦਾ ਹੈ, ਪਰ ਉਨ੍ਹਾਂ ਦੇ ਸੰਬੰਧ ਵੀ ਕਦੇ ਸੁਖਾਵੇ ਨਹੀਂ ਬਣਦੇ, ਸਿੱਟੇ ਵਜੋਂ ਪ੍ਰੀਤੋ ਆਤਮ ਹੱਤਿਆ ਕਰ ਲੈਂਦੀ ਹੈ। ਵਿਡੰਬਨਾ ਇਹ ਹੈ ਕਿ ਗੁੱਡੋ ਤੇ ਪ੍ਰੀਤੋ ਦੋਹਾਂ ਦੀ ਮੌਤ ਪਰਿਵਾਰ ਲਈ ਦੁਖਾਂਤਕ ਸਥਿਤੀ ਪੈਦਾ ਕਰਨ ਦੀ ਥਾਂ ਰਾਜਨੀਤੀ ਕਰਨ ਵਾਲਿਆਂ ਲਈ ਮੌਕਾ ਬਣ ਜਾਂਦੀ ਹੈ। ਇਹ ਤਰ੍ਹਾਂ ਇਹ ਨਾਵਲ ਔਰਤ ਦੀ ਸਥਿਤੀ ਨੂੰ ਕੇਂਦਰ ਵਿਚ ਰੱਖਦਾ ਹੈ।

ਪਰ ਨਾਵਲ ਦੇ ਅੰਤ ਵਿਚ ਸੁਭਾਵਿਕਤਾ ਦੀ ਘਾਟ ਰੜਕਦੀ ਹੈ। ਜੈਲੇ ਦਾ



ਟੁੱਟੀ ਬਾਂਹ ਹੋਣ ਦੇ ਬਾਵਜੂਦ ਸੈਮੂਅਲ ਬਣ ਕੇ ਸਕਿਉਰਿਟੀ ਗਾਰਡ ਬਣਨਾ, ਤੇ ਪ੍ਰੀਤੋ ਦੇ ਘਰ ਵਾਲੇ ਕੋਲ ਹੀ ਆ ਕੇ ਨੌਕਰੀ ਕਰਨਾ। ਜੀਤੋ ਦਾ ਦਲਿਤ ਤੇ ਗਰਭਵਤੀ ਹੋਣ ਦੇ ਬਾਵਜੂਦ ਵਿਆਹੇ ਜਾਣਾ ਤੇ ਸਹੁਰੇ ਘਰ ਪ੍ਰਵਾਨ ਹੋ ਜਾਣਾ ਵਿਅਕਤੀਗਤ ਯਥਾਰਥ ਤਾਂ ਹੋ ਸਕਦਾ ਹੈ, ਸਮਾਜਕ ਨਹੀਂ।

ਜਸਬੀਰ ਸਿੰਘ ਰਾਣਾ ਮੂਲ ਰੂਪ ਵਿਚ ਕਹਾਣੀਕਾਰ ਹੈ। ਪਰ ਪਿਛਲੇ ਕੁਝ ਸਮੇਂ ਤੋਂ ਕਹਾਣੀ ਦੇ ਨਾਲ-ਨਾਲ ਉਹ ਨਾਵਲਕਾਰੀ ਦੇ ਖੇਤਰ ਵਿਚ ਵੀ ਸਰਗਰਮ ਹੈ ਤੇ 70% ਪ੍ਰੇਮ ਕਥਾ ਉਸਦਾ ਦੂਸਰਾ ਨਾਵਲ ਹੈ। ਪਹਿਲੀ ਨਜ਼ਰੇ ਨਾਵਲ ਦਾ ਸਿਰਲੇਖ ਪਾਠਕ ਦਾ ਧਿਆਨ ਖਿੱਚਦਾ ਹੈ, ਕਿਉਂਕਿ ਇਹ ਮੂਲੋਂ ਹੀ ਨਵੀਂ ਕਿਸਮ ਦਾ ਸਿਰਲੇਖ ਹੈ। ਜਦੋਂ ਪਾਠਕ ਨਾਵਲ ਪੜ੍ਹਦਾ ਹੈ ਤਾਂ ਉਸ ਨੂੰ ਸਿਰਲੇਖ ਦੇ ਅਰਥ ਵੀ ਸਮਝ ਆਉਣੇ ਸ਼ੁਰੂ ਹੋ ਜਾਂਦੇ ਹਨ, ਜੋ ਇਕ ਡੂੰਘੀ ਰਮਜ਼ ਵੱਲ ਇਸ਼ਾਰਾ ਕਰਦੇ ਹਨ ਤੇ ਬੰਦੇ ਤੇ ਕੁਦਰਤ ਦੀ ਇਕਮਿਕਤਾ ਨੂੰ ਦਰਸਾਉਂਦੇ ਹਨ। ਲੇਖਕ ਨੇ ਇਸ ਨੂੰ ਸ੍ਵੈ-ਜੀਵਨੀ ਨੁਮਾ ਨਾਵਲ ਕਿਹਾ ਹੈ ਤੇ ਇਸ ਦੇ ਪਹਿਲਾ ਤੇ ਦੂਸਰਾ ਪੰਨਾ ਉਸਦੇ ਮਾਂ-ਬਾਪ ਹਨ। ਕਿਉਂਕਿ ਵਿਅਕਤੀ ਦਾ ਸਮੁੱਚੇ ਉਸਦੇ ਮਾਂ-ਬਾਪ ਦਾ ਹੀ ਜੋੜ-ਮੇਲ ਹੁੰਦਾ ਹੈ ਤੇ ਜਦੋਂ ਵਿਅਕਤੀ ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਹੋ ਕਿ ਕੋਈ ਰਚਨਾ ਕਰਦਾ ਹੈ ਤਾਂ ਸੁਭਾਵਿਕ ਹੀ ਉਸਦੀ ਸੁਰ ਸ਼ਰਧਾਂਜਲੀ ਵਾਲੀ ਹੁੰਦੀ ਹੈ, ਪਰ ਜਦੋਂ ਸ਼ਰਧਾਂਜਲੀ ਕਿਸੇ ਸਾਹਿਤਕ ਰਚਨਾ/ਵਿਧਾ ਵਿਚ ਢਲ ਜਾਂਦੀ ਹੈ ਤਾਂ ਉਹ ਪਾਠਕ ਦੀ ਵਸਤੂ ਬਣ ਜਾਂਦੀ ਹੈ ਤੇ ਲੇਖਕ ਤੇ ਉਸਦੇ ਸ਼ਰਧਾਂਜਲੀ ਵਾਲੇ ਭਾਵ ਦੁਜੈਲੇ ਪੱਧਰ 'ਤੇ ਪਹੁੰਚ ਜਾਂਦੇ ਹਨ ਤੇ ਰਚਨਾ ਪਹਿਲ ਪ੍ਰਾਪਤ ਕਰ ਜਾਂਦੀ ਹੈ ਤੇ ਉਸਦੇ ਚਿਰਜੀਵੀ ਹੋਣ ਦਾ ਆਧਾਰ ਉਸਦੀ ਰਚਨਾਤਮਿਕਤਾ ਤੇ ਕਲਾਤਮਿਕਤਾ ਬਣ ਜਾਂਦੀ ਹੈ।

ਇਹ ਨਾਵਲ ਬੇਸ਼ੱਕ ਮਾਂ-ਬਾਪ ਦੀ ਮੌਤ ਤੋਂ ਬਾਅਦ ਉਨ੍ਹਾਂ ਨਾਲ ਬਿਤਾਏ ਜੀਵਨ ਦਾ ਬਿਰਤਾਂਤ ਹੈ। ਪਰ ਮਨੁੱਖ ਇਕ ਸਮਾਜਕ ਪ੍ਰਾਣੀ ਹੈ ਤੇ ਇਸ ਲਈ ਉਸਦੇ ਜੀਵਨ 'ਚੋਂ ਸਮਾਜਿਕਤਾ ਖਾਰਜ ਨਹੀਂ ਹੋ ਸਕਦੀ। ਇਸ ਨਾਵਲ ਵਿਚੋਂ ਬਹੁਤ ਸਾਰੇ ਵੇਰਵੇ ਤਤਕਾਲੀ ਤੇ ਸਮਕਾਲੀ ਜੀਵਨ ਬਾਰੇ ਮਿਲ ਜਾਂਦੇ ਹਨ। ਨਾਵਲ ਦਾ ਆਰੰਭ ਤਕਰੀਬਨ ਆਜ਼ਾਦੀ ਦੇ ਨੇੜੇ-ਤੇੜੇ ਦੇ ਸਮੇਂ ਤੋਂ ਹੁੰਦਾ ਹੈ ਜਦੋਂ ਅਜੇ ਖੇਤੀ ਪਰੰਪਰਾਗਤ ਧੰਦਾ ਹੈ। ਸਮਾਜ ਵਿਚ ਔਰਤ ਦੀ ਸਥਿਤੀ ਹਮੇਸ਼ਾ ਹੀ ਪਰਾਧੀਨਤਾ ਤੇ ਦੁਜੈਲੇ ਦਰਜੇ ਵਾਲੀ ਰਹੀ ਹੈ। ਸਮਾਜਿਕ ਕਦਰਾਂ-ਕੀਮਤਾਂ ਮੁਤਾਬਿਕ ਲੜਕੀ ਨੂੰ ਬੋਝ ਹੀ ਸਮਝਿਆ ਜਾਂਦਾ ਰਿਹਾ ਹੈ ਤੇ ਇਸ ਬੋਝ ਰੂਪੀ ਜ਼ਿੰਮੇਵਾਰੀ ਨੂੰ ਜਲਦੀ ਤੋਂ ਜਲਦੀ ਉਤਾਰਨਾ ਸਮਾਜਕ ਮਰਯਾਦਾ ਦਾ ਹਿੱਸਾ ਰਿਹਾ ਹੈ। ਇਸੇ ਕਰਕੇ ਹੀ ਵੱਡੀ ਭੈਣ ਦੇ ਵਿਆਹ ਵੇਲੇ ਛੋਟੀ ਬਾਲੜੀ ਨੂੰ ਵੀ ਨਾਲ ਹੀ ਵਿਆਹ ਕੇ ਤੋਰ ਦਿੱਤਾ ਜਾਂਦਾ ਹੈ।

ਨਾਵਲ ਦਾ ਕੇਂਦਰੀ ਪਾਤਰ ਦਰਸ਼ਨ ਇਕ ਫ਼ੌਜੀ ਹੈ। ਫ਼ੌਜ ਦਾ ਜੀਵਨ ਆਮ ਜੀਵਨ ਨਾਲੋਂ ਵੱਖਰੀ ਭਾਂਤ ਦਾ ਹੈ। ਇਸ ਕਰਕੇ ਫ਼ੌਜ ਵਿਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਦਰਸ਼ਨ ਅਜੋਕੇ ਸਮਾਜ ਵਿਚ ਫਿੱਟ ਹੋ ਸਕਣ ਤੋਂ ਅਸਮਰਥ ਰਹਿੰਦਾ ਹੈ, ਸਿੱਟੇ

ਵਜੋਂ ਉਹ ਭਾਈਚਾਰਕ ਤੇ ਸਮਾਜਕ ਜੀਵਨ ਨਾਲੋਂ ਟੁੱਟ ਕੇ ਨਿਰੋਲ ਆਪਣੇ-ਆਪ ਤੱਕ ਸੀਮਤ ਹੁੰਦਾ ਜਾਂਦਾ ਹੈ ਤੇ ਸ਼ਰਾਬ ਦੇ ਨਸ਼ੇ ਵੱਲ ਝੁਕ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਫੌਜੀ ਜੀਵਨ ਦੇ ਬਹੁਤ ਸਾਰੇ ਬਿਰਤਾਂਤ ਮਿਲ ਜਾਂਦੇ ਹਨ, ਪਰ ਸ਼ਾਇਦ ਲੋਕ ਗੀਤਾਂ ਤੋਂ ਇਲਾਵਾ ਫੌਜੀ ਦੀ ਪਤਨੀ ਦੀ ਇਕੱਲਤਾ ਤੇ ਉਡੀਕ ਬਹੁਤ ਘੱਟ ਸਾਹਿਤ ਦੀ ਵਸਤੂ ਵਜੋਂ ਪੇਸ਼ ਹੋਈ ਹੈ। ਪਰ ਇਸ ਨਾਵਲ ਵਿਚ ਫੌਜੀ ਦੀ ਪਤਨੀ ਦੀ ਇਕੱਲਤਾ/ਉਡੀਕ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਬਿਰਤਾਂਤਕਾਰ ਆਪਣੇ ਬਚਪਨ ਨੂੰ ਯਾਦ ਕਰਦਾ ਹੋਇਆ ਬਿਆਨ ਕਰਦਾ ਹੈ ਕਿ ਜਦੋਂ ਵੀ ਉਸ ਨੂੰ ਰਾਤ ਨੂੰ ਜਾਗ ਆਉਂਦੀ ਤਾਂ ਮਾਂ ਹਨੇਰੇ ਵਿਚ ਦਰਵਾਜ਼ੇ ਦੀਆਂ ਵਿਰਲਾ ਵਿਚੋਂ ਬਾਹਰ ਵੇਖ ਰਹੀ ਹੁੰਦੀ। ਇਕੱਲਤਾ ਦਾ ਇਹ ਸਹਿਮ ਸਿਰਫ਼ ਮਾਂ ਤੱਕ ਹੀ ਸੀਮਤ ਨਹੀਂ, ਅਗਲੀ ਪੀੜ੍ਹੀ ’ਤੇ ਵੀ ਅਸਰ-ਅੰਦਾਜ਼ ਹੁੰਦਾ ਹੈ। ਪਤਨੀ ਆਪਣੇ ਇਸ ਬਨਵਾਸ ਪ੍ਰਤੀ ਜਵਾਬਦੇਹੀ ਆਪਣੇ ਫੌਜੀ ਪਤੀ ਕੋਲੋਂ ਚਾਹੁੰਦੀ ਹੈ।

ਇਸ ਤੋਂ ਇਲਾਵਾ ਸਮਾਜਿਕ/ਆਰਥਿਕ ਤਬਦੀਲੀਆਂ ਦੇ ਬਹੁਤ ਸਾਰੇ ਵੇਰਵੇ ਨਾਵਲ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਪਿਛਲੇ 6-7 ਦਹਾਕਿਆਂ ਦੇ ਜੀਵਨ ਨੂੰ ਬਿਆਨ ਕਰਦੇ ਹਨ। ਪਿੰਡ ਦੇ ਦਰਵਾਜ਼ੇ ਵਿਚ ਬੈਠੇ ਬਜ਼ੁਰਗ ਜਿੱਥੇ ਪਹਿਲਾ ਤਾਸ਼ ਖੇਡਦੇ ਸਨ, ਹੁਣ ਸੀਮੈਂਟ ਦੇ ਬੈਚਾਂ ਤੇ ਬੈਠੇ ਮੋਬਾਇਲ ਚਲਾਉਂਦੇ ਹਨ। ਘਰਾਂ ਵਿਚ ਘੜੇ, ਨਲਕੇ, ਟੂਟੀ ਤੋਂ ਅੱਗੇ ਹੁਣ ਫਰਿੱਜ ਹਨ। ਸਰਕਾਰੀ ਸਕੂਲਾਂ ਦੀ ਜਗ੍ਹਾ ਪ੍ਰਾਈਵੇਟ ਸਕੂਲ, ਇਹ ਸਾਰੇ ਨਵੀਂ ਤਬਦੀਲੀ ਨੂੰ ਪ੍ਰਗਟਾਉਣ ਵਾਲੇ ਮੈਟਾਫ਼ਰ ਹਨ। 70% ਦਾ ਮੈਟਾਫ਼ਰ ਜ਼ਿੰਦਗੀ ਤੋਂ ਲੈ ਕੇ ਕੁਦਰਤ ਤੱਕ ਫੈਲਿਆ ਹੋਇਆ ਹੈ। ਜਦੋਂ ਵੀ ਕਿਸੇ ਰਚਨਾ ਵਿਚ ਬੀਤੇ ਸਮੇਂ ਦਾ ਵਰਣਨ ਜਾਂ ਚਿਤ੍ਰਣ ਕਰਨਾ ਹੋਵੇ ਤਾਂ ਲੇਖਕ ਨੂੰ ਸਮਕਾਲ ਪ੍ਰਤੀ ਬਹੁਤ ਸੁਚੇਤ ਰਹਿਣਾ ਚਾਹੀਦਾ ਤਾਂ ਕਿ ਸਮਕਾਲ ਦਾ ਪ੍ਰਛਾਵਾਂ ਤਤਕਾਲੀ ਜੀਵਨ ਨੂੰ ਪ੍ਰਭਾਵਿਤ ਨਾ ਕਰ ਸਕੇ। ਪਰ ਇਸ ਨਾਵਲ ਵਿਚ ਕੁਝ ਅਜੇਹੇ ਵੇਰਵੇ ਮਿਲ ਜਾਂਦੇ ਹਨ। ਜਿਨ੍ਹਾਂ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਸੀ। ਪਤੀ ਦੀ ਮੌਤ ਤੋਂ ਬਾਅਦ ਔਰਤ ਦੀ ਇਕੱਲਤਾ ਵੀ ਇਸ ਰਚਨਾ ਵਿਚ ਬਹੁਤ ਸ਼ਿੱਦਤ ਨਾਲ ਪੇਸ਼ ਹੋਈ ਹੈ। ਇਹ ਇਕੱਲਤਾ ਮਾਨਸਿਕ ਤਵਾਜ਼ਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਉਡੀਕ ਔਰਤ ਹੀ ਹੋਣੀ ਵਾਂਗ ਇਸ ਰਚਨਾ ਵਿਚ ਪੇਸ਼ ਹੁੰਦੀ ਹੈ। ਪਹਿਲਾਂ ਪਤੀ ਦੀ ਉਡੀਕ ਫਿਰ ਪੁੱਤਰ ਦੀ ਘਰ ਵਾਪਸੀ ਦੀ ਉਡੀਕ। ਸਮੁੱਚੇ ਰੂਪ ਵਿਚ ਇਹ ਰਚਨਾ ਲੇਖਕ ਦੀ ਮਾਂ ਬਾਪ ਪ੍ਰਤੀ ਇਕ ਸ਼ਰਧਾਂਜਲੀ ਦੇ ਭਾਵ ਵਾਲੀ ਰਚਨਾ ਹੈ।

‘ਮੰਡੀ ਰਹੀਮ ਖਾਂ’ ਸੁਖਵਿੰਦਰ ਸਿੰਘ ਬਾਲੀਆਂ ਦਾ ਦੂਸਰਾ ਨਾਵਲ ਹੈ। ਇਸ ਤੋਂ ਪਹਿਲਾਂ 2022 ਵਿਚ ਉਸਦਾ ਪਹਿਲਾ ਨਾਵਲ ‘ਨਹਿਰੋਂ ਪਾਰ’ ਪ੍ਰਕਾਸ਼ਿਤ ਹੋਇਆ ਸੀ। ਹਥਲਾ ਨਾਵਲ ‘ਮੰਡੀ ਰਹੀਮ ਖਾਂ’ ਵਿਸ਼ੇ ਪੱਖੋਂ ਇਕ ਨਿਵੇਕਲੀ ਰਚਨਾ ਹੈ, ਜੋ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਪੰਜਾਬ ਜੋ ਅੰਗਰੇਜ਼ਾਂ ਦੀ ਆਮਦ ਨਾਲ ਆਪਣਾ ਸੁਭਾਅ ਬਦਲਣਾ ਸ਼ੁਰੂ ਕਰਦਾ ਹੈ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਇਸ ਨਾਵਲ ਦਾ ਕੇਂਦਰ ਵੀਹਵੀਂ ਸਦੀ ਦੇ ਆਰੰਭ ਦਾ ਪੰਜਾਬ ਖਾਸ ਕਰਕੇ ਮਾਲਵਾ ਖੇਤਰ ਹੈ, ਤੇ ਦੂਸਰਾ



ਕੇਂਦਰ ਪੱਛਮੀ ਪੰਜਾਬ ਵਿਚਲੀਆਂ ਨਹਿਰੀ ਕਲੋਨੀਆਂ ਜਿਨ੍ਹਾਂ ਨੂੰ ਬਾਰਾਂ ਵੀ ਕਿਹਾ ਜਾਂਦਾ ਹੈ, ਦਾ ਆਬਾਦ ਹੋਣਾ ਹੈ। ਪੰਜਾਬ ’ਤੇ ਕਬਜ਼ੇ ਤੋਂ ਬਾਅਦ ਸਾਮਰਾਜ ਨੇ ਪੱਛਮੀ ਪੰਜਾਬ ਦੀ ਬਰਾਨੀ ਤੇ ਜਾਂਗਲੀ ਧਰਤੀ ਨੂੰ ਖੇਤੀ ਹੇਠ ਲਿਆਉਣ ਲਈ ਵਿਸ਼ਾਲ ਯਤਨ ਆਰੰਭੇ। ਇਹ 19ਵੀਂ ਸਦੀ ਦੇ ਆਖਰੀ ਦਹਾਕਿਆਂ ਤੋਂ ਲੈ ਕੇ ਤਕਰੀਬਨ ਮੁਲਕ ਦੀ ਆਜ਼ਾਦੀ ਤੱਕ ਇਹ ਕੰਮ ਜਾਰੀ ਰਿਹਾ ਤੇ ਤਕਰੀਬਨ 10 ਲੱਖ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਇਨ੍ਹਾਂ ਨਹਿਰੀ ਕਲੋਨੀਆਂ ਵਿਚ ਵਸਾਇਆ ਗਿਆ।

ਕਿਸਾਨੀ ਆਰਥਿਕ ਤੌਰ ’ਤੇ ਕਦੇ ਵੀ ਵਧੇਰੇ ਸੁਖਾਵੇਂ ਹਾਲਾਤ ਵਿਚ ਨਹੀਂ ਰਹੀ, ਹੱਢ ਭੰਨਵੀਂ ਮਿਹਨਤ ਦੇ ਬਾਵਜੂਦ ਗ਼ੁਰਬਤ ਉਸਦੀ ਹੋਣੀ ਬਣੀ ਰਹੀ ਹੈ। ਪੂਰਨ ਤੇ ਜਗਰੂਪ (ਜੂਪਾ) ਛੋਟੀ ਕਿਸਾਨੀ ਦੇ ਪ੍ਰਤੀਨਿਧ ਹਨ। ਜ਼ਮੀਨ ਘੱਟ ਹੋਣ ਕਰਕੇ ਜੂਪਾ ਅਣਵਿਆਹਿਆ ਹੀ ਰਹਿ ਜਾਂਦਾ ਹੈ ਤੇ ਆਪਣੇ ਮਾਰ ਖੋਰੇ ਸੁਭਾਅ ਕਰਕੇ ਫੌਜ ਵਿਚ ਭਰਤੀ ਹੋ ਜਾਂਦਾ ਹੈ। ਪਹਿਲੀ ਸੰਸਾਰ ਜੰਗ ਵਿਚ ਅਪਾਹਜ ਹੋ ਕੇ ਘਰ ਵਾਪਸ ਆ ਜਾਂਦਾ ਹੈ। ਉਸਨੂੰ ਸਰਕਾਰ ਵੱਲੋਂ ਨਵੀਂ ਵਸਾਈ ਜਾ ਰਹੀ ਨਹਿਰੀ ਕਲੋਨੀ ਵਿਚ ਇਕ ਮੁਰੱਬਾ, ਜ਼ਮੀਨ ਇਨਾਮ ਵਜੋਂ ਮਿਲ ਜਾਂਦੀ ਹੈ। ਪੂਰਨ ਆਪਣੇ ਪਰਿਵਾਰ ਨੂੰ ਲੈ ਕੇ ਬਾਰ ਵਿਚਲੀ ਜ਼ਮੀਨ ਨੂੰ ਆਬਾਦ ਕਰਨ ਲਈ ਚਲੇ ਜਾਂਦਾ ਹੈ। ਸਿੰਜਾਈ ਸਹੂਲਤਾਂ ਤੇ ਉਪਜਾਊ ਜ਼ਮੀਨ ਹੋਣ ਕਰਕੇ ਬਾਰ ਵਿਚ ਖੇਤੀ ਕਰਨਾ ਮੁਕਾਬਲਤਨ ਵਧੇਰੇ ਸੌਖਾ ਹੈ।

ਪਰ ਬਾਰਾਂ ਆਬਾਦ ਹੋਣ ਦਾ ਮਤਲਬ ਉੱਥੇ ਪੀੜ੍ਹੀਆਂ ਤੋਂ ਵਸਨੀਕ ਜਾਂਗਲੀ ਲੋਕਾਂ ਦਾ ਉਜਾੜਾ ਵੀ ਹੈ। ਕਿਉਂਕਿ ਇਸ ਨਾਲ ਇਸ ਵੱਡੀ ਅਬਾਦੀ ਦਾ ਜੀਵਨ ਮੂਲੋਂ ਹੀ ਬਦਲ ਗਿਆ। ਪਹਿਲਾਂ ਇਹ ਜਾਂਗਲੀ ਲੋਕ ਵਧੇਰੇ ਕਰਕੇ ਪਸ਼ੂ ਪਾਲਕੇ ਜੀਵਨ ਨਿਰਬਾਹ ਕਰਦੇ ਸਨ। ਸ਼ੁਰੂ ਵਿਚ ਇਨ੍ਹਾਂ ਨੇ ਆਬਾਦਕਾਰਾਂ ਦਾ ਵਿਰੋਧ ਵੀ ਕੀਤਾ, ਪਰ ਨਿਰੰਤਰ ਗਿਣਤੀ ਵਧਣ ਕਰਕੇ ਤੇ ਆਰਥਿਕ ਤੌਰ ’ਤੇ ਸਾਧਨ-ਸੰਪੰਨ ਹੋਣ ਕਰਕੇ ਜਾਂਗਲੀ ਲੋਕ ਆਬਾਦਕਾਰਾਂ ਦਾ ਮੁਕਾਬਲਾ ਨਾ ਕਰਾ ਸਕੇ ਤੇ ਹੌਲੀ-ਹੌਲੀ ਦੋਵੇਂ ਧਿਰਾਂ ਹੀ ਇਕੱਠੀਆਂ ਰਹਿਣਾ ਸਿੱਖ ਗਈਆਂ ਖੇਤੀ ਦੇ ਵਿਕਾਸ ਨਾਲ ਰੁਜ਼ਗਾਰ ਕੇ ਮੌਕੇ ਵੀ ਵਧੇ ਤੇ ਇਹ ਇਲਾਕਾ ਵੀ ਤਰੱਕੀ ਕਰਨ ਲੱਗਾ ’ਤੇ ਰਹੀਮ ਖਾਂ ਦੀ ਮਜ਼ਾਰ ਵਾਲਾ ਇਲਾਕਾ ਇਕ ਮੰਡੀ ਵਜੋਂ ਵਿਕਸਿਤ ਹੋਣਾ ਸ਼ੁਰੂ ਹੋਇਆ, ਇੱਥੇ ਸਕੂਲ, ਡਾਕਖਾਨਾ ਤੇ ਬਾਜ਼ਾਰ ਵਿਕਸਤ ਹੋਣ ਲੱਗਾ।

ਲੇਖਕ ਨੇ ਬਾਰਾਂ ਆਬਾਦ ਹੋਣ ਦੇ ਵਰਤਾਰੇ ਨੂੰ ਵਿਸਥਾਰਪੂਰਵ ਆਪਣੀ ਰਚਨਾ ਦਾ ਹਿੱਸਾ ਬਣਾਇਆ ਹੈ। ਨਹਿਰੀ ਕਲੋਨੀਆਂ ਦੀ ਆਬਾਦਕਾਰੀ ਬਾਰੇ ਸ਼ਾਇਦ ਇਹ ਪੰਜਾਬ ਦੀ ਪਹਿਲੀ ਰਚਨਾ ਹੈ, ਭਾਵੇਂ ਨਰੂਲਾ ਨੇ ਆਪਣਾ ਨਾਵਲ ‘ਨੀਲੀ ਬਾਰ’ ਇਸੇ ਵਿਸ਼ੇ ਬਾਰੇ ਲਿਖਿਆ ਸੀ ਤੇ ਕੁਝ ਇਕ ਪੰਜਾਬੀ ਕਹਾਣੀਆਂ ਵੀ ਸਥਾਨਕ ਜਾਂਗਲੀ ਵਸਨੀਕਾਂ ਬਾਰੇ ਮਿਲਦੀਆਂ ਹਨ, ਪਰ ਇਸ ਦੀ ਵਿਸਥਾਪੂਰਵਕ ਗਲਪਕਾਰੀ ਬਾਰੇ, ਇਹ ਪਹਿਲਾ ਯਤਨ ਕਿਹਾ ਜਾ ਸਕਦਾ ਹੈ।

ਆਬਾਦ ਸਿੱਖ ਕਿਸਾਨੀ ਵਿਚੋਂ ਹੀ ਇਕ ਨਵੀਂ ਧਿਰ ਚੇਤ ਸਿੰਘ ਤੇ ਭੂਰਾ ਸਿੰਘ ਵਰਗੇ ਮੌਕਾਪ੍ਰਸਤ ਲੋਕਾਂ ਦੀ ਵੀ ਹੈ, ਜੋ ਹੌਲੀ-ਹੌਲੀ ਤਾਕਤ ਦਾ ਧੁਰਾ ਬਣ ਰਹੇ ਸਨ,

ਪਰ ਨਾਵਲ ਵਿਚ ਉਨ੍ਹਾਂ ਦਾ ਚਿਤ੍ਰਣ ਉਨ੍ਹਾਂ ਦੇ ਅਜੇਹੇ ਖ਼ਾਸੇ ਦੇ ਅਨੁਰੂਪ ਨਹੀਂ। ਲੋਕਾਂ ਵਿਚ ਰਾਜਸੀ ਚੇਤਨਾ ਦਾ ਪਾਸਾਰ ਵੀ ਹੋ ਰਿਹਾ ਸੀ। ਮੁਸਲਿਮ ਲੀਗ ਵੱਖਰੇ ਮੁਲਕ ਲਈ ਯਤਨਸ਼ੀਲ ਹੋ ਰਹੀ ਸੀ। ਪਰ ਬਾਬਾ ਖਾਨ ਵਰਗੇ ਸਾਂਝੇ ਲੋਕ ਮੁਲਕ ਵੰਡ ਦਾ ਵਿਰੋਧ ਕਰ ਰਹੇ ਸਨ, ਜਿਸ ਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪੈਂਦੀ ਹੈ। ਦੇਸ਼ ਵੰਡ ਤੱਕ ਦਾ ਬਿਰਤਾਂਤ ਇਸ ਨਾਵਲ ਦੀ ਪ੍ਰਾਪਤੀ ਹੈ, ਪਰ ਉਸ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਲੇਖਕ ਸੁਭਾਵਿਕ ਢੰਗ ਨਾਲ ਆਪਣੀ ਬਿਰਤਾਂਤਕਾਰੀ ਦਾ ਹਿੱਸਾ ਨਹੀਂ ਬਣਾ ਸਕਿਆ। ਇਸ ਤੋਂ ਇਲਾਵਾ ਕਿਸੇ ਬੀਤ ਚੁੱਕੇ ਸਮੇਂ ਨੂੰ ਚਿਤ੍ਰਣ ਸਮੇਂ ਲੇਖਕ ਨੂੰ ਆਪ ਦੇ ਸਮਕਾਲ ਪ੍ਰਤੀ ਬਹੁਤ ਸੁਚੇਤ ਰਹਿਣ ਦੀ ਜ਼ਰੂਰਤ ਹੁੰਦੀ ਹੈ ਕਿ ਉਸਦਾ ਦਖ਼ਲ ਤਤਕਾਲੀ ਜੀਵਨ ਚਿਤ੍ਰਣ ਨੂੰ ਪ੍ਰਭਾਵਿਤ ਨਾ ਕਰ ਸਕੇ, ਪਰ ਨਾਵਲ ਕੁਝ ਇਕ ਅਜੇਹੇ ਵੇਰਵੇ ਮਿਲ ਜਾਂਦੇ ਹਨ ਜਿਵੇਂ ਕਿੰਨੂਆਂ ਦਾ ਬਾਗ, ਭੁੱਕੀ, ਪੁਲੀਸ ਕਮਿਸ਼ਨਰ ਆਦਿ ਦਾ ਤਤਕਾਲੀ ਜੀਵਨ ਵਿਚ ਚਿਤ੍ਰਣ ਗ਼ੈਰ-ਯਥਾਰਥਕ ਹੈ, ਕਿਉਂਕਿ ਉਨ੍ਹਾਂ ਸਮਿਆਂ ਵਿਚ ਇਨ੍ਹਾਂ ਦੀ ਹੋਂਦ ਨਹੀਂ ਸੀ। ਪਰ ਇਨ੍ਹਾਂ ਕੁਝ ਇਕ ਕਮਜ਼ੋਰੀਆਂ ਦੇ ਬਾਵਜੂਦ ਇਹ ਪੜ੍ਹਨਯੋਗ ਰਚਨਾ ਹੈ।

ਸ਼ਾਇਦ....ਮੈਨੂੰ ਪਛਾਣ ਲੈਣ ਰਵਿੰਦਰ ਰੁਪਾਲ ਦੀ ਕਹਾਣੀਆਂ ਦੀ ਦੂਸਰੀ ਪੁਸਤਕ ਹੈ। ਇਸ ਤੋਂ ਪਹਿਲਾਂ 'ਨਿਆਈਂ ਵਾਲਾ ਟੱਕ' ਛਪ ਚੁਕੀ ਹੈ। ਕਹਾਣੀਆਂ ਤੋਂ ਇਲਾਵਾ ਵਿਚ ਮੌਲਿਕ ਤੇ ਸੰਪਾਦਿਤ ਪੁਸਤਕਾਂ ਵੀ ਉਸਦੀ ਫ਼ਹਿਰਿਸਤ ਵਿਚ ਸ਼ਾਮਲ ਹਨ। ਇਸ ਪੁਸਤਕ ਵਿਚ ਪੰਦਰਾਂ ਕਹਾਣੀਆਂ ਸ਼ਾਮਲ ਹਨ। ਰੁਪਾਲ ਆਪਣੀਆਂ ਕਹਾਣੀਆਂ ਵਿਚ ਸਮਕਾਲੀ ਜੀਵਨ ਨੂੰ ਵਸਤੂ ਵਜੋਂ ਚੁਣਦਾ ਹੈ। ਪਰ ਉਸ ਦਾ ਵਧੇਰੇ ਸਰੋਕਾਰ ਪਾਤਰਾਂ ਦੀ ਆਰਥਿਕ-ਸਮਾਜਿਕ ਜਾਂ ਰਾਜਨੀਤਿਕ ਸਥਿਤੀ ਨਾਲੋਂ ਮਨੋਸਥਿਤੀ ਨੂੰ ਪੇਸ਼ ਕਰਨ ਨਾਲ ਸੰਬੰਧਿਤ ਹੈ। ਜਦੋਂ ਅਸੀਂ ਉਸਦੀਆਂ ਕਹਾਣੀਆਂ ਦਾ ਸਿਲਸਿਲੇ ਵਾਰ ਅਧਿਐਨ ਕਰਦੇ ਹਾਂ ਤਾਂ ਤਕਰੀਬਨ ਸਾਰੀਆਂ ਕਹਾਣੀਆਂ ਵਿਚ ਔਰਤ ਕੇਂਦਰੀ ਸੂਤਰ ਵਜੋਂ ਪੇਸ਼ ਹੁੰਦੀ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਓਦੋਂ, ਮੈਨੂੰ ਹੀ ਸਮਝ ਲੈਣਾ' ਦੀ ਕੇਂਦਰੀ ਪਾਤਰ ਹਰਜੀਤ ਆਪਣੇ ਪਤੀ ਸੁੱਖੇ ਨਾਲ ਨਵੇਂ ਵਿਆਹ ਹੋਣ ਦੇ ਬਾਵਜੂਦ ਵਕਤ ਨਾ ਮਿਲਣ ਕਰਕੇ, ਰੁੱਸ ਕੇ ਪੇਕੇ ਚਲੀ ਜਾਂਦੀ ਹੈ। ਸੁੱਖਾ, ਕਹਾਣੀ ਦੇ ਕੇਂਦਰੀ ਪਾਤਰ ਬਿੰਦਾ, ਜੋ ਉਸਦਾ ਦੋਸਤ ਹੈ, ਨੂੰ ਨਾਲ ਲੈ ਕੇ ਉਸ ਨੂੰ ਮਨਾਉਣ ਜਾਂਦਾ ਹੈ, ਪਰ ਜਿਸ ਸ਼ਰਤ ਤੇ ਪਤਨੀ ਆਉਣ ਲਈ ਤਿਆਰ ਹੁੰਦੀ ਹੈ। ਉਸ ਦੇ ਬਹੁਤ ਸਾਰੇ ਇਸ਼ਾਰੇ ਕਹਾਣੀ ਦੇ ਸ਼ੁਰੂ ਵਿਚ ਹੀ ਮਿਲਣੇ ਸ਼ੁਰੂ ਹੋ ਜਾਂਦੇ ਹਨ, ਪਰ ਇਸ ਸਾਰੇ ਕੁਝ ਵਿਚ ਲੇਖਕ ਸਮਾਜਕ ਕਦਰਾਂ-ਕੀਮਤਾਂ ਨੂੰ ਅੱਖੋਂ ਪਰੋਖੇ ਕਰਦਾ ਪ੍ਰਤੀਤ ਹੁੰਦਾ ਹੈ। ਹਾਲਾਂਕਿ ਇਹ ਅਜੋਕੀ ਔਰਤ ਦੀ ਕਹਾਣੀ ਹੈ, ਜੋ ਪਰੰਪਰਕ ਸਰੋਕਾਰਾਂ ਤੋਂ ਬਾਗੀ ਨਾ ਹੁੰਦੀ ਹੋਈ ਵੀ ਮੰਨਣੋਂ ਇਨਕਾਰੀ ਹੈ, ਉਸ ਲਈ ਪਤੀ ਪ੍ਰਮੇਸ਼ਵਰ ਨਹੀਂ, ਸਗੋਂ ਉਹ ਸਾਥੀ ਦੀ ਭਾਲ ਕਰਦੀ ਹੈ। 'ਅੰਤਿਕਾ ਖਾਲੀ' ਦੇ ਕੇਂਦਰ ਵਿਚ ਵੀ ਇਕ ਅਜੇਹੀ ਔਰਤ ਹੈ, ਜੋ ਮੌਜੂਦਾ ਜੀਵਨ ਤੋਂ ਸੰਤੁਸ਼ਟ ਨਹੀਂ। ਕਹਾਣੀ ਦਾ ਸਮੁੱਚਾ ਬਿਰਤਾਂਤ ਕਲਾਤਮਿਕ ਪੱਖੋਂ ਵਧੇਰੇ ਸੁਚੇਤ ਹੋਣ ਦੀ ਮੰਗ ਕਰਦਾ ਹੈ। 'ਲਾੜੀ ਕਹਾਣੀ ਵੀ ਔਰਤ ਕੇਂਦ੍ਰਿਤ ਹੈ। ਇਹ



ਕਹਾਣੀ ਜੀਵਨ ਦੇ ਦੁੱਖਾਂ ਤੇ ਆਪਸੀ ਸੰਬੰਧਾਂ ਨੂੰ ਪੇਸ਼ ਕਰਦੀ ਹੈ। ਤਮਾਮ ਬੰਧਸ਼ਾਂ ਦੇ ਬਾਵਜੂਦ ਜ਼ਿੰਦਗੀ ਪ੍ਰਤੀ ਮੋਹ ਕਾਇਮ ਰਹਿੰਦਾ ਹੈ। ਇਹ ਜੀਵਨ ਪ੍ਰਤੀ ਖਿੱਚਦੀ ਕਹਾਣੀ ਹੈ।'

'ਲਟਾ ਲਟ ਬਲਦੀ ਅੱਗ' ਵੀ ਔਰਤ ਦੀ ਕਹਾਣੀ ਹੈ, ਜੋ ਕਮਜ਼ੋਰ ਪਲਾਂ ਵਿਚ ਸੰਬੰਧ ਕਾਇਮ ਕਰਦੀ ਹੈ ਤੇ ਇਨ੍ਹਾਂ ਸੰਬੰਧਾਂ ਪ੍ਰਤੀ ਮਨ ਵਿਚ ਪੈਦਾ ਹੋਏ ਗਿਲਟ ਨੂੰ ਪੇਸ਼ ਕਰਦੀ ਹੈ। 'ਤਿਲਕਦਾ ਅੜਕਦਾ ਹੱਥ' ਮਰਦ ਮਨ ਵਿਚ ਬੈਠੀ ਔਰਤ ਨੂੰ ਭੋਗਣ ਦੀ ਲਾਲਸਾ ਨੂੰ ਵਿਅੰਗਾਤਮਕ ਨਜ਼ਰੀਏ ਤੋਂ ਪੇਸ਼ ਕਰਦੀ ਹੈ ਤੇ ਔਰਤ ਦੇ ਅਬਲਾ ਤੋਂ ਸਬਲਾ ਬਣਨ ਵੱਲ ਇਸ਼ਾਰਾ ਕਰਦੀ ਹੈ। 'ਭੁੱਬਲ ਦੀ ਅੱਗ' ਵਿਚ ਭੁੱਬਲ ਦਾ ਮੈਟਾਫਰ ਇਕ ਔਰਤ ਦੇ ਮਨ ਵਿਚ ਦਬੀ ਕਾਮ-ਅਗਨੀ ਨੂੰ ਚਿਹਨਿਤ ਕਰਦਾ ਹੈ। 'ਬਾਹਵਾਂ' ਸਮਾਜਕ ਰਿਸ਼ਤਿਆਂ ਵਿਚਲੇ ਅਪਨੇਪਣ ਦੀ ਕਹਾਣੀ ਹੈ। 'ਲੀਹ' ਦੋ ਪੀੜ੍ਹੀਆਂ ਦੇ ਟਕਰਾਅ ਦੀ ਕਹਾਣੀ ਹੈ, ਪਰ ਨਾਲ ਹੀ ਪੰਜਾਬੀ ਸਮਾਜ ਦੀਆਂ ਅਪਣੱਤ ਦੀਆਂ ਤੰਦਾਂ ਨੂੰ ਵੀ ਪੇਸ਼ ਕਰਦੀ ਹੈ। ਕਹਾਣੀ ਦਾ ਕੇਂਦਰੀ ਪਾਤਰ 'ਤੂੜੀ ਦੀ ਪੰਡ' ਦੇ ਪਾਤਰ ਵਾਂਗ ਸਮਝ ਜਾਂਦਾ ਹੈ ਕਿ ਇਸ ਵਾਪਰ ਰਹੀ ਤਬਦੀਲੀ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਲਈ ਇਸ ਨੂੰ ਸਵੀਕਾਰ ਕਰ ਲੈਣਾ ਹੀ ਜੀਵਨ ਦਾ ਸੱਚ ਹੈ। 'ਬਿੰਦੀਆ ਚਮਕੇਗੀ' ਅਤ੍ਰਿਪਤੀ ਭਰੀ ਜ਼ਿੰਦਗੀ ਤੇ ਆਰਥਿਕ ਹੀਣਤਾ ਨੂੰ ਪਤੀ-ਪਤਨੀ ਦੇ ਰਿਸ਼ਤਿਆਂ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ। 'ਨਖੱਟੂ' ਵੀ ਔਰਤ ਦੀ ਜ਼ਿੰਦਗੀ ਜਿਊਣ ਲਈ ਕੀਤੇ ਸੰਘਰਸ਼ ਤੇ ਲੋਕ ਮਾਨਸਿਕਤਾ ਦੀ ਕਹਾਣੀ ਹੈ। 'ਲੇਡੀ ਬਾਥਰੂਮ' ਅਨਜੋੜ ਵਿਆਹ ਤੇ ਔਲਾਦ ਦੀ ਚਾਹਤ ਦੇ ਦਵੰਦ ਦੀ ਕਹਾਣੀ ਹੈ, ਜੋ ਸਮਾਜਕ ਕਦਰਾਂ-ਕੀਮਤਾਂ ਦੇ ਬੋਝ ਥੱਲੇ ਦੱਬ ਕੇ ਰਹਿ ਜਾਂਦੀਆਂ ਹਨ। 'ਚੁੰਨੀ ਦਾ ਸਫਰ' ਵਿਚ ਚੁੰਨੀ ਦਾ ਮੈਟਾਫਰ ਕਹਾਣੀ ਦਾ ਕੇਂਦਰ ਹੈ। ਪਰ ਕਹਾਣੀ ਵਿਚਲਾ ਬਿਰਤਾਂਤ ਕਿਸੇ ਤਨਾਓ ਤੱਕ ਪਹੁੰਚਣ ਤੋਂ ਪਹਿਲਾਂ ਹੀ, ਉਸਦਾ ਨਿਵਾਰਣ ਕਰਕੇ ਲੇਖਕ ਬਹੁਤ ਸਾਰੇ ਸੰਭਾਵਿਤ ਬਿਰਤਾਂਤਾਂ ਨੂੰ ਪੇਸ਼ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਂਦਾ ਹੈ, ਜਿਸ ਕਰਕੇ ਇਹ ਕਹਾਣੀ ਇਕਹਿਰੇ ਬਿਰਤਾਂਤ ਦੀ ਕਹਾਣੀ ਬਣ ਕੇ ਰਹਿ ਜਾਂਦੀ ਹੈ।

ਸਮੁੱਚੇ ਰੂਪ ਵਿਚ ਇਹ ਸੰਗ੍ਰਹਿ ਪਾਤਰਾਂ ਦੀਆਂ ਮਨੋਸਮਾਜਕ ਸਥਿਤੀਆਂ ਨੂੰ ਪੇਸ਼ ਕਰਦਾ ਹੈ, ਜਿਸ ਦੇ ਕੇਂਦਰੀ ਬਿਰਤਾਂਤ ਦਾ ਧੁਰਾ ਔਰਤ ਹੈ, ਪਰ ਲੇਖਕ ਨੂੰ ਬਿਰਤਾਂਤਕ ਸੰਭਾਵਨਾ ਨੂੰ ਬਹੁਪੱਖੀ ਬਣਾਉਣ ਲਈ ਵਧੇਰੇ ਸੁਚੇਤ ਹੋਣ ਦੀ ਜ਼ਰੂਰਤ ਹੈ।

'ਰੌਂਗ ਨੰਬਰ' ਪਵਿੱਤਰ ਕੌਰ ਮਾਟੀ ਦਾ ਤੀਸਰਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾ ਦੋ ਕਹਾਣੀ 'ਰਿਸ਼ਤਿਆਂ ਦੇ ਮਾਰੂਥਲ ਤੋਂ ਪਾਰ ਤੇ ਸ਼ਾਹ ਰਗ ਤੋਂ ਨੇੜੇ' ਕਹਾਣੀ-ਸੰਗ੍ਰਹਿ ਤੇ 'ਰੰਗਾਵਲੀ' ਕਾਵਿ-ਸੰਗ੍ਰਹਿ ਉਸ ਦੀ ਸਹਿਤਕ ਪ੍ਰਾਪਤੀ ਹਨ। ਹਥਲੇ ਸੰਗ੍ਰਹਿ ਵਿਚ ਦਸ ਕਹਾਣੀਆਂ ਸ਼ਾਮਲ ਹਨ। ਮਾਟੀ ਆਮ ਮਨੁੱਖ ਨਾਲ ਸੰਬੰਧਿਤ ਮਸਲਿਆਂ ਨੂੰ ਕਹਾਣੀ ਦੀ ਵਸਤੂ ਵਜੋਂ ਚੁਣਦੀ ਹੈ। ਇਸ ਸੰਗ੍ਰਹਿ ਦੀਆਂ ਪਹਿਲੀਆਂ ਤਿੰਨ ਕਹਾਣੀਆਂ 'ਯੂ ਟਰਨ', 'ਹੁਣ ਮੈਂ ਸੁਰਖਰੂ ਹਾਂ' ਤੇ 'ਰੌਂਗ ਨੰਬਰ' ਪਰਵਾਸੀ ਜੀਵਨ ਦੇ ਮਸਲਿਆਂ ਨਾਲ ਸੰਬੰਧਿਤ ਹਨ। ਪਰਵਾਸ, ਹਰ ਪੰਜਾਬੀ ਦਾ ਸਭ ਤੋਂ ਮਨਭਾਉਂਦਾ


ਸੁਪਨਾ ਹੈ, ਪਰ ਪਰਵਾਸ ਧਾਰਨ ਕਰਨ ਤੋਂ ਬਾਅਦ ਜਿਸ ਤਰ੍ਹਾਂ ਦੀ ਜ਼ਿੰਦਗੀ ਵਿਅਕਤੀ ਦੇ ਹਿੱਸੇ ਆਉਂਦੀ ਹੈ, ਤੇ ਉਸ ਵਿਚੋਂ ਜਿਸ ਤਰ੍ਹਾਂ ਰਿਸ਼ਤੇ ਆਪਣਾ ਅਸਲੀ ਰੰਗ ਵਿਖਾਉਂਦੇ ਹਨ, ਉਸ ਰੰਗ ਦੀ ਪੇਸ਼ਕਾਰੀ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਹੈ। 'ਯੂ ਟਰਨ' ਕਹਾਣੀ ਦਾ ਕੇਂਦਰੀ ਪਾਤਰ ਵਿਦੇਸ਼ ਜਾਣ ਲਈ ਰਮਨ ਨਾਲ ਵਿਆਹ ਕਰਵਾਉਂਦਾ ਹੈ, ਪਰ ਉਸ ਨੇ ਸਿਰਫ਼ ਵਿਦੇਸ਼ ਜਾਣ ਲਈ ਹੀ ਵਿਆਹ ਕਰਵਾਇਆ ਹੁੰਦਾ ਹੈ, ਜਿਸ ਕਰਕੇ ਤਲਾਕ ਹੋ ਜਾਂਦਾ ਹੈ, ਫਿਰ ਤਲਾਕਸ਼ੁਦਾ ਤੇ ਦੋ ਬੱਚਿਆਂ ਦੀ ਮਾਂ ਮੈਵੀ ਨਾਲ ਵਿਆਹ ਕਰਵਾ ਕੇ ਉਹ ਵਿਦੇਸ਼ ਪਹੁੰਚ ਜਾਂਦਾ ਹੈ, ਪਰ ਉਹ ਅਜੇਹੇ ਰਿਸ਼ਤਿਆਂ ਤੋਂ ਬੇਜ਼ਾਰ ਹੋ ਕੇ 'ਯੂ ਟਰਨ' ਲੈਂਦਾ ਹੈ। 'ਹੁਣ ਮੈਂ ਸੁਰਖਰੂ ਹਾਂ' ਕਹਾਣੀ ਵਿਚ ਵਿਦੇਸ਼ਾਂ ਵਿਚ ਰਹਿ ਰਹੇ ਬਜ਼ੁਰਗ ਦੀ ਦੁਰਦਸ਼ਾ ਨੂੰ ਪੇਸ਼ ਕੀਤਾ ਗਿਆ ਹੈ। ਜਾਇਦਾਦ ਲਾਲਚ ਇਸ ਦੁਰਦਸ਼ਾ 'ਚ ਹੋਰ ਵਾਧਾ ਕਰਦਾ ਹੈ। 'ਰੌਂਗ ਨੰਬਰ' ਉਨ੍ਹਾਂ ਮਾਪਿਆਂ ਦੀ ਔਲਾਦ ਦੀ ਕਹਾਣੀ ਹੈ ਜੋ ਪੈਸਾ ਕਮਾਉਣ ਦੇ ਚੱਕਰ ਵਿਚ ਔਲਾਦ ਨੂੰ ਅੱਖੋਂ ਪਰੋਖੇ ਕਰਦੇ ਹਨ। 'ਕਾਂਗਿਆਰੀ' ਵੀ ਵਿਦੇਸ਼ ਜਾਣ ਦੀ ਲਾਲਸਾ ਕਰਕੇ ਪਿੱਛੇ ਦੇਸ਼ ਵਿਚ ਇਕੱਲੀ ਰਹਿ ਗਈ। ਪਤਨੀ/ਮਾਂ ਦੀ ਵੇਦਨਾ ਨੂੰ ਪ੍ਰਗਟਾਉਂਦੀ ਹੈ। ਇਕੱਲਤਾ ਤੇ ਰਿਸ਼ਤਿਆਂ ਦੀ ਬੇ-ਰੁਖੀ ਇਸ ਵੇਦਨਾ ਨੂੰ ਸਿਖਰ ਤੇ ਪੁਚਾਉਂਦੇ ਹਨ, ਪਰ ਇੱਥੋਂ ਦੇ ਇਨਸਾਨੀ ਰਿਸ਼ਤਿਆਂ ਦਾ ਨਿੱਘ ਇਨਸਾਨੀਅਤ ਵਿਚ ਵਿਸ਼ਵਾਸ ਨੂੰ ਬਣਾਈ ਰੱਖਦਾ ਹੈ।

'ਧੁਆਂਖੀ ਕਿਰਨ' ਔਰਤ ਦੀ ਮਮਤਾ ਦੀ ਕਹਾਣੀ ਹੈ, ਜੋ ਔਲਾਦ ਦੀ ਖ਼ਾਤਰ ਹਰ ਸਮਝੌਤਾ ਕਰਦੀ ਹੈ, ਪਰ ਉਹੀ ਔਰਤ ਔਲਾਦ ਲਈ ਕਿਸੇ ਨਾਲ ਵੀ ਟਕਰਾਉਣ ਤੋਂ ਗੁਰੇਜ਼ ਨਹੀਂ ਕਰਦੀ। 'ਕੌਡੀਓਂ ਖੋਟੇ' ਪਿਤਰਕੀ ਸੱਤਾ 'ਤੇ ਵਿਅੰਗ ਤੇ ਔਰਤ ਦੀ ਖ਼ੁਦਦਾਰੀ ਦੀ ਕਹਾਣੀ ਹੈ। 'ਤੜਪ ਅਜੇ ਬਰਕਰਾਰ' ਅਜੋਕੇ ਸਮਿਆਂ ਦੇ ਰਿਸ਼ਤਿਆਂ ਨੂੰ ਬਿਰਧ ਘਰਾਂ ਵਿਚ ਰੁਲਦੇ ਬਜ਼ੁਰਗਾਂ ਰਾਹੀਂ ਉਜਾਗਰ ਕਰਦੀ ਹੈ। ਇਸਦੇ ਨਾਲ ਹੀ ਪੁੱਤਰ ਪ੍ਰਾਪਤੀ ਦੀ ਖ਼ਾਹਿਸ਼ ਤੇ ਫਿਰ ਉਸੇ ਹੀ ਪੁੱਤਰ ਤੋਂ ਜ਼ਲੀਲ ਹੋਣ ਨੂੰ ਵਿਅੰਗਾਤਮਕ ਨਜ਼ਰੀਏ ਤੋਂ ਪੇਸ਼ ਕਰਦੀ ਹੈ। 'ਰਾਖ਼ ਹੋਇਆ ਪਰਬਤ' ਅੰਤਰਜਾਤੀ ਵਿਆਹ, ਪਿਤਰਕੀ ਤੇ ਜਾਗੀਰਦਾਰੀ ਮਾਨਸਿਕਤਾ ਦੇ ਟਕਰਾਅ ਦੀ ਕਹਾਣੀ ਹੈ। ਅਜੇਹਾ ਕਰਕੇ ਇਕ ਵਾਰ ਤਾਂ ਔਰਤ ਨੂੰ ਲੱਗਦਾ ਹੈ ਕਿ ਜਿਵੇਂ ਉਸ ਨੇ ਹਰ ਸਥਾਪਤੀ ਨੂੰ ਹਰਾ ਦਿੱਤਾ ਹੋਵੇ ਪਰ ਇਹ ਪਿਤਰਕੀ ਤੇ ਜਾਗੀਰੂ ਸੱਤਾ ਰੂਪ ਬਦਲ ਕੇ ਔਲਾਦ ਦੇ ਰੂਪ ਵਿਚ ਫਿਰ ਔਰਤ ਸਾਹਮਣੇ ਆਣ ਖੜੀ ਹੁੰਦੀ ਹੈ ਤੇ ਉਹ ਜਿੱਤ ਹਾਰ ਵਿਚ ਬਦਲ ਗਈ ਪ੍ਰਤੀਤ ਹੁੰਦੀ ਹੈ। 'ਨਜ਼ਰੀਆ ਤੇਰੀ ਮੁਹੱਬਤ ਦਾ' ਅਜੋਕੀ ਮੁਹੱਬਤ ਤੇ ਵਿਅੰਗ ਹੈ। 'ਸੂਰਜ ਦਾ ਛਪਾਅ' ਇਕ ਦੁਖਾਂਤਰ ਕਹਾਣੀ ਹੈ, ਜੋ ਔਲਾਦ ਦੀ ਖ਼ਾਹਿਸ਼ ਨੂੰ ਲੜਕੀ ਨਾਲ ਜੋੜ ਕੇ ਨਵੇਂ ਅਰਥ ਸਿਰਜਦੀ ਹੈ।

ਪਵਿੱਤਰ ਕੌਰ ਮਾਟੀ ਦੀ ਇਹ ਪੁਸਤਕ ਵਿਭਿੰਨ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦੀ ਹੈ, ਪਰ ਕਿਤੇ-ਕਿਤੇ ਵਿਸ਼ੇ ਦੇ ਨਿਭਾਅ ਪ੍ਰਤੀ ਹੋਰ ਸੁਚੇਤ ਹੋਣ ਦੀ ਜ਼ਰੂਰਤ ਹੈ।

**-ਕੁਲਵੰਤ ਸਿੰਘ ਸੰਧੂ**

# ਮਨਮੋਹਨ ਦਾ ਨਵਾਂ ਨਾਵਲ




## ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਪੰਨੇ 319**

**ਮੁੱਲ 475/- (ਸਜਿਲਦ) 375/- (ਪੇਪਰ ਬੈਕ)**

**ਸੰਪਰਕ: 98762-07774, 98152-98459**